ਸ਼ੁੱਕਰਵਾਰ, 5 ਸਤੰਬਰ, 2025
21 ਭਾਦੋਂ { ਨਾਨਕਸ਼ਾਹੀ 557, ਬਿਕਰਮੀ 2082 }
ਜਿਲਦ/VOL. : 74
ਅੰਕ/NO. : 95

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 5 SEPTEMBER, 2025
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕੇਂਦਰ ਵੱਲੋਂ ਪੰਜਾਬ ਦੀ ਮਦਦ 'ਚ ਝਿਜਕ ਕਿਉਂ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਤਾਲਿਬਾਨ ਸ਼ਾਸਿਤ ਅਫਗਾਨਿਸਤਾਨ ਨੂੰ ਜਿਸ ਤਰ੍ਹਾਂ ਮਨੁੱਖੀ ਭਾਵਨਾ ਤਹਿਤ ਸਹਾਇਤਾ ਭੇਜ ਰਹੀ ਹੈ, ਉਸੇ ਤਰ੍ਹਾਂ ਪੰਜਾਬ ਪ੍ਰਤੀ ਵੀ ਸੰਵੇਦਨਸ਼ੀਲਤਾ ਦਿਖਾਵੇ। ਉਨ੍ਹਾ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਅਫਗਾਨਿਸਤਾਨ ਨੂੰ ਤਾਂ ਤੁਰੰਤ ਰਾਹਤ ਸਮੱਗਰੀ ਭੇਜੀ ਗਈ, ਪਰ ਹੜ੍ਹਾਂ ਨਾਲ ਪ੍ਰਭਾਵਤ ਪੰਜਾਬ ਨੂੰ ਵਿੱਤੀ ਅਤੇ ਮਾਨਵਤਾਵਾਦੀ ਸਹਾਇਤਾ ਦੇਣ ਵਿੱਚ ਦੇਰੀ ਕਿਉਂ ਹੋ ਰਹੀ ਹੈ।



ਵਿੱਤ ਮੰਤਰੀ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ, ਜਿਸ ਨੇ ਲਗਾਤਾਰ ਦੇਸ਼ ਦੀ ਅਨਾਜ ਸੁਰੱਖਿਆ ਅਤੇ ਆਰਥਿਕ ਤਾਕਤ ਵਿੱਚ ਯੋਗਦਾਨ ਪਾਇਆ ਹੈ, ਨੂੰ ਮੁਸ਼ਕਲ ਦੀ ਘੜੀ ਵਿੱਚ ਤੁਰੰਤ ਅਤੇ ਢੁਕਵੀਂ ਸਹਾਇਤਾ ਮਿਲਣੀ ਚਾਹੀਦੀ ਹੈ। ਉਨ੍ਹਾ ਸਵਾਲ ਕੀਤਾ ਕਿ ਜੇਕਰ ਮਨੁੱਖੀ ਸਹਾਇਤਾ ਸਰਹੱਦਾਂ ਤੋਂ ਪਾਰ ਭੇਜੀ ਜਾ ਸਕਦੀ ਹੈ, ਤਾਂ ਫਿਰ ਆਪਣੇ ਹੀ ਲੋਕਾਂ ਦੀ ਅਜਿਹੀ ਮਦਦ ਕਰਨ ਵਿੱਚ ਝਿਜਕ ਕਿਉਂ?

ਉਹਨਾ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਹੜ੍ਹ ਪ੍ਰਭਾਵਤ ਨਾਗਰਿਕਾਂ ਦੀ ਭਲਾਈ ਨੂੰ ਪਹਿਲ ਦੇਵੇ ਅਤੇ ਰਾਹਤ ਪੈਕੇਜ, ਬੁਨਿਆਦੀ ਢਾਂਚੇ ਦੀ ਸਹਾਇਤਾ ਅਤੇ • ਬਾਕੀ ਸਫਾ 2 'ਤੇ

## 1700 ਗਜ਼ਟਿਡ ਅਫਸਰ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਬਚਾਅ ਤੇ ਰਾਹਤ ਕਾਰਜਾਂ ਦੀ ਨਿਗਰਾਨੀ ਕਰਨਗੇ : ਭਗਵੰਤ ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਬਚਾਅ ਤੇ ਰਾਹਤ ਕਾਰਜਾਂ ਦੀ ਨਿਗਰਾਨੀ ਹੋਰ ਅਸਰਦਾਰ ਢੰਗ ਨਾਲ ਕਰਨ ਲਈ ਵੱਡਾ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਇਨ੍ਹਾਂ ਕਾਰਜਾਂ ਦੀ ਨਿਗਰਾਨੀ ਲਈ ਹਰੇਕ ਪ੍ਰਭਾਵਿਤ ਪਿੰਡ ਵਿੱਚ ਗਜ਼ਟਿਡ ਅਫਸਰ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਪਿੰਡ ਵਿੱਚ ਤਾਇਨਾਤ ਕੀਤੇ ਜਾਣ ਵਾਲੇ ਗਜ਼ਟਿਡ ਅਧਿਕਾਰੀ ਸੂਬੇ ਵਿੱਚ ਪਿੰਡ ਵਾਸੀਆਂ ਅਤੇ ਪ੍ਰਸ਼ਾਸਨ ਦਰਮਿਆਨ ਸਿੱਧਾ ਰਾਬਤਾ ਕਾਇਮ ਰੱਖਣ ਨੂੰ ਯਕੀਨੀ ਬਣਾਉਣਗੇ।ਉਨ੍ਹਾਂ ਕਿਹਾ ਕਿ ਇਸ ਨਾਲ ਕੁਦਰਤੀ ਆਫਤ ਦਾ ਸਾਹਮਣਾ ਕਰ ਰਹੇ ਲੋਕ ਅਧਿਕਾਰੀ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਸਕਣਗੇ ਜਿਸ ਨਾਲ ਹਰ ਸਮੱਸਿਆ ਦਾ • ਬਾਕੀ ਸਫਾ 2 'ਤੇ

## ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਹੜ੍ਹ ਪੀੜਤ ਖੇਤਰਾਂ ਦਾ ਦੌਰਾ

### ਕਿਸਾਨਾਂ ਨੂੰ ਪ੍ਰਤੀ ਏਕੜ ਇੱਕ ਲੱਖ ਤੇ ਮਜ਼ਦੂਰਾਂ ਨੂੰ 30 ਹਜ਼ਾਰ ਪ੍ਰਤੀ ਪਰਵਾਰ ਦਿੱਤੇ ਜਾਣ : ਦੇਵੀ ਕੁਮਾਰੀ

**ਤਰਨ ਤਾਰਨ (ਗਿਆਨ ਸੈਦਪੁਰੀ)**
ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਅਤੇ ਹੋਰ ਅਹੁਦੇਦਾਰਾਂ ਵੱਲੋਂ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਦੱਸਿਆ ਗਿਆ ਕਿ ਪਿੰਡ ਜੱਲੋਕੇ ਅਤੇ ਕੋਟ ਬੁੱਢਾ ਬੁਰੀ ਤਰ੍ਹਾਂ ਹੜ੍ਹ ਦੇ ਪਾਣੀ ਵਿੱਚ ਘਿਰੇ ਹੋਏ ਹਨ। ਹੜ੍ਹ ਦੇ ਪਾਣੀ ਦੀ ਮਾਰ ਏਨੀ ਤੇਜ਼ ਸੀ ਕਿ ਬਹੁਤੇ ਲੋਕਾਂ ਨੂੰ ਘਰਾਂ ਦਾ ਸਾਮਾਨ ਚੁੱਕ ਕੇ ਸੁਰੱਖਿਅਤ ਥਾਵਾਂ 'ਤੇ ਲਿਜਾਣ ਦਾ ਮੌਕਾ ਹੀ ਨਾ ਮਿਲ ਸਕਿਆ।


ਪਿੰਡ ਜੱਲੋਕੇ ਦੇ ਤੰਬੂ ਲਾ ਕੇ ਬੈਠੇ ਇੱਕ ਪਰਵਾਰ ਨਾਲ ਮਜ਼ਦੂਰ ਆਗੂ।

ਬੇੜੀ ਦਾ ਪ੍ਰਬੰਧ ਨਾ ਹੋਣ ਕਰਕੇ ਲੋਕ ਟਿਊਬਾਂ 'ਤੇ ਚੜ੍ਹ ਕੇ ਪਾਣੀ ਤੋਂ ਬਾਹਰ ਆਏ। ਛੋਟੇ-ਛੋਟੇ ਬੱਚੇ ਵਿਲਕਦੇ ਦੇਖ ਕੇ ਹਰ ਸੰਵੇਦਨਸ਼ੀਲ ਬੰਦੇ ਦਾ ਮਨ ਪਸੀਜ ਜਾਂਦਾ ਹੈ। ਪੰਜਾਬ ਖੇਤ ਮਜ਼ਦੂਰ ਸਭਾ ਦੀ ਟੀਮ ਪਿੰਡ ਕੋਟ ਬੁੱਢਾ ਦੀਆਂ ਬਹਿਕਾਂ 'ਤੇ ਵੀ ਪਹੁੰਚੀ। ਇੱਥੇ ਵੀ ਹਾਲਾਤ ਤਰਸਯੋਗ ਹਨ। ਦੌਰੇ ਦੌਰਾਨ ਜਿਹੜੀ ਗੱਲ ਮਨ • ਬਾਕੀ ਸਫਾ 2 'ਤੇ

## ਧਾਲੀਵਾਲ ਵੱਲੋਂ 2 ਹਜ਼ਾਰ ਕਰੋੜ ਫੌਰੀ ਦੇਣ ਦੀ ਮੰਗ

**ਅੰਮ੍ਰਿਤਸਰ/ਅਜਨਾਲਾ/ਚੇਤਨਪੁਰਾ (ਜਸਬੀਰ ਸਿੰਘ ਪੱਟੀ, ਨਰਿੰਦਰਜੀਤ ਸਿੰਘ, ਸੁਖਤਿੰਦਰ ਸਿੰਘ, ਸੁਖਵੰਤ ਚੇਤਨਪੁਰੀ)**
ਪਿਛਲੇ 9 ਦਿਨਾਂ ਤੋਂ ਹਲਕਾ ਅਜਨਾਲਾ 'ਚ ਰਾਵੀ ਦਰਿਆ ਦੇ ਭਿਆਨਕ ਹੜ੍ਹਾਂ ਦੀ ਮਾਰ ਝੱਲ ਰਹੇ ਹੜ੍ਹ ਪੀੜਤਾਂ ਦੀ ਸਾਰ-ਸੁੱਧ ਲੈਣ ਅਤੇ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਲਈ ਬੁਰੀ ਤਰ੍ਹਾਂ ਝੰਬੇ ਪਿੰਡ ਘੋਹਨੇਵਾਲਾ ਵਿਖੇ ਵੀਰਵਾਰ ਕੇਂਦਰੀ ਖੇਤੀ ਤੇ ਕਿਸਾਨ ਭਲਾਈ ਮੰਤਰੀ ਸ਼ਿਵ ਰਾਜ ਚੌਹਾਨ ਉਚੇਚੇ ਤੌਰ 'ਤੇ ਪੁੱਜੇ, ਜਿੱਥੇ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਪੰਜਾਬ ਸਰਕਾਰ ਦੇ ਮੰਤਰੀਆਂ, ਸਾਬਕਾ ਮੰਤਰੀਆਂ, ਵਿਧਾਇਕਾਂ, ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਸਮੁੱਚੇ



ਜ਼ਿਲ੍ਹਾ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਹੜ੍ਹ ਪੀੜਤਾਂ ਨੂੰ ਫੌਰੀ ਰਾਹਤ ਪਹੁੰਚਾਉਣ, ਕੀਮਤੀ ਜਾਨਾਂ ਬਚਾਉਣ ਅਤੇ ਪੁਨਰਵਾਸ ਕਾਰਜਾਂ ਲਈ ਕੀਤੀ ਜਾ ਰਹੀ ਲੋੜੀਂਦੀ ਸਹਾਇਤਾ ਦੀਆਂ ਗਰਾਊਂਡ ਜ਼ੀਰੋ ਤੇ ਹਕੀਕਤਾਂ ਸਮੇਤ ਇਸ ਨਾਜ਼ੁਕ ਘੜੀ 'ਚ ਗਵਰਨਰ ਪੰਜਾਬ, ਫੌਜ, ਬੀ ਐੱਸ ਐੱਫ, ਐੱਨ ਡੀ ਆਰ ਐੱਫ, ਹੋਰ ਸਰਕਾਰੀ ਏਜੰਸੀਆਂ ਅਤੇ ਸਮਾਜਿਕ ਤੇ ਧਾਰਮਿਕ ਸੰਗਠਨਾਂ ਵੱਲੋਂ ਰਾਹਤ ਕਾਰਜਾਂ ਲਈ ਨਿਭਾਈ ਜਾ ਰਹੀ ਸੰਤੁਸ਼ਟੀਜਨਕ ਭੂਮਿਕਾ ਤੋਂ ਜਾਣੂੰ ਕਰਵਾਇਆ।ਧਾਲੀਵਾਲ ਨੇ ਕੇਂਦਰੀ ਮੰਤਰੀ ਕੋਲ ਇਨ੍ਹਾਂ ਹੜ੍ਹ ਪੀੜਤਾਂ ਨੂੰ ਜਲਦੀ ਰਾਹਤ ਅਤੇ ਪੁਨਰਵਾਸ ਉਪਾਵਾਂ 'ਚ ਕੇਂਦਰ ਸਰਕਾਰ ਦੇ ਫੌਰੀ ਸਮਰਥਨ ਦੀ ਅਪੀਲ ਕੀਤੀ ਅਤੇ ਦੱਸਿਆ ਕਿ ਰਾਵੀ ਦਰਿਆ ਦਾ ਬਰਸਾਤਾਂ 'ਚ ਫਨੀਅਰ ਸੱਪ ਵਾਂਗੂੰ ਸ਼ੂਕਦਾ ਪਾਣੀ ਲੱਗਭੱਗ ਹਰ ਸਾਲ ਹਲਕਾ ਅਜਨਾਲਾ ਲਈ • ਬਾਕੀ ਸਫਾ 2 'ਤੇ

## ਮਲਾਈ ਛਕ ਗਏ ਮੋਦੀ ਦੇ ਭਤੀਜੇ : ਕਾਂਗਰਸ

**ਨਵੀਂ ਦਿੱਲੀ** : ਕਾਂਗਰਸ ਨੇ ਵੀਰਵਾਰ ਦੋਸ਼ ਲਾਇਆ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਪੁੱਤਰਾਂ ਨੂੰ ਕੇਂਦਰ ਦੀ ਈਥਾਨੌਲ ਨੀਤੀ ਤੋਂ ਅਸਾਧਾਰਨ ਲਾਭ ਮਿਲਿਆ ਹੈ, ਜਦੋਂ ਕਿ ਨਾਗਰਿਕਾਂ ਅਤੇ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਮਿਲੀ। ਪਾਰਟੀ ਨੇ ਇਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਲੇ-ਦੁਆਲੇ ਦੇ ਇੱਕ ਵੱਡੇ 'ਭਤੀਜਾ' ਸੱਭਿਆਚਾਰ ਦਾ ਹਿੱਸਾ ਦੱਸਿਆ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਤਰਜਮਾਨ ਪਵਨ ਖੇੜਾ ਨੇ ਦੱਸਿਆ ਕਿ ਮੋਦੀ ਸਰਕਾਰ ਨਗਰ ਨਿਗਮ ਦੇ ਕੂੜੇ ਅਤੇ ਲੱਕੜ ਦੇ ਬਾਇਓਮਾਸ ਤੋਂ ਈਥਾਨੌਲ ਪੈਦਾ ਕਰਨ ਦੇ ਆਪਣੇ 2014 ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਫਲ • ਬਾਕੀ ਸਫਾ 2 'ਤੇ

## ਕੇਂਦਰ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਵੇ : ਅਰਸ਼ੀ

**ਬੁਢਲਾਡਾ (ਅਸ਼ੋਕ ਲਾਕੜਾ)**
ਹੜ੍ਹ ਰੋਕੂ ਪ੍ਰਬੰਧਾਂ 'ਤੇ ਅਮਲ ਵਿੱਚ ਜ਼ੀਰੋ ਕੰਮ ਹੋਇਆ, ਫਿਰ ਇਸ ਲਈ ਰਾਖਵੀਂ ਰਾਸ਼ੀ ਕਿੱਥੇ ਗਈ? ਹੜ੍ਹਾਂ ਦੇ ਕਾਰਨਾਂ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਈ ਜਾਵੇ, ਪੰਜਾਬ ਦੇ ਸਿੰਚਾਈ ਮੰਤਰੀ ਤੇ ਪ੍ਰਮੁੱਖ ਸਕੱਤਰ ਨੂੰ ਜਾਂਚ ਦੇ ਘੇਰੇ ਵਿੱਚ ਲਿਆਂਦਾ ਜਾਵੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਜ਼ਿਲ੍ਹਾ ਮਾਨਸਾ ਦੇ ਬੁਢਲਾਡਾ ਹਲਕੇ ਦੇ ਚਾਂਦਪੁਰਾ ਬੰਨ੍ਹ ਸਮੇਤ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਨੂੰ ਮਿਲਣ ਉਪਰੰਤ ਕੀਤਾ।



ਕਮਿਊਨਿਸਟ ਆਗੂ ਨੇ ਕਿਹਾ ਕਿ ਮਹਾਨ ਪੰਜਾਬੀ ਆਪਣੀ ਵਿਰਾਸਤ ਤੇ ਰਵਾਇਤਾਂ 'ਤੇ ਪਹਿਰਾ ਦਿੰਦੇ ਹੋਏ ਆਪਣੇ ਹੜ੍ਹ ਪ੍ਰਭਾਵਤ ਭਰਾਵਾਂ ਦੀ ਅੱਗੇ ਹੋ ਕੇ ਬਾਂਹ ਫੜ ਰਹੇ ਹਨ, ਜਦੋਂ ਕਿ ਸਰਕਾਰ ਕਿਤੇ ਨਜ਼ਰ ਨਹੀਂ ਆ ਰਹੀ ਹੈ। ਕਾਮਰੇਡ ਅਰਸ਼ੀ ਨੇ ਮੰਗ ਕੀਤੀ ਕਿ ਬੁਰੀ ਤਰ੍ਹਾਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਪ੍ਰਤੀ • ਬਾਕੀ ਸਫਾ 2 'ਤੇ

## ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਮੁਲਾਜ਼ਮਾਂ ਦਾ ਇੱਕਜੁਟ ਹੋਣਾ ਸਮੇਂ ਦੀ ਲੋੜ : ਜਗਰੂਪ



**ਗਿੱਦੜਬਾਹਾ** : ਬੀਤੇ ਦਿਨੀਂ ਗਿੱਦੜਬਾਹਾ ਅਧੀਨ ਪੈਂਦੇ ਪਿੰਡ ਛੱਤਿਆਣਾ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਕੋਟਭਾਈ ਦੀ ਮੀਟਿੰਗ 21 ਸਤੰਬਰ ਦੀ ਮੁਹਾਲੀ ਰੈਲੀ ਦੀਆਂ ਤਿਆਰੀਆਂ ਸੰਬੰਧੀ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਜਗਰੂਪ ਸਿੰਘ ਅਤੇ ਏ ਆਈ ਐੱਸ ਐੱਫ ਦੇ ਸੂਬਾ ਸਕੱਤਰ ਸੁਖਵਿੰਦਰ ਕੁਮਾਰ ਮਲੋਟ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ 'ਚ ਜ਼ਿਲ੍ਹਾ ਸਕੱਤਰ ਹਰਲਾਭ ਸਿੰਘ, ਬਲਾਕ ਸਕੱਤਰ ਗੁਰਮੇਲ ਸਿੰਘ ਦੋਦਾ, ਸੂਬਾ ਕੌਂਸਲ ਮੈਂਬਰ ਬੋਹੜ ਸਿੰਘ ਸੁਖਨਾ ਵੀ ਹਾਜ਼ਰ ਸਨ। ਮੀਟਿੰਗ ਨੂੰ ਸਫ਼ਲ ਬਣਾਉਣ ਲਈ ਛਤਿਆਣਾ ਦੇ ਸਾਥੀਆਂ ਸੁਰਜੀਤ ਸਿੰਘ, ਗੁਰਬਚਨ ਸਿੰਘ, ਜੀਤ ਸਿੰਘ, ਪ੍ਰਕਾਸ਼ ਸਿੰਘ, ਜੰਟਾ ਸਿੰਘ ਅਤੇ ਸਮੁੱਚੀ ਬ੍ਰਾਂਚ ਵੱਲੋਂ ਪੂਰਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਜਗਰੂਪ ਸਿੰਘ ਅਤੇ ਸੁਖਜਿੰਦਰ ਸਿੰਘ ਮਲੋਟ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਅਜ਼ਾਦੀ ਤੋਂ ਪਹਿਲਾਂ ਕੀਤੀਆਂ ਕੁਰਬਾਨੀਆਂ ਤੇ ਅਜ਼ਾਦੀ ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਸਾਮਰਾਜਵਾਦ ਆਪਣੀ ਭੁੱਖ ਮਿਟਾਉਣ ਲਈ ਦੁਨੀਆ ਭਰ ਵਿੱਚ ਲੋਕਾਂ ਦੇ ਹੱਕਾਂ ਨੂੰ ਖਾ ਰਿਹਾ ਹੈ ਤੇ ਸਰਮਾਇਆ ਪੈਦਾਵਾਰ ਦੇ ਸਾਧਨਾਂ ਉਤੇ ਕਾਬਜ਼ ਹੋ ਕੇ ਲੋਕਾਂ ਨੂੰ ਬੇਰੁਜ਼ਗਾਰ ਕਰ ਰਿਹਾ ਹੈ। ਇਸ ਲਈ ਹੁਣ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, • ਬਾਕੀ ਸਫਾ 2 'ਤੇ

## ਓਡੀਸ਼ਾ 'ਚ 'ਗਊ ਭਗਤਾਂ' ਵੱਲੋਂ ਦਲਿਤ ਦੀ ਲਿੰਚਿੰਗ

**ਭੁਬਨੇਸ਼ਵਰ** : ਓਡੀਸ਼ਾ ਦੇ ਦਿਓਗੜ੍ਹ ਜ਼ਿਲ੍ਹੇ ਵਿੱਚ ਗਊ ਹੱਤਿਆ ਦੇ ਸ਼ੱਕ ਵਿੱਚ 'ਗਊ ਭਗਤਾਂ' ਨੇ 35 ਸਾਲਾ ਦਲਿਤ ਦੀ ਹੱਤਿਆ ਕਰ ਦਿੱਤੀ ਤੇ ਉਸ ਦੇ ਸਾਥੀ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਪੁਲਸ ਥਾਣਾ ਰਿਆਮਲ ਦੇ ਪਿੰਡ ਕੁੰਦੀਜੂੜੀ ਵਿੱਚ ਬੁੱਧਵਾਰ ਵਾਪਰੀ ਇਸ ਘਟਨਾ ਦੇ ਸੰਬੰਧ ਵਿੱਚ ਪੁਲਸ ਨੇ 6 ਵਿਅਕਤੀ ਗ੍ਰਿਫਤਾਰ ਕੀਤੇ ਹਨ। ਮ੍ਰਿਤਕ ਦੀ ਪਛਾਣ ਕਿਸ਼ੋਰ ਚਮਾਰ ਤੇ ਜ਼ਖਮੀ ਦੀ ਗੌਤਮ ਨਾਇਕ ਵਜੋਂ ਹੋਈ ਹੈ। ਗੁਆਂਢੀ ਪਿੰਡ ਕੌਨਸਿੱਧੀਪਾ ਦੇ ਇਹ ਵਿਅਕਤੀ ਪਸ਼ੂਆਂ ਦੀ ਚਮੜੀ ਲਾਹੁਣ ਦਾ ਕੰਮ ਕਰਦੇ ਸਨ। ਪੁਲਸ ਨੇ ਦੱਸਿਆ ਕਿ ਲੋਕਾਂ ਦੇ ਗਰੁੱਪ ਨੇ ਇਨ੍ਹਾਂ ਨੂੰ ਆਪਣੇ ਪਿੰਡ ਨੇੜੇ ਗਊ ਦਾ ਚੰਮ ਲਾਹੁੰਦਿਆਂ ਦੇਖਿਆ। ਉੱਥੇ ਗਊ ਦਾ ਸਿਰ ਵੀ ਪਿਆ ਸੀ।

ਪੀੜਤ ਨੇ ਕਿਹਾ ਵੀ ਕਿ ਉਹ ਆਪਣੀ ਮਰੀ ਗਊ ਦਾ ਚੰਮ ਲਾਹ ਰਹੇ ਹਨ, ਪਰ 'ਗਊ ਭਗਤਾਂ' ਨੇ ਫਿਰ ਵੀ ਹਮਲਾ ਕਰ ਦਿੱਤਾ। ਕਿਸ਼ੋਰ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਨਾਇਕ ਨੇ ਭੱਜ ਕੇ ਜਾਨ ਬਚਾਈ।

## ਪੱਕੀ ਜ਼ਮਾਨਤ ਤੋਂ ਬਾਅਦ ਰਮਨ ਅਰੋੜਾ ਮੁੜ ਗ੍ਰਿਫਤਾਰ

**ਜਲੰਧਰ** : ਭ੍ਰਿਸ਼ਟਾਚਾਰ ਦੇ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਬੁੱਧਵਾਰ ਰੈਗੂਲਰ ਜ਼ਮਾਨਤ ਮਿਲਣ ਦੇ ਇੱਕ ਦਿਨ ਬਾਅਦ ਰਾਮਾ ਮੰਡੀ ਪੁਲਸ ਨੇ ਜਲੰਧਰ ਸੈਂਟਰਲ ਦੇ 'ਆਪ' ਵਿਧਾਇਕ ਰਮਨ ਅਰੋੜਾ ਨੂੰ ਜਬਰੀ ਵਸੂਲੀ ਦੇ ਦੋਸ਼ ਵਿੱਚ ਗ੍ਰਿਫਤਾਰ ਕਰਕੇ ਸਥਾਨਕ ਅਦਾਲਤ ਤੋਂ 3 ਦਿਨ ਦਾ ਰਿਮਾਂਡ ਹਾਸਲ ਕਰ ਲਿਆ। ਪੁਲਸ ਨੇ ਪੁੱਛਗਿੱਛ ਦੀਆਂ ਦਲੀਲਾਂ ਦੇ ਕੇ ਅਰੋੜਾ ਦਾ ਅਦਾਲਤ ਤੋਂ 3 ਦਿਨ ਦਾ ਰਿਮਾਂਡ ਹਾਸਲ ਕਰ ਲਿਆ ਹੈ। ਇਸ ਮਾਮਲੇ ਵਿੱਚ ਪਾਰਕਿੰਗ ਠੇਕੇਦਾਰੀ ਦਾ ਕੰਮ ਕਰਦੇ ਰਮੇਸ਼ ਨੇ ਦੋਸ਼ ਲਗਾਇਆ ਹੈ ਕਿ ਵਿਧਾਇਕ ਨੇ ਉਸ ਨੂੰ ਡਰਾ-ਧਮਕਾ ਕੇ ਵਸੂਲੀ ਕੀਤੀ ਸੀ।

## ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ (ਭਾਰਦਵਾਜ) ਵੱਲੋਂ ਇੱਕ ਲੱਖ ਰੁਪਏ ਦਾ ਹੋਰ ਯੋਗਦਾਨ



**ਬਠਿੰਡਾ** : ਪੰਜਾਬ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ (ਭਾਰਦਵਾਜ) ਦੇ ਸੀਨੀਅਰ ਆਗੂਆਂ ਵਿੱਤ ਸਕੱਤਰ ਪੂਰਨ ਸਿੰਘ ਗੁੰਮਟੀ, ਬਲਜੀਤ ਸਿੰਘ ਭੋਲਾ ਜਨਰਲ ਸਕੱਤਰ, ਮੱਘਰ ਸਿੰਘ ਸਰਪ੍ਰਸਤ, ਅਰੁਣ ਕੁਮਾਰ ਸਰਕਲ ਪ੍ਰਧਾਨ, ਰੁਲਦੂ ਰਾਮ ਸਰਕਲ ਬਠਿੰਡਾ, ਲਛਮਣ ਸਿੰਘ ਮੰਡਲ ਪ੍ਰਧਾਨ ਤੇ ਜਸਵੀਰ ਸਿੰਘ ਮੰਡਲ ਸਕੱਤਰ ਭਗਤਾਂ ਨੇ ਉਚੇਚੇ ਤੌਰ 'ਤੇ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੂੰ ਮਿਲ ਕੇ ਦੂਜੀ ਕਿਸ਼ਤ ਦੇ ਤੌਰ 'ਤੇ ਪਾਰਟੀ ਕਾਂਗਰਸ ਦੇ ਪ੍ਰਬੰਧਾਂ ਲਈ ਇੱਕ ਲੱਖ ਰੁਪਏ ਭੇਟ ਕੀਤੇ।ਉਕਤ ਸਾਥੀਆਂ ਤੇ ਕਾਮਰੇਡ ਕਰਮ ਚੰਦ ਭਾਰਦਵਾਜ ਵੱਲੋਂ ਹੋਰ ਫੰਡ ਇਕੱਠਾ ਕਰਨ ਦਾ ਵਿਸ਼ਵਾਸ ਵੀ ਦਿਵਾਇਆ ਗਿਆ। ਯਾਦ ਰਹੇ ਕਿ ਜਥੇਬੰਦੀ ਵੱਲੋਂ ਸਵਾ ਲੱਖ ਰੁਪਏ ਪਹਿਲਾਂ ਵੀ ਜਮ੍ਹਾਂ ਕਰਵਾਏ ਗਏ ਸਨ। ਉਨ੍ਹਾ 21 ਸਤੰਬਰ ਦੀ ਰੈਲੀ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਭਰੋਸਾ ਵੀ ਦਿੱਤਾ।


## ਅੱਜ-ਨਾਮਾ

ਆਏ ਕੇਂਦਰ ਤੋਂ ਲੀਡਰ ਹਨ ਭਾਜਪਾ ਦੇ,
ਕਾਂਗਰਸ ਆਗੂ ਵੀ ਕੇਂਦਰੀ ਆਏ ਬੇਲੀ।
ਪਾਰਟੀ ਆਪ ਦੇ ਆਗੂ ਕੁਝ ਆਏ ਏਥੇ,
ਹਰ ਕੋਈ ਪੀੜਤਾਂ ਵੱਲ ਆ ਜਾਏ ਬੇਲੀ।
ਅਕਾਲੀ ਲੀਡਰ ਵੀ ਲੋਕਾਂ ਦੇ ਕੋਲ ਜਾਂਦੇ,
ਦਿਲਾਸੇ ਉਨ੍ਹਾਂ ਵੀ ਪਹੁੰਚ ਦਿਲਾਏ ਬੇਲੀ।
ਘੜੀ ਸੰਕਟ ਦੀ ਕੋਈ ਨਹੀਂ ਰਿਹਾ ਪਿੱਛੇ,
ਹਰ ਕੋਈ ਲੋੜੀਂਦਾ ਫਰਜ਼ ਨਿਭਾਏ ਬੇਲੀ।
ਖਾਸੀਅਤ ਸਾਡੀ ਹੈ ਰਹੀ ਪੰਜਾਬੀਆਂ ਦੀ,
ਔਕੜ ਆਈ ਤਾਂ ਨਹੀਂ ਘਬਰਾਈਦਾ ਈ।
ਭਾਈਚਾਰਾ ਹੀ ਦਾਰੂ ਕਈ ਮੁਸ਼ਕਲਾਂ ਦਾ,
ਏਦਾਂ ਈ ਔਕੜਾਂ 'ਤੇ ਕਾਬੂ ਪਾਈਦਾ ਈ।

-ਤੀਸ ਮਾਰ ਖਾਂ

## ਮੋਦੀ ਦੇ ਦੌਰੇ ਤੋਂ ਪਹਿਲਾਂ ਕੁੱਕੀ ਹਾਈਵੇ ਖੋਲ੍ਹਣ ਲਈ ਰਾਜ਼ੀ

**ਨਵੀਂ ਦਿੱਲੀ** : ਕੀ-ਜ਼ੋ ਕੌਂਸਲ (ਕੇ ਜ਼ੈੱਡ ਸੀ) ਨੇ ਵੀਰਵਾਰ ਇੱਕ ਮਹੱਤਵਪੂਰਨ ਫੈਸਲੇ ਵਿੱਚ ਯਾਤਰੀਆਂ ਤੇ ਜ਼ਰੂਰੀ ਵਸਤਾਂ ਦੀ ਸੁਖਾਲੀ ਆਵਾਜਾਈ ਲਈ ਕੌਮੀ ਰਾਜਮਾਰਗ-2 ਖੋਲ੍ਹਣ ਦਾ ਫੈਸਲਾ ਕੀਤਾ। ਨਵੀਂ ਦਿੱਲੀ ਵਿੱਚ ਪਿਛਲੇ ਕੁਝ ਦਿਨਾਂ ਵਿੱਚ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਅਤੇ ਕੇ ਜ਼ੈੱਡ ਸੀ ਦੇ ਵਫਦ ਵਿਚਕਾਰ ਹੋਈਆਂ ਮੀਟਿੰਗਾਂ ਦੀ ਲੜੀ ਤੋਂ ਬਾਅਦ ਇਹ ਫੈਸਲਾ ਆਇਆ ਹੈ। ਇਸ ਵਿੱਚ 3 ਸਤੰਬਰ ਨੂੰ ਹੋਈ ਮੀਟਿੰਗ ਵੀ ਸ਼ਾਮਲ ਹੈ। ਇਹ ਮੀਟਿੰਗਾਂ ਇਸ ਸਾਲ ਜੂਨ ਤੋਂ ਹੋ ਰਹੀਆਂ ਸਨ, ਜਦੋਂ ਕੇਂਦਰ ਨੇ ਮੁਸੀਬਤ ਵਿੱਚ ਘਿਰੇ ਸੂਬੇ ਵਿੱਚ ਸ਼ਾਂਤੀ ਬਹਾਲ ਕਰਨ ਦੇ ਹਿੱਸੇ ਵਜੋਂ ਕੁੱਕੀ ਅਤੇ ਮੈਤੇਈ ਸਮੂਹਾਂ ਨਾਲ ਗੱਲਬਾਤ ਮੁੜ ਸ਼ੁਰੂ ਕੀਤੀ ਸੀ। ਇਹ ਫੈਸਲਾ ਅਜਿਹੇ ਮੌਕੇ ਕੀਤਾ ਗਿਆ ਹੈ, ਜਦੋਂ ਇਸ ਮਹੀਨੇ ਦੇ ਅੰਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨੀਪੁਰ ਦੌਰੇ ਨੂੰ ਲੈ ਕੇ ਕਿਆਸ ਲਾਏ ਜਾ ਰਹੇ ਹਨ।



5-SEP-PAGE-1.qxd 9/4/2025 10:46 PM Page 2



# ਚੇਅਰਮੈਨ ਨੇ ਮੁੱਖ ਮੰਤਰੀ ਰਾਹਤ ਫੰਡ 'ਚ ਪਾਇਆ ਯੋਗਦਾਨ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਰਕਾਰ ਦੁਆਰਾ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਕੀਤੀ ਅਪੀਲ ਤੋਂ ਪ੍ਰਭਾਵਿਤ ਹੋ ਕੇ ਵਿਅਕਤੀ ਨੂੰ ਆਪਣਾ ਯੋਗਦਾਨ ਪਾਉਣ ਲਈ ਸੰਦੇਸ਼ ਦਿੱਤਾ ਗਿਆ ਹੈ, ਜਿਸ ਤਹਿਤ ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਸ੍ਰੀ ਦੇਵਰਾਜ ਸ਼ਰਮਾ ਵੱਲੋਂ ਆਪਣੀ ਕਿਰਤ ਕਮਾਈ ਵਿੱਚੋਂ 5 ਹਜ਼ਾਰ ਰੁਪਏ ਮੁੱਖ ਮੰਤਰੀ ਰਾਹਤ ਫੰਡ ਵਿੱਚ ਯੋਗਦਾਨ ਪਾਇਆ ਗਿਆ। ਇਸ ਸਬੰਧੀ ਚੇਅਰਮੈਨ ਦੇਵ ਰਾਜ ਸ਼ਰਮਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਸੂਬਾ ਹੜ੍ਹਾਂ ਨਾਲ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ 1400 ਤੋਂ ਵੱਧ ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਹਨ ਅਤੇ ਕਿਸਾਨਾਂ ਦੀ ਜਿੱਥੇ ਫਸਲਾਂ ਪ੍ਰਭਾਵਿਤ ਹੋ ਗਏ ਹਨ, ਉੱਥੇ ਪਾਣੀ ਪਿੰਡਾਂ ਵਿੱਚ ਆਉਣ ਕਾਰਨ ਲੋਕ ਬੇਘਰ ਹੋ ਗਏ ਹਨ। ਇਨ੍ਹਾਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਰੱਖਿਆ ਗਿਆ ਹੈ ਅਤੇ ਰਾਹਤ ਕੈਂਪ ਵੀ ਸਥਾਪਤ ਕੀਤੇ ਗਏ ਹਨ। ਇਨ੍ਹਾਂ ਪੀੜਤ ਲੋਕਾਂ ਨੂੰ ਰਾਸ਼ਨ ਤੇ ਪਸ਼ੂਆਂ ਲਈ ਚਾਰਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਵੱਧ ਤੋਂ ਵੱਧ ਆਪਣੀ ਕਿਰਤ ਕਮਾਈ ਵਿੱਚੋਂ ਮਦਦ ਕਰਨ ਦੀ ਅਪੀਲ ਕੀਤੀ ਤਾਂ ਜੋ ਪੀੜਤ ਲੋਕਾਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ।

# ਚੇਅਰਮੈਨ ਬਰਸਟ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ ਲਈ ਰਾਹਤ ਸਮੱਗਰੀ ਦਾ ਟਰੱਕ ਰਵਾਨਾ

**ਸਮਾਣਾ (ਇਕਬਾਲ ਸਿੰਘ ਬੱਲ)**

ਪੰਜਾਬ ਵਿੱਚ ਹੜ੍ਹ ਦੀ ਮਾਰ ਹੇਠ ਆਏ ਜ਼ਿਲ੍ਹਾ ਪਠਾਨਕੋਟ ਦੇ ਹਲਕਾ ਸੁਜਾਨਪੁਰ ਦੇ ਹੜ੍ਹ ਪੀੜਤਾਂ ਲਈ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਆੜ੍ਹਤੀ ਐਸੋਸੀਏਸ਼ਨ ਪਟਿਆਲਾ ਦੇ ਸਹਿਯੋਗ ਨਾਲ ਅੱਜ ਰਾਹਤ ਸਮੱਗਰੀ ਦਾ ਟਰੱਕ ਰਵਾਨਾ ਕੀਤਾ ਗਿਆ ਹੈ।



ਇਸ ਦੌਰਾਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਲਗਾਤਾਰ ਕਾਰਜਸ਼ੀਲ ਹੈ। ਇਸ ਔਖੀ ਘੜੀ ਵਿੱਚ ਲੋਕਾਂ ਦੀ ਸਹਾਇਤਾ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਉਨ੍ਹਾਂ ਲੋਕਾਂ ਨੂੰ ਸਥਾਨਕ ਅਧਿਕਾਰੀਆਂ ਤੇ ਰਾਹਤ ਟੀਮਾਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਇਸ ਔਖੀ ਘੜੀ ਦਾ ਡੱਟ ਕੇ ਸਾਹਮਣਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇ ਸਭ ਸਾਡੇ ਲੋਕਾਂ ਦੇ ਉਨ੍ਹਾਂ ਦੇ ਜੀਵਨ ਨਿਰਬਾਹ ਦੇ ਵਾਂ ਦੀ ਰੱਖਿਆ ਕਰਨਾ ਸਾਡੀ ਸਮੂਹਕ ਜ਼ਿੰਮੇਵਾਰੀ ਹੈ ਅਤੇ ਇਹ ਰਾਹਤ ਕਰਨ, ਉਮੀਦ ਤੇ ਸਥਿਰਤਾ ਨੂੰ ਬਹਾਲ ਕਰਨ ਵੱਲ ਇੱਕ ਕਦਮ ਹੈ। ਸ. ਬਰਸਟ ਨੇ ਸਮਾਜ ਸੇਵੀ ਸੰਸਥਾਵਾਂ, ਗੈਰ-ਸਰਕਾਰੀ ਸੰਗਠਨਾਂ ਤੇ ਜਨਤਾ ਨੂੰ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਤੇ ਨਵੀਂ ਅਨਾਜ ਮੰਡੀ ਪਟਿਆਲਾ ਦੇ ਪ੍ਰਧਾਨ ਰਿੰਕੀ. ਸਤਵਿੰਦਰ ਸਿੰਘ ਸੈਣੀ, ਹਰਿੰਦਰ ਸਿੰਘ ਧਬਲਾਨ, ਡੀ.ਐਮ.ਓ. ਮਨਦੀਪ ਸਿੰਘ, ਮਾਰਕੀਟ ਕਮੇਟੀ ਪਟਿਆਲਾ ਦੇ ਸਕੱਤਰ ਅਸ਼ਵਨੀ ਮਹਿਤਾ, ਵਿਜੇਪਾਲ ਸਿੰਘ, ਨਰੇਸ਼ ਮਿੱਤਲ ਭੋਲਾ, ਚਰਨ ਦਾਸ ਗੋਇਲ, ਖਰਦਮਣ ਰਾਏ ਗੁਪਤਾ, ਹਰਦੇਵ ਸਿੰਘ ਅਨੰਦਪੁਰ ਕੇਸ਼ੋ, ਦਰਬਾਰਾ ਸਿੰਘ ਜਾਲਾ, ਵਿਸ਼ਵ ਗੋਇਲ ਕਾਕੂ, ਸੋਹਨ ਲਾਲ ਕਾਂਸਲ, ਕਰਮ ਚੰਦ ਬਾਂਸਲ, ਦੀਪਕ ਬਾਂਸਲ ਡਕਾਲਾ, ਰਣਧੀਰ ਸਿੰਘ ਨਲੀਨਾ, ਦਵਿੰਦਰ ਕੁਮਾਰ ਬੱਗਾ, ਹਰਦੀਪ ਸਿੰਘ ਸ਼ੇਰੂ ਸਰਪ੍ਰਸਤ ਸਮੇਤ ਹੋਰ ਲੋਕ ਮੌਜੂਦ ਰਹੇ।

# ਗ੍ਰਾਮ ਪੰਚਾਇਤ ਨੇ ਲੋੜਵੰਦ ਲੋਕਾਂ ਨੂੰ ਤਰਪਾਲਾਂ ਵੰਡੀਆਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿਛਲੇ ਕਈ ਦਿਨ੍ਹਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਵੱਲੋਂ ਮੀਂਹ ਦੇ ਪਾਣੀ ਕਾਰਨ ਚੋਂਦੀਆਂ ਛੱਤਾਂ ਤੇ ਅੰਦਰ ਪਿਆ ਸਾਜ਼ੋ ਸਾਮਾਨ ਬਚਾਉਣ ਲਈ ਪਲਾਸਟਿਕ ਦੇ ਕਾਗਜ਼ ਤੇ ਤਰਪਾਲਾਂ ਦੀ ਖਰੀਦ ਤੇਜ਼ੀ ਨਾਲ ਕੀਤੀ ਜਾ ਰਹੀ ਹੈ, ਜਿਸ ਕਾਰਨ 100 ਰੁਪਏ ਪ੍ਰਤੀ ਕਿੱਲੋ ਵਿਕਣ ਵਾਲਾ ਕਾਗਜ਼/ਤਰਪਾਲ ਦਾ ਰੇਟ 180 ਰੁਪਏ ਪ੍ਰਤੀ ਕਿੱਲੋ ਤੱਕ ਪਹੁੰਚ ਚੁੱਕਾ ਹੈ। ਗਰੀਬ ਲੋਕ ਇਸ ਕਠਿਨ ਸਮੇਂ 'ਚ ਤਰਪਾਲਾਂ ਖ੍ਰੀਦਣ ਤੋਂ ਵੀ ਬੇਵੱਸ ਨਜ਼ਰ ਆ ਰਹੇ ਹਨ। ਅਜਿਹੇ ਹਾਲਾਤਾਂ 'ਚ ਲੋਕਾਂ ਨੂੰ ਰਾਹਤ ਦੇਣ ਲਈ ਗ੍ਰਾਮ ਪੰਚਾਇਤ ਮਹਿਲ ਕਲਾਂ ਨੇ ਪਹਿਲ ਕਦਮੀ ਕਰਦਿਆਂ ਲੋੜਵੰਦ ਲੋਕਾਂ ਨੂੰ 500 ਦੇ ਕਰੀਬ ਤਰਪਾਲਾਂ ਮੁਫ਼ਤ ਵੰਡਣ ਦਾ ਟੀਚਾ ਮਿਥਿਆ ਹੈ। ਇਸ 'ਚੋਂ 300 ਦੇ ਕਰੀਬ ਲੋੜਵੰਦਾਂ ਨੂੰ ਕਾਗਜ਼/ਤਰਪਾਲਾਂ ਵੰਡੀਆਂ ਜਾ ਚੁੱਕੀਆਂ ਹਨ। ਸਰਪੰਚ ਕਿਰਨਾ ਰਾਣੀ ਨੇ ਕਿਹਾ ਕਿ ਉਨ੍ਹਾਂ ਦਾ ਪਿੰਡ ਹੀ ਉਨ੍ਹਾਂ ਦਾ ਪਰਿਵਾਰ ਹੈ ਤੇ ਕਿਸੇ ਨੂੰ ਵੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਵੱਖ-ਵੱਖ ਵਾਰਡਾਂ ਦੇ ਪੰਚਾਇਤ ਮੈਂਬਰਾਂ ਤੋਂ ਲੋੜਵੰਦ ਲੋਕਾਂ ਦੀਆਂ ਲਿਸਟਾਂ ਮੰਗਵਾ ਕੇ ਘਰ-ਘਰ ਤਰਪਾਲਾਂ ਭੇਜ ਦਿੱਤੀਆਂ ਗਈਆਂ ਹਨ।



ਇਸ ਸਮੇਂ ਨੌਜਵਾਨ ਆਗੂ ਅਰੁਣ ਕੁਮਾਰ ਬਾਂਸਲ, ਪੰਚ ਮਨਜੀਤ ਸਿੰਘ, ਪੰਚ ਮੱਖਣ ਸਿੰਘ, ਪੰਚ ਰਾਜੂ ਸਿੰਘ, ਪੰਚ ਸੰਦੀਪ ਕੌਰ, ਪੰਚ ਕੁਲਵਿੰਦਰ ਕੌਰ ਢੀਂਡਸਾ, ਪੰਚ ਬਲਜੀਤ ਕੌਰ, ਪੰਚ ਹਰਦੀਪ ਸਿੰਘ ਉੱਪਲ, ਪੰਚ ਦਰਸ਼ਨ ਸਿੰਘ ਭੱਠਲ ਆਦਿ ਹਾਜ਼ਰ ਸਨ। ਗ੍ਰਾਮ ਪੰਚਾਇਤ ਮਹਿਲ ਕਲਾਂ ਵੱਲੋਂ ਕੀਤੇ ਇਸ ਉਪਰਾਲੇ ਕਾਰਨ ਸਥਾਨਕ ਲੋਕਾਂ ਨੇ ਰਾਹਤ ਮਹਿਸੂਸ ਕੀਤੀ ਹੈ। ਲੋਕਾਂ ਵੱਲੋਂ ਇਸ ਕਾਰਜ ਦੀ ਪ੍ਰਸੰਸਾ ਕੀਤੀ ਜਾ ਰਹੀ ਹੈ। ਸਥਾਨਕ ਕਸਬੇ ਅੰਦਰ ਡਿਪਟੀ ਕਮਿਸ਼ਨਰ ਬਰਨਾਲਾ ਵੱਲੋਂ ਜਮਾਂਖੋਰੀ/ਕਾਲਾਬਜ਼ਾਰੀ ਸਬੰਧੀ ਜਾਰੀ ਦਿਸ਼ਾ ਨਿਰਦੇਸ਼ ਬਿਲਕੁਲ ਬੇਅਸਰ ਦਿਖਾਈ ਦਿੱਤੇ, ਕਿਸੇ ਵੀ ਪ੍ਰਸ਼ਾਸਨਕ ਅਧਿਕਾਰੀ ਵੱਲੋਂ ਲੋਕਾਂ ਦੀ ਕੁਝ ਦੁਕਾਨਾਂ 'ਤੇ ਹੋ ਰਹੀ ਲੁੱਟ ਨੂੰ ਰੋਕਣ ਦਾ ਯਤਨ ਨਹੀਂ ਕੀਤਾ ਗਿਆ।

ਸਥਾਨਕ ਕਸਬੇ ਅੰਦਰ ਮਹਿੰਗੇ ਭਾਅ 'ਤੇ ਤਰਪਾਲਾਂ/ਕਾਗਜ਼ ਵੇਚ ਰਹੇ ਇਕ ਦੁਕਾਨਦਾਰ ਨੂੰ ਜਦੋਂ ਪੱਤਰਕਾਰਾਂ ਨੇ ਇਕ ਦਮ ਵਧਾਏ ਰੇਟ ਸਬੰਧੀ ਸੁਆਲ ਕੀਤਾ ਤਾਂ ਉਸ ਦਾ ਜਵਾਬ ਸੀ ਕਿ ਅਸੀਂ ਕਿਹੜਾ ਕਿਸੇ ਨੂੰ ਘਰੋਂ ਬੁਲਾ ਕੇ ਲਿਆਉਨੇ ਆਂ, ਲੋਕ ਆਪਣੇ ਆਪ ਆ ਕੇ ਇਸ ਰੇਟ 'ਤੇ ਤਰਪਾਲਾਂ, ਕਾਗਜ਼ ਖਰੀਦ ਰਹੇ ਹਨ।

# ਸਰਕਾਰੀ ਸਕੂਲ ਹਿੰਮਤਪੁਰਾ ਦੇ ਸਟਾਫ ਵੱਲੋਂ ਦੋ ਪਰਵਾਰਾਂ ਦੀ ਵਿੱਤੀ ਮਦਦ



**ਬੱਧਨੀ ਕਲਾਂ (ਲਵਲੀ ਮਾਛੀਕੇ)**-ਪਿਛਲੇ 3 ਹਫ਼ਤਿਆਂ ਤੋਂ ਲਗਾਤਾਰ ਭਾਰੀ ਬਾਰਸ਼ ਹੋਣ ਕਾਰਨ ਹਿੰਮਤਪੁਰਾ ਪਿੰਡ ਦੇ ਮਜ਼ਦੂਰ ਪਰਵਾਰਾਂ ਦੇ ਕਈ ਘਰ ਤੇ ਛੱਤਾਂ ਨੁਕਸਾਨੀਆਂ ਗਈਆਂ, ਜਿਸ ਨੂੰ ਮੁੱਖ ਰੱਖਦੇ ਹੋਏ ਸੀਨੀਅਰ ਸੈਕੰਡਰੀ ਸਕੂਲ ਹਿੰਮਤਪੁਰਾ ਦੇ ਸਮੂਹ ਸਟਾਫ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਸਕੂਲ ਦੇ ਵਿਦਿਆਰਥੀਆਂ ਦੇ ਦੋ ਪਰਵਾਰਾਂ ਦੀਆਂ ਨੁਕਸਾਨੀਆਂ ਛੱਤਾਂ ਦੀ ਰਿਪੇਅਰ ਲਈ ਦਸ-ਦਸ ਹਜ਼ਾਰ ਦੀ ਵਿੱਤੀ ਮੱਦਦ ਕੀਤੀ ਗਈ। ਸਕੂਲ ਮੁਖੀ ਅਮਨਦੀਪ ਮਾਛੀਕੇ ਤੇ ਜਗਮੀਤ ਸਿੰਘ ਡੀਪੀਈ ਲੁਹਾਰਾ ਨੇ ਕਿਹਾ ਕਿ ਸਕੂਲ ਵਿੱਚ ਪੜ੍ਹਦੇ ਲੋੜਵੰਦ ਵਿਦਿਆਰਥੀਆਂ ਦੇ ਪਰਵਾਰਾਂ ਨਾਲ਼ ਇਸ ਦੁੱਖ ਦੀ ਘੜੀ ਸਾਥ ਦੇਣਾ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਸਕੂਲ ਅਧਿਆਪਕਾਂ ਸੁਨੀਲ ਕੁਮਾਰ, ਸੋਮਨ ਸਿੰਘ, ਬਿਕਰਮ ਸਿੰਘ ਕਲਰਕ ਤੇ ਨਵਦੀਪ ਧੂੜਕੋਟ ਨੇ ਕਿਹਾ ਕਿ ਸਕੂਲ ਵਿਦਿਆਰਥੀਆਂ ਦੇ ਮਾਪਿਆਂ ਜਗਜੀਤ ਕੁਮਾਰ ਸ਼ਰਮਾ ਤੇ ਹਰਦੀਪ ਸਿੰਘ (ਡਰੇਨ ਦਾ ਪੁਲ) ਨੂੰ ਸਟਾਫ਼ ਵੱਲੋਂ 10-10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਭੇਟ ਕੀਤੀ ਗਈ ਤਾਂ ਕਿ ਇਸ ਮੁਸੀਬਤ ਦੀ ਘੜੀ ਉਹਨਾਂ ਦੀ ਮੱਦਦ ਹੋ ਸਕੇ। ਇਸ ਸਮੇਂ ਅਮਨਦੀਪ ਸਿੰਘ ਮਾਛੀਕੇ, ਜਗਮੀਤ ਲੋਹਾਰਾ ਡੀਪੀਈ, ਨਵਦੀਪ ਧੂੜਕੋਟ, ਸੁਨੀਲ ਕੁਮਾਰ, ਸੋਮਨ ਸਿੰਘ, ਸੁਖਦੀਪ ਸਿੰਘ, ਨਿਰਪਿੰਦਰਦੀਪ ਸਿੰਘ, ਮਨਦੀਪ ਸਿੰਘ ਕੈਂਪਸ ਮੈਨੇਜਰ, ਬਿਕਰਮ ਸਿੰਘ ਕਲਰਕ, ਰੋਹਿਤ ਕੁਮਾਰ, ਮੈਡਮ ਮਨਦੀਪ ਕੌਰ, ਮੈਡਮ ਰਚਨਾ, ਜਸਵਿੰਦਰ ਕੌਰ, ਸੰਦੀਪ ਕੌਰ, ਜਸਵਿੰਦਰ ਕੌਰ, ਮਨਪ੍ਰੀਤ ਕੌਰ, ਗੁਰਪ੍ਰੀਤ ਕੌਰ, ਚਰਨਜੀਤ ਸਿੰਘ, ਰਣਦੀਪ ਸਿੰਘ, ਪੂਨਮਪ੍ਰੀਤ ਕੌਰ, ਪਵਨਦੀਪ ਕੌਰ, ਬਲਵਿੰਦਰ ਸਿੰਘ ਚੌਂਕੀਦਾਰ, ਪਵਿੱਤਰ ਸਿੰਘ ਪੀਅਨ, ਜਸਵਿੰਦਰ ਸਿੰਘ ਸਵੀਪਰ, ਮਨਜੋਤ ਕੌਰ, ਸੁਖਵਿੰਦਰ ਕੌਰ ਕੁੱਕ, ਸਰਬਜੀਤ ਕੌਰ, ਹਰਬੰਸ ਕੌਰ, ਬਲਵੀਰ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਵਰਲਡ ਯੂਨੀਵਰਸਿਟੀ ਸਟਾਫ ਵੱਲੋਂ ਐੱਸ ਜੀ ਪੀ ਸੀ ਰਾਹਤ ਫੰਡ 'ਚ ਇੱਕ ਦਿਨ ਦੀ ਤਨਖਾਹ ਦਾ ਯੋਗਦਾਨ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਦੇ ਲੋਕਾਂ ਨਾਲ ਏਕਤਾ ਦਾ ਪ੍ਰਗਟਾਵਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਨੇ ਸੂਬੇ ਦੇ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਲਈ ਸਮੂਹਕ ਯੋਗਦਾਨ ਦਾ ਐਲਾਨ ਕੀਤਾ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ, ਜਿਸ ਕਾਰਨ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ ਅਤੇ ਜੀਵਨ-ਜੀਵਿਕਾ ਪ੍ਰਭਾਵਿਤ ਹੋਈ ਹੈ, ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨੀਵਰਸਿਟੀ ਨੇ ਆਪਣੇ ਸਾਰੇ ਸਟਾਫ ਮੈਂਬਰਾਂ ਦੀ ਇੱਕ ਦਿਨ ਦੀ ਤਨਖਾਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਲੱਡ ਰਾਹਤ ਫੰਡ ਵਿੱਚ ਭੇਜਣ ਦਾ ਫੈਸਲਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਭਾਵਿਤ ਭਾਈਚਾਰਿਆਂ ਨੂੰ ਆਸਰਾ, ਭੋਜਨ, ਦਵਾਈਆਂ ਤੇ ਜ਼ਰੂਰੀ ਸਹਾਇਤਾ ਪ੍ਰਦਾਨ ਕਰਦੇ ਹੋਏ ਮਾਨਵਤਾਵਾਦੀ ਸੇਵਾ ਵਿੱਚ ਸਭ ਤੋਂ ਅੱਗੇ ਰਹੀ ਹੈ। ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਕਿਹਾ ਕਿ ਅਜਿਹੇ ਯੋਗਦਾਨ ਸਿਰਫ਼ ਵਿੱਤੀ ਸੰਕੇਤ ਹੀ ਨਹੀਂ ਹਨ, ਸਗੋਂ ਸਾਂਝੀ ਜ਼ਿੰਮੇਵਾਰੀ ਤੇ ਹਮਦਰਦੀ ਦਾ ਪ੍ਰਗਟਾਵਾ ਵੀ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ਵਵਿਆਪੀ ਸੰਦੇਸ਼ ਤੋਂ ਸੇਧ ਲੈ ਕੇ, ਯੂਨੀਵਰਸਿਟੀ ਅਜਿਹੇ ਸੰਕਟ ਦੇ ਸਮੇਂ ਆਪਣਾ ਸਮਰਥਨ ਵਧਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਸਲ ਤਾਕਤ ਇਸ ਦੀ ਏਕਤਾ ਤੇ ਸਮੂਹਕ ਭਾਵਨਾ ਵਿੱਚ ਹੈ ਅਤੇ ਅਜਿਹੇ ਮੁਸ਼ਕਲ ਸਮੇਂ ਵਿੱਚ ਥੋੜ੍ਹੀ ਜਿਹੀ ਮਦਦ ਵੀ ਉਨ੍ਹਾਂ ਲੋਕਾਂ ਲਈ ਵੱਡੀ ਉਮੀਦ ਲਿਆ ਸਕਦੀ ਹੈ, ਜਿਨ੍ਹਾਂ ਨੇ ਸਭ ਕੁਝ ਗੁਆ ਦਿੱਤਾ ਹੈ। ਇਸ ਮੌਕੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਯੂਨੀਵਰਸਿਟੀ ਭਾਈਚਾਰੇ ਤੇ ਸਮਾਜ ਨੂੰ ਅੱਗੇ ਆਉਣ ਅਤੇ ਹਰ ਸੰਭਵ ਤਰੀਕੇ ਨਾਲ ਰਾਹਤ ਕਾਰਜਾਂ ਦਾ ਸਮਰਥਨ ਕਰਨ ਦੀ ਦਿਲੋਂ ਅਪੀਲ ਕੀਤੀ। ਡਾ. ਬਿਲਿੰਗ ਨੇ ਸਟਾਫ, ਵਿਦਿਆਰਥੀਆਂ ਤੇ ਭਾਈਚਾਰੇ ਨੂੰ ਮਨੁੱਖਤਾ ਦੇ ਕਾਜ ਲਈ ਇਕੱਠੇ ਖੜ੍ਹੇ ਹੋ ਕੇ ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਅਪਣਾਉਣ ਦੀ ਅਪੀਲ ਕੀਤੀ। ਇਸ ਪਹਿਲਕਦਮੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸੇਵਾ ਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਹੜ੍ਹ ਪ੍ਰਭਾਵਿਤ ਪੰਜਾਬ ਵਿੱਚ ਜੀਵਨ ਮੁੜ ਨਿਰਮਾਣ ਤੇ ਉਮੀਦ ਬਹਾਲ ਕਰਨ ਦੇ ਮਿਸ਼ਨ ਵਿੱਚ ਐਸਜੀਪੀਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ।

# ਦੋ ਕਿੱਲੋ ਹੈਰੋਇਨ, ਸਾਢੇ ਤਿੰਨ ਲੱਖ ਡਰੱਗ ਮਨੀ ਤੇ 4 ਪਿਸਤੌਲਾਂ ਸਣੇ ਤਿੰਨ ਗ੍ਰਿਫ਼ਤਾਰ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**

ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਸਰਹੱਦ ਪਾਰ ਤੋਂ ਚੱਲ ਰਹੇ ਸੰਗਠਿਤ ਹਥਿਆਰ ਅਤੇ ਹਵਾਲਾ ਨੈੱਟਵਰਕ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਕੋਟ ਮਹਿਤਾਬ ਦੇ ਹਰਪ੍ਰੀਤ ਸਿੰਘ (23), ਤਰਨ ਤਾਰਨ ਦੇ ਪਿੰਡ ਸੁਰਸਿੰਘ ਦੇ ਗੁਰਪਾਲ ਸਿੰਘ (21) ਅਤੇ ਤਰਨ ਤਾਰਨ ਦੇ ਪਿੰਡ ਵਾਇਰਿੰਗ ਦੇ ਰਣਜੋਧ ਸਿੰਘ (33) ਵਜੋਂ ਹੋਈ ਹੈ। ਪੁਲਸ ਟੀਮਾਂ ਨੇ 2.02 ਕਿਲੋ ਹੈਰੋਇਨ, ਚਾਰ ਪਿਸਤੌਲ-ਇੱਕ ਗਲੌਕ ਅਤੇ ਤਿੰਨ .30 ਬੋਰ ਪਿਸਤੌਲ ਅਤੇ 3.5 ਲੱਖ ਰੁਪਏ ਹਵਾਲਾ ਮਨੀ ਵੀ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਉਕਤ ਮੁਲਜ਼ਮਾਂ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ।

ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਗਰੋਹ ਪਾਕਿਸਤਾਨ ਤੋਂ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਕਰਨ ਲਈ ਡਰੋਨ ਦੀ ਵਰਤੋਂ ਕਰਦਾ ਸੀ ਅਤੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਸਰਗਰਮ ਸੀ। ਉਨ੍ਹਾ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਹਰਪ੍ਰੀਤ ਸਿੰਘ ਅਤੇ ਗੁਰਪਾਲ ਸਿੰਘ, ਜੋ ਪਹਿਲਾਂ ਮਲੇਸ਼ੀਆ ਗਏ ਸਨ, ਸਰਹੱਦ ਪਾਰ ਦੇ ਤਸਕਰਾਂ ਦੇ ਸੰਪਰਕ ਵਿਚ ਸਨ।

ਪੁਲਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਮੁਲਜ਼ਮ ਹਰਪ੍ਰੀਤ ਅਤੇ ਗੁਰਪਾਲ ਨੂੰ ਪਹਿਲਾਂ ਮੋਟਰਸਾਈਕਲ ਸਮੇਤ 220 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰ ਮੁਲਜ਼ਮ ਹਰਪ੍ਰੀਤ ਅਤੇ ਗੁਰਪਾਲ ਦੇ ਖੁਲਾਸੇ 'ਤੇ ਪੁਲਸ ਟੀਮਾਂ ਨੇ ਨਿਰਧਾਰਤ ਸਥਾਨ ਤੋਂ 1.8 ਕਿਲੋਗ੍ਰਾਮ ਹੋਰ ਹੈਰੋਇਨ ਅਤੇ ਦੋ .30 ਬੋਰ ਪਿਸਤੌਲ ਬਰਾਮਦ ਕੀਤੇ ਹਨ। ਉਨ੍ਹਾ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਹਰਪ੍ਰੀਤ 2023 ਵਿੱਚ ਮਲੇਸ਼ੀਆ ਗਿਆ ਸੀ ਅਤੇ 7 ਮਹੀਨਿਆਂ ਬਾਅਦ ਵਾਪਸ ਪਰਤਿਆ ਸੀ, ਜਦੋਂ ਕਿ ਗੁਰਪਾਲ 2022 ਵਿੱਚ ਮਲੇਸ਼ੀਆ ਗਿਆ ਸੀ ਅਤੇ 2023 ਵਿੱਚ ਵਾਪਸ ਆਇਆ ਸੀ। ਉਹ ਮਲੇਸ਼ੀਆ ਵਿੱਚ ਇੱਕ ਦੂਜੇ ਨੂੰ ਨਹੀਂ ਜਾਣਦੇ ਸਨ, ਪਰ ਦੋਵੇਂ ਪਾਕਿਸਤਾਨ ਅਧਾਰਤ ਇੱਕ ਤਸਕਰ ਦੇ ਸੰਪਰਕ ਵਿਚ ਸਨ ਅਤੇ ਉਸ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਨੂੰ ਖੇਪਾਂ ਉਪਲੱਬਧ ਹੋਈਆਂ ਸਨ।




ਗੁਰਪਾਲ ਸਿੰਘ ਦੇ ਹੋਰ ਖੁਲਾਸੇ 'ਤੇ ਜਾਂਚ ਦੌਰਾਨ ਇੱਕ ਹੋਰ ਮੁਲਜ਼ਮ ਰਣਜੋਧ ਨੂੰ ਨਾਮਜ਼ਦ ਕੀਤਾ ਗਿਆ ਸੀ, ਜਿਸ ਨੂੰ ਦੋ ਪਿਸਤੌਲਾਂ ਅਤੇ 3.5 ਲੱਖ ਰੁਪਏ ਦੇ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਡਰੱਗ ਮਨੀ ਤਸਕਰੀ ਦੇ ਵਪਾਰ ਨਾਲ ਸੰਬੰਧਤ ਸੀ, ਜਿਸ ਨੂੰ ਹਵਾਲਾ ਰਾਹੀਂ ਪਾਕਿਸਤਾਨ ਭੇਜਿਆ ਜਾਣਾ ਸੀ। ਇਸ ਸੰਬੰਧ ਵਿੱਚ ਪੁਲਸ ਸਟੇਸ਼ਨ ਗੇਟ ਹਕੀਮਾਂ 'ਚ ਕੇਸ ਦਰਜ ਕੀਤਾ ਗਿਆ ਹੈ।

# ਇੰਸਪੈਕਟਰ ਬਣੇ ਗੁਰਵਿੰਦਰ ਸਿੰਘ ਦੇ ਐੱਸ ਐੱਸ ਪੀ ਨੇ ਸਟਾਰ ਲਗਾਏ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਪੁਲਸ ਦੇ ਗੁਰਵਿੰਦਰ ਸਿੰਘ, ਜਿਨ੍ਹਾਂ ਦੀ ਪ੍ਰਮੋਸ਼ਨ ਹੋਣ ਤੇ ਇੰਸਪੈਕਟਰ ਬਣੇ ਹਨ। ਫਾਜ਼ਿਲਕਾ ਜ਼ਿਲੇ ਦੇ ਐੱਸ.ਐੱਸ.ਪੀ. ਗੁਰਮੀਤ ਸਿੰਘ ਤੇ ਡੀ.ਐੱਸ.ਪੀ. ਲਵਦੀਪ ਸਿੰਘ ਗਿੱਲ ਨੇ ਇੰਸਪੈਕਟਰ ਬਣੇ ਗੁਰਿੰਦਰ ਸਿੰਘ ਦੇ ਮੋਢਿਆਂ 'ਤੇ ਸਟਾਰ ਲਗਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਅੱਗੇ ਵੀ ਜ਼ਿੰਮੇਵਾਰੀਆਂ ਨਿਭਾਉਣ ਲਈ ਹੌਸਲਾ ਅਫ਼ਜ਼ਾਈ ਕੀਤੀ। ਇੰਸਪੈਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਲਗਨ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਹਰਮਨਪ੍ਰੀਤ ਕੋਟਭਾਈ ਨੂੰ ਸਦਮਾ, ਪਿਤਾ ਦਾ ਦਿਹਾਂਤ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਹਰਮਨਪ੍ਰੀਤ ਸਿੰਘ ਕੋਟਭਾਈ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਹਰਬੰਸ ਸਿੰਘ ਖਾਲਸਾ ਉਨ੍ਹਾਂ ਦੇ ਪਰਵਾਰ ਨੂੰ ਸਦਾ ਲਈ ਵਿਛੋੜਾ ਦੇ ਗਏ। ਪਰਵਾਰ ਤੋਂ ਮਿਲੀ ਜਾਣਕਾਰੀ ਮੁਤਾਬਕ ਹਰਬੰਸ ਸਿੰਘ ਖਾਲਸਾ ਪਿਛਲੇ ਕੁਝ ਸਮੇਂ ਤੋਂ ਸੂਗਰ ਦੀ ਬੀਮਾਰੀ ਨਾਲ ਪੀੜਤ ਸਨ ਅਤੇ ਇਲਾਜ ਅਧੀਨ ਚੱਲ ਰਹੇ ਸਨ, ਪਰ ਬੀਤੇ ਦਿਨੀਂ ਜ਼ਿਆਦਾ ਤਕਲੀਫ ਨਾ ਸਹਾਰਦੇ ਹੋਏ ਉਹ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ। ਹਰਬੰਸ ਸਿੰਘ ਖਾਲਸਾ ਦੀ ਉਮਰ ਤਕਰੀਬਨ 74 ਕੁ ਸਾਲ ਸੀ। ਉਹ ਆਪਣੇ ਪਰਵਾਰ ਪਿੱਛੇ ਤਿੰਨ ਬੇਟੇ ਹਰਮਨਪ੍ਰੀਤ ਸਿੰਘ, ਹਰਮਨਗੀਤ ਸਿੰਘ, ਗੋਲਡਨਦੀਪ ਸਿੰਘ ਤੇ ਆਪਣੀ ਧਰਮ ਪਤਨੀ ਹਰਭਜਨ ਕੌਰ ਛੱਡ ਗਏ। ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਪਰਵਾਰ ਨਾਲ ਸਿਆਸੀ, ਸਮਾਜ ਸੇਵੀ, ਰਿਸ਼ਤੇਦਾਰ ਸਬੰਧੀ ਤੇ ਪਿੰਡ ਨਿਵਾਸੀਆਂ ਨੇ ਦੁੱਖ ਸਾਂਝਾ ਕੀਤਾ। ਇਸ ਲਈ ਉਨ੍ਹਾਂ ਦੇ ਨਮਿੱਤ ਰਖਾਏ ਗਏ ਸ੍ਰੀ ਸਹਿਜ ਪਾਠ ਦੇ ਭੋਗ 7 ਸਤੰਬਰ ਐਤਵਾਰ ਨੂੰ ਗੁਰਦੁਆਰਾ ਪਾਤਸ਼ਾਹੀ ਦਸਵੀ ਪਿੰਡ ਕੋਟਭਾਈ ਵਿਖੇ ਬਾਅਦ ਦੁਪਿਹਰ ਪਾਏ ਜਾਣਗੇ।

# ਡੀ ਸੀ ਤੇ ਐੱਸ ਐੱਸ ਪੀ ਵੱਲੋਂ ਸਤਲੁਜ ਨਾਲ ਲਗਦੇ ਪਿੰਡਾਂ ਦਾ ਨਿਰੀਖਣ

**ਮੋਗਾ (ਇਕਬਾਲ ਸਿੰਘ ਖਹਿਰਾ)**-ਡਿਪਟੀ ਕਮਿਸ਼ਨਰ ਸਸਾਗਰ ਸੇਤੀਆ ਤੇ ਐਸ.ਐਸ.ਪੀ. ਅਜੈ ਗਾਂਧੀ ਨੇ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡ ਰੇਹੜਵਾਂ, ਸੈਦ ਜਲਾਲਪੁਰ, ਸ਼ੇਰਪੁਰ ਤਾਇਬਾਂ, ਸ਼ੇਰੇਵਾਲਾ, ਮੰਦਰ ਕਲਾਂ, ਰਾਊਵਾਲਾ, ਸੰਘੇੜਾ ਆਦਿ ਵਿਖੇ ਪਾਣੀ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਕਿਸ਼ਤੀ ਵਿੱਚ ਸਵਾਰ ਹੋ ਕੇ ਪਾਣੀ ਨਾਲ ਪ੍ਰਭਾਵਿਤ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਲੋਕਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਰੱਖਿਅਤ ਥਾਵਾਂ 'ਤੇ ਬਣਾਏ ਰਾਹਤ ਕੈਂਪਾਂ ਵਿੱਚ ਜਾਣ ਦੀ ਅਪੀਲ ਕੀਤੀ। ਉਨ੍ਹਾਂ ਪ੍ਰਭਾਵਿਤ ਪਰਵਾਰਾਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਚਾਰੂਮਿਤਾ, ਐੱਸ.ਡੀ.ਐੱਮ. ਧਰਮਕੋਟ ਸ਼੍ਰੀ ਹਿਤੇਸ਼ਵੀਰ ਗੁਪਤਾ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 9 ਰਾਹਤ ਕੇਂਦਰ ਰਾਊਵਾਲਾ, ਮੰਦਰ ਕਲਾਂ, ਖੰਬਾ, ਅੰਮੀਵਾਲਾ, ਢੋਲੇਵਾਲਾ, ਭੈਣੀ, ਰੇਹੜਵਾਂ, ਕਿਸ਼ਨਪੁਰਾ ਕਲਾਂ, ਫਤਹਿਗੜ੍ਹ ਪੰਜਤੂਰ ਬਣਾਏ ਗਏ ਹਨ, ਇਸ ਲਈ ਲੋਕ ਸੁਰੱਖਿਅਤ ਥਾਂ ਤੇ ਆਉਣ ਨੂੰ ਤਰਜੀਹ ਦੇਣ। ਇਹਨਾਂ ਰਾਹਤ ਕੈਂਪਾਂ ਵਿੱਚ ਪਾਣ ਪੀਣ ਵਾਲੀਆਂ ਵਸਤੂਆਂ ਤੋਂ ਲੈ ਕੇ ਹਰੇਕ ਲੜੀਂਦੀ ਰਾਹਤ ਸਮੱਗਰੀ ਮਿਲਣ ਤੇ ਲੋਕਾਂ ਵੱਲੋਂ ਸੰਤੁਸ਼ਟੀ ਜਾਹਰ ਕੀਤੀ ਗਈ। ਵਿਭਾਗ ਦੀਆਂ ਟੀਮਾਂ ਪਹਿਲਾਂ ਹੀ ਬੰਨ ਨੂੰ ਲਗਾਤਾਰ ਮਜਬੂਤ ਕਰਨ ਲਈ ਕੰਮ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਰਾਊਵਾਲਾ, ਮੰਦਰ ਕਲਾਂ, ਅੰਮੀਵਾਲਾ ਦੇ ਰਾਹਤ ਕੈਂਪਾਂ ਵਿੱਚ 150 ਤੋਂ ਵਧੇਰੇ ਲੋਕਾਂ ਨੂੰ ਪ੍ਰਸ਼ਾਸ਼ਨਿਕ ਟੀਮਾਂ ਵੱਲੋਂ ਪਹੁੰਚਾਇਆ ਗਿਆ ਹੈ, ਜਿਨ੍ਹਾਂ ਦੀ ਪ੍ਰਸ਼ਾਸਨ ਵੱਲੋਂ ਹਰ ਸੰਭਵ ਮੱਦਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਹਤ ਸਮੱਗਰੀ ਦੀ ਕੋਈ ਘਾਟ ਨਹੀਂ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸਥਿਤੀ ਨਾਲ ਨਜਿੱਠਣ ਲਈ ਪੁਖਤਾ ਪ੍ਰਬੰਧ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਮਦਦ ਜਾਂ ਜਾਣਕਾਰੀ ਲਈ ਜ਼ਿਲ੍ਹਾ ਹੜ੍ਹ ਕੰਟਰੋਲ ਰੂਮ ਦੇ ਨੰਬਰ 01636-235206 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਪਾਣੀ ਨਾਲ ਪ੍ਰਭਾਵਿਤ ਲੋਕਾਂ ਨੂੰ ਰਾਹਤ ਕੈਂਪਾਂ 'ਚ ਜਾਣ ਦੀ ਅਪੀਲ**



# ਬਿਗੜਵਾਲ 'ਚ ਹੜ੍ਹਾਂ ਵਰਗੀ ਸਥਿਤੀ




**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)**-ਨੇੜਲੇ ਪਿੰਡ ਬਿਗੜਵਾਲ ਵਿੱਚ ਲਗਾਤਾਰ ਪੈ ਰਹੇ ਮੀਂਹ ਦੇ ਕਾਰਨ ਲੋਕਾਂ ਦੇ ਘਰਾਂ ਵਿੱਚ ਤਰੇੜਾਂ ਆ ਰਹੀਆਂ ਹਨ ਤੇ ਪਿੰਡ ਦਾ ਅੱਧੇ ਹਿੱਸੇ ਦਾ 70% ਪਾਣੀ ਇਹਨਾਂ ਲੋਕਾਂ ਦੇ ਘਰਾਂ ਵਿੱਚ ਆ ਵੜਿਆ, ਜਿਸ ਕਾਰਨ ਇਹ ਸਥਿਤੀ ਬਣੀ ਹੋਈ ਹੈ, ਪਿੰਡ ਦੇ ਲੋਕਾਂ ਨੇ ਦੱਸਿਆ ਕਿ ਇਹ ਪਾਣੀ ਦੂਸਰੇ ਪਾਸੇ ਵੀ ਜਾ ਸਕਦਾ ਸੀ, ਪਰ ਪੰਚਾਇਤ ਵੱਲੋਂ ਇੱਕ ਟੋਬਾ ਬੰਦ ਕਰ ਦਿੱਤਾ ਗਿਆ,ਇਹ 70% ਪਾਣੀ ਇਧਰ ਨੂੰ ਹੀ ਛੱਡਿਆ ਗਿਆ। ਜਿਸ ਦਾ ਕਿ ਬਹੁਤ ਵੱਡਾ ਕਾਰਨ ਇਹ ਬਣਦਾ ਹੈ। ਪਿੰਡ ਦੇ ਬੰਦਿਆਂ ਵੱਲੋਂ ਸੁਨਾਮ ਬੀਡੀਪੀਓ ਦਫਤਰ ਵੀ ਪਹੁੰਚ ਕੀਤੀ ਪਰ ਉਥੇ ਉਨ੍ਹਾਂ ਨੂੰ ਕੋਈ ਪੁਖਤਾ ਇੰਤਜ਼ਾਮ ਨਾ ਹੁੰਦੇ ਦਿਖੇ, ਸਿਰਫ ਇੱਕ ਭਰੋਸਾ ਹੀ ਦਵਾਇਆ ਗਿਆ। ਲੋਕ ਆਪਣੇ ਆਪ ਮਿੱਟੀ ਪਾ ਰਹੇ ਹਨ। ਮੌਕੇ ਉੱਪਰ ਪੰਚਾਇਤ ਵੱਲੋਂ ਵੀ ਕੋਈ ਰਿਸਪੌਂਸ ਨਹੀਂ ਮਿਲਿਆ, ਲੋਕ ਆਪਣਾ ਬਚਾਓ ਖੁਦ ਕਰ ਰਹੇ ਹਨ।

# ਡੀ ਸੀ ਦਫ਼ਤਰ ਦੇ ਮੁਲਾਜ਼ਮਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ



**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਪੰਜਾਬ 'ਚ ਹੜ੍ਹ ਪੀੜਤ ਇਲਾਕਿਆਂ ਵਿੱਚ ਜੂਝ ਰਹੇ ਲੋਕਾਂ ਲਈ ਜਿੱਥੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾ, ਆਪਸੀ ਭਾਈਚਾਰਕ ਸਾਂਝ ਤੋਂ ਇਲਾਵਾ ਹੋਰਨਾਂ ਵੱਲੋਂ ਖਾਣ, ਪੀਣ ਤੇ ਪਸ਼ੂਆਂ ਲਈ ਹਰੇ-ਚਾਰਾ ਭੇਜ ਕੇ ਆਪਣਾ ਪੂਰਨ ਯੋਗਦਾਨ ਪਾਇਆ ਜਾ ਰਿਹਾ ਹੈ, ਉਥੇ ਹੀ ਦਫ਼ਤਰ ਡਿਪਟੀ ਕਮਿਸ਼ਨਰ ਤੇ ਜ਼ਿਲ੍ਹੇ ਦੇ ਸਮੂਹ ਉਪ ਮੰਡਲ ਮੈਜਿਸਟਰੇਟ/ਤਹਿਸੀਲ ਦਫਤਰਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਵੱਲੋਂ ਆਪਣੀ ਇੱਕ-ਇੱਕ ਦਿਨ ਦੀ ਤਨਖਾਹ, ਦੋ ਲੱਖ ਰੁਪਏ ਦੇ ਕੇ, ਹੜ੍ਹ ਪੀੜਤਾਂ ਦੀ ਮਦਦ ਕੀਤੀ ਗਈ। ਇਸ ਯੋਗਦਾਨ ਵਿੱਚ ਖੁਦ ਸ੍ਰੀ ਰਾਜੇਸ਼ ਧੀਮਾਨ, ਆਈ.ਏ.ਐੱਸ. ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਵੀ ਆਪਣੀ ਇੱਕ ਦਿਨ ਦੀ ਤਨਖਾਹ ਇਸ ਵਿੱਚ ਦਿੱਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਆਪਣੇ ਦਫਤਰ ਦੇ ਮੁਲਾਜ਼ਮਾਂ ਦੀ ਹੌਸਲਾ-ਅਫਜ਼ਾਈ ਕਰਦਿਆਂ ਭਵਿੱਖ ਵਿੱਚ ਵੀ ਲੋੜਵੰਦਾਂ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਉਨ੍ਹਾਂ ਆਮ ਲੋਕਾਂ ਨੂੰ ਵੀ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਸੇਵਾ ਲਈ ਵੱਧ ਤੋਂ ਵੱਧ ਯੋਗਦਾਨ ਜ਼ਰੂਰ ਪਾਉਣ। ਇਸ ਦੌਰਾਨ ਡੀਸੀ ਦਫਤਰ/ਉਪ ਮੰਡਲ ਮੈਜਿਸਟਰੇਟ/ਤਹਿਸੀਲ ਦਫਤਰ ਦੇ ਵੱਖ-ਵੱਖ ਬਰਾਂਚਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਦਰਿਆ ਦੇ ਪ੍ਰਭਾਵਿਤ ਇਲਾਕੇ ਕੰਨੀਆਂ ਖੁਰਦ ਦੇ ਬੰਨ੍ਹ ਦਾ ਜਾਇਜ਼ਾ



**ਜਗਰਾਓਂ (ਅਮਿਤ ਖੰਨਾ)**-ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਐੱਸ. ਆਰ. ਕਲੇਰ ਨੇ ਸਤਲੁਜ ਦਰਿਆ ਦੇ ਪ੍ਰਭਾਵਿਤ ਇਲਾਕੇ ਕੰਨੀਆਂ ਖੁਰਦ ਦੇ ਬੰਨ੍ਹ ਦਾ ਜਾਇਜ਼ਾ ਲਿਆ। ਦੱਸਣਯੋਗ ਹੈ ਕਿ ਪਿੰਡ ਕੰਨੀਆਂ ਖੁਰਦ ਨੇੜੇ ਬਣਿਆਂ ਬੰਨ੍ਹ ਦੱਬ ਜਾਣ ਕਾਰਨ ਪਿਛਲੇ ਕੁਝ ਦਿਨਾਂ ਤੋਂ ਨੇੜਲੇ ਪਿੰਡਾਂ ਦੇ ਨੌਜਵਾਨ ਪਾਣੀ ਦੇ ਬਚਾਅ ਲਈ ਦਿਨ-ਰਾਤ ਤੋਂ ਲੱਗੇ ਹੋਏ ਹਨ, ਜਿਸ ਦੇ ਚਲਦਿਆਂ ਅੱਜ ਐੱਸ ਆਰ ਕਲੇਰ ਨੇ ਬੰਨ੍ਹ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੇ ਨੌਜਵਾਨ ਨੂੰ ਮਿਲ ਕੇ ਉਨ੍ਹਾਂ ਨਾਲ ਗੱਲਬਾਤ ਕੀਤੀ ਤਾਂ ਸੇਵਾਦਾਰਾਂ ਨੇ ਸ੍ਰੀ ਕਲੇਰ ਨੂੰ ਲਗਾਤਾਰ ਚੱਲ ਰਹੀਆਂ ਨਿਰੰਤਰ ਸੇਵਾਵਾਂ ਨੂੰ ਅੱਗੇ ਤੋਰਨ ਲਈ ਤੇਲ ਲਈ ਮਦਦ ਕਰਨ ਦੀ ਅਪੀਲ ਕੀਤੀ ਤਾਂ ਕਲੇਰ ਨੇ 20 ਹਜ਼ਾਰ ਰੁਪਏ ਕਮੇਟੀ ਨੂੰ ਮੌਕੇ 'ਤੇ ਭੇਟ ਕਰ ਦਿੱਤੇ। ਇਸ ਮੌਕੇ ਪੰਚ ਕਮਲਜੀਤ ਸਿੰਘ ਤੇ ਬੰਨ੍ਹ ਕਮੇਟੀ ਨੇ ਵਿੱਤੀ ਸਹਾਇਤਾ ਦੇਣ ਲਈ ਸ੍ਰੀ ਕਲੇਰ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਐੱਸ ਆਰ ਕਲੇਰ ਨੇ ਆਖਿਆ ਕਿ ਇਹ ਸੰਕਟ ਭਰੀ ਘੜੀ ਵਿੱਚ ਸਮੁੱਚੇ ਪੰਜਾਬੀਆਂ ਨੂੰ ਇੱਕ ਭਾਈਚਾਰਕ ਸਾਂਝ ਸਦਭਾਵਨਾਂ ਨਾਲ ਇਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਸੇਵਾਦਾਰ ਹੋਣ ਦੇ ਨਾਤੇ ਇਲਾਕੇ ਦੇ ਲੋਕਾਂ ਨੂੰ ਨਿੱਜੀ ਤੌਰ 'ਤੇ ਤਰਪਾਲਾਂ ਤੇ ਹੋਰ ਸਮੱਗਰੀ ਮੁਹੱਈਆ ਕਰਵਾ ਰਹੇ ਹਨ। ਸ੍ਰੀ ਕਲੇਰ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਟੀਮ ਲੋੜਵੰਦ ਲੋਕਾਂ ਨਾਲ ਚਟਾਨ ਵਾਂਗ ਖੜ੍ਹੀ ਹੈ ਤੇ ਹਰ ਲੋੜਵੰਦ ਦੀ ਬਣਦੀ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਨਾਲ ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆ ਖੁਰਦ, ਸਰਪੰਚ ਗੁਰਚਰਨ ਸਿੰਘ ਕੰਨੀਆ ਖੁਰਦ ਸਮੂਹ ਆਦਿ ਹਾਜ਼ਰ ਸਨ।

## ...ਸ.ਫਾ 1 ਦੇ ਬਾਕੀ

### ਪੰਜਾਬ ਖੇਤ ਮਜ਼ਦੂਰ ਸਭਾ...



ਪਿੰਡ ਸੀਤੋ ਦੇ ਮਜ਼ਦੂਰ ਪਰਵਾਰ ਸਹਾਇਤਾ ਲਈ ਸਰਕਾਰ ਨੂੰ ਅਪੀਲ ਕਰਦੇ ਹੋਏ।

ਕਿਸਾਨਾਂ ਨੂੰ ਪ੍ਰਤੀ ਏਕੜ ਇੱਕ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਖੇਤ ਮਜ਼ਦੂਰ ਵੀ ਪੂਰੀ ਤਰ੍ਹਾਂ ਖੇਤੀ ਨਾਲ ਜੁੜੇ ਹੋਏ ਹਨ। ਜਿਹੜੀ ਸਮੱਸਿਆ ਨਾਲ ਮੌਜੂਦਾ ਸਮੇਂ ਜੂਝਿਆ ਜਾ ਰਿਹਾ ਹੈ, ਇਹ ਕਈ ਮਹੀਨਿਆਂ ਤੱਕ ਬਰਕਰਾਰ ਰਹਿਣੀ ਹੈ। ਪ੍ਰਭਾਵਤ ਮਜ਼ਦੂਰ ਵਰਗ ਕੰਮਾਂ ਤੋਂ ਵਿਹਲਾ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਮਜ਼ਦੂਰਾਂ ਨੂੰ ਪ੍ਰਤੀ ਘਰ 30 ਹਜ਼ਾਰ ਰੁਪਏ ਸਹਾਇਤਾ ਦਿੱਤੀ ਜਾਵੇ। ਇਸ ਮੌਕੇ ਕਾਮਰੇਡ ਜੁਗਿੰਦਰ ਸਿੰਘ ਸੀਤੋ, ਸਰਵਣ ਸਿੰਘ ਕਿਰਤੋਵਾਲ, ਸਰਵਣ ਸਿੰਘ ਸੀਤੋ, ਕਰਮਜੀਤ ਸਿੰਘ ਸੀਤੋ, ਬਲਜਿੰਦਰ ਕੌਰ ਤਰਨ ਤਾਰਨ, ਸਰਬਜੀਤ ਕੌਰ, ਗੁਰਵਿੰਦਰ ਸਿੰਘ, ਸੋਨਾ ਸਿੰਘ ਕਿਰਤੋਵਾਲ ਮੌਜੂਦ ਸਨ।

ਨੂੰ ਕੁਝ ਧਰਵਾਸ ਦਿੰਦੀ ਹੈ, ਉਹ ਇਹ ਹੈ ਕਿ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਲੋਕਾਂ ਦੀ ਸਹਾਇਤਾ ਲਈ ਤਨੋ-ਮਨੋ ਤੇ ਧਨੋ ਲੱਗੀਆਂ ਹੋਈਆਂ ਨਜ਼ਰ ਆਈਆਂ। ਸਭਾ ਦੀ ਟੀਮ ਪਿੰਡ ਸੀਤੋ ਵੀ ਪਹੁੰਚੀ। ਇੱਥੇ ਮੀਂਹ ਦੇ ਪਾਣੀ ਨੇ ਲੋਕਾਂ ਨੂੰ ਪ੍ਰੇਸ਼ਾਨ ਕਰ ਰੱਖਿਆ ਹੈ। ਇੱਥੋਂ ਦੇ ਮਜ਼ਦੂਰ ਘਰਾਂ ਦੀ ਹਾਲਤ ਡਾਢੀ ਤਰਸਯੋਗ ਹੈ। ਕੰਮ-ਧੰਦੇ ਬੰਦ ਹੋਣ ਕਾਰਨ ਕਈ ਪਰਵਾਰਾਂ ਦੀ ਹਾਲਤ ਫਾਕਾਕਸ਼ੀ ਵਾਲੀ ਬਣੀ ਹੋਈ ਹੈ। ਇਨ੍ਹਾਂ ਪਰਵਾਰਾਂ ਨੇ ਸਹਾਇਤਾ ਲਈ ਗੁਹਾਰ ਲਾਈ ਹੈ। ਇਸੇ ਦੌਰਾਨ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਮਾਰੀ ਗਈ ਫਸਲ ਦਾ

### ਮਲਾਈ ਛਕ ਗਏ ...

ਰਹੀ ਹੈ। ਉਨ੍ਹਾ ਕਿਹਾ, "ਸੱਤ ਸਾਲ ਬਾਅਦ ਇੱਕ ਵੀ ਲਿਟਰ ਈਥਾਨੌਲ ਰਹਿੰਦ-ਖੂੰਹਦ ਤੋਂ ਨਹੀਂ ਆਇਆ ਹੈ। ਪੈਦਾ ਹੋਏ 627 ਕਰੋੜ ਲਿਟਰ ਈਥਾਨੌਲ ਵਿੱਚੋਂ 56 ਫੀਸਦੀ ਗੰਨੇ ਤੋਂ ਅਤੇ ਬਾਕੀ ਅਨਾਜ ਤੋਂ ਆਇਆ ਹੈ।"

ਪਵਨ ਖੇੜਾ ਨੇ ਗਡਕਰੀ ਦੇ ਪੁੱਤਰਾਂ ਨਿਖਿਲ ਅਤੇ ਸਾਰੰਗ ਗਡਕਰੀ 'ਤੇ ਆਪਣੇ ਪਿਤਾ ਵੱਲੋਂ ਬਣਾਈਆਂ ਗਈਆਂ ਨੀਤੀਆਂ ਤੋਂ ਲਾਭ ਲੈਣ ਦਾ ਦੋਸ਼ ਲਗਾਇਆ। ਉਨ੍ਹਾ ਦਾਅਵਾ ਕੀਤਾ ਕਿ ਨਿਖਿਲ ਦੀ ਕੰਪਨੀ ਸਿਆਨ ਐਗਰੋ ਇੰਡਸਟ੍ਰੀਜ਼ ਐਂਡ ਇਨਫ੍ਰਾਸਟਰਕਚਰ ਲਿਮਟਿਡ ਨੇ ਜੂਨ, 2024 ਵਿੱਚ 18 ਕਰੋੜ ਰੁਪਏ ਦੀ ਆਮਦਨ ਦਰਜ ਕੀਤੀ, ਜੋ ਇੱਕ ਸਾਲ ਬਾਅਦ 523 ਕਰੋੜ ਰੁਪਏ ਹੋ ਗਈ। ਇਸ ਦੇ ਸ਼ੇਅਰ ਦੀ ਕੀਮਤ ਜਨਵਰੀ, 2025 ਵਿੱਚ 37.45 ਰੁਪਏ ਤੋਂ ਵਧ ਕੇ 638 ਰੁਪਏ ਹੋ ਗਈ, ਜੋ ਕਿ 2,100 ਫੀਸਦੀ ਤੋਂ ਵੱਧ ਦਾ ਵਾਧਾ ਹੈ। ਸਾਰੰਗ ਗਡਕਰੀ ਮਾਨਸ ਐਗਰੋ ਇੰਡਸਟ੍ਰੀਜ਼ ਦਾ ਮਾਲਕ ਹੈ, ਜੋ ਕਿ ਈਥਾਨੌਲ ਕਾਰੋਬਾਰ ਵਿੱਚ ਵੀ ਹੈ। ਕਾਂਗਰਸ ਨੇਤਾ ਨੇ ਕਿਹਾ, "ਪਿਤਾ ਨੀਤੀ ਤਿਆਰ ਕਰਦੇ ਹਨ, ਪੁੱਤਰ ਇਸ ਤੋਂ ਲਾਹਾ ਲੈਂਦੇ ਹਨ।" ਉਨ੍ਹਾ ਦੋਸ਼ ਲਾਇਆ ਕਿ ਜਦੋਂ ਗਡਕਰੀ ਦੀਆਂ ਪਰਵਾਰਕ ਫਰਮਾਂ ਵਧੀਆਂ, ਪੈਟਰੋਲ ਦੀਆਂ ਕੀਮਤਾਂ ਵਧੀਆਂ, ਈਥਾਨੌਲ ਮਿਸ਼ਰਨ ਕਾਰਨ ਵਾਹਨਾਂ ਦੇ ਇੰਜਣਾਂ ਨੂੰ ਨੁਕਸਾਨ ਪਹੁੰਚਿਆ ਅਤੇ ਕਿਸਾਨ ਸਸਤੇ ਭਾਅ 'ਤੇ ਆਪਣਾ ਅਨਾਜ ਵੇਚਣ ਲਈ ਮਜਬੂਰ ਸਨ। ਉਨ੍ਹਾ ਕਿਹਾ, "ਨੀਤੀ ਆਯੋਗ ਖੁਦ ਮੰਨਦਾ ਹੈ ਕਿ ਮੁਨਾਫਾ ਛੇ ਫੀਸਦੀ ਡਿੱਗ ਗਿਆ ਹੈ।" ਇਸ ਮੁੱਦੇ ਨੂੰ ਇੱਕ ਵਿਸ਼ਾਲ ਪੈਟਰਨ ਨਾਲ ਜੋੜਦਿਆਂ ਖੇੜਾ ਨੇ ਕਿਹਾ ਕਿ ਮੋਦੀ 'ਭਤੀਜਿਆਂ ਦੇ ਸਮੂਹ' ਨਾਲ ਘਿਰੇ ਹੋਏ ਹਨ। ਉਨ੍ਹਾ ਅਮਿਤ ਸ਼ਾਹ, ਜਯੋਤੀਰਾਦਿੱਤਿਆ ਸਿੰਧੀਆ ਅਤੇ ਅਜੀਤ ਡੋਭਾਲ ਦੇ ਪੁੱਤਰਾਂ ਦਾ ਨਾਂਅ ਉਦਾਹਰਨ ਵਜੋਂ ਲਿਆ।

ਪਵਨ ਖੇੜਾ ਨੇ ਕਿਹਾ, "ਕੁਝ ਭਤੀਜੇ ਟੀ-20 ਟੂਰਨਾਮੈਂਟਾਂ ਰਾਹੀਂ ਪੈਸਾ ਕਮਾਉਂਦੇ ਹਨ, ਕੁਝ ਈ-20 ਈਥਾਨੌਲ ਰਾਹੀਂ।" ਉਨ੍ਹਾ ਕਿਹਾ ਕਿ ਸਰਕਾਰ ਅਧੀਨ ਸਿਆਸਤ ਅਤੇ ਕਾਰੋਬਾਰ ਵਿਚਾਲੇ ਗੱਠਜੋੜ ਡੂੰਘਾ ਹੋ ਗਿਆ ਹੈ। ਉਨ੍ਹਾ ਦੋਸ਼ ਲਾਇਆ ਕਿ ਰੂਸ ਤੋਂ ਆਯਾਤ ਕੀਤੇ ਗਏ ਸਸਤੇ ਕੱਚੇ ਤੇਲ ਨੂੰ ਪ੍ਰਧਾਨ ਮੰਤਰੀ ਦੇ ਕਰੀਬੀਆਂ ਦੀਆਂ ਕੰਪਨੀਆਂ ਵੱਲੋਂ ਸੋਧਿਆ ਜਾ ਰਿਹਾ ਸੀ, ਫਿਰ ਟੈਕਸ ਜੋੜਨ ਤੋਂ ਪਹਿਲਾਂ ਗਡਕਰੀ ਦੇ ਪੁੱਤਰਾਂ ਵੱਲੋਂ ਚਲਾਈਆਂ ਜਾ ਰਹੀਆਂ ਈਥਾਨੌਲ ਫੈਕਟਰੀਆਂ ਨੂੰ ਦੇ ਦਿੱਤਾ ਗਿਆ। ਇਹ ਇੱਕ ਅਜਿਹਾ ਸਿਸਟਮ ਹੈ ਜਿੱਥੇ ਚਾਚਾ ਵੋਟਾਂ ਹੜੱਪਦਾ ਹੈ ਅਤੇ ਭਤੀਜੇ ਪੈਸੇ ਹੜੱਪਦੇ ਹਨ।"

ਆਪਣੇ ਸਵਾਲ ਸਿੱਧੇ ਪ੍ਰਧਾਨ ਮੰਤਰੀ ਵੱਲ ਮੋੜਦਿਆਂ ਖੇੜਾ ਨੇ ਕਿਹਾ, "2021 ਵਿੱਚ ਤੁਸੀਂ ਦਾਅਵਾ ਕੀਤਾ ਸੀ ਕਿ 20 ਫੀਸਦੀ ਈਥਾਨੌਲ ਮਿਸ਼ਰਨ ਕਿਸਾਨਾਂ ਦੀ ਆਮਦਨ ਨੂੰ ਵਧਾਏਗਾ। ਅੰਕੜੇ ਦਿਖਾਓ, ਉਨ੍ਹਾਂ ਨੂੰ ਅਸਲ ਵਿੱਚ ਕਿੰਨਾ ਲਾਭ ਹੋਇਆ? ਜੇਕਰ ਪੈਟਰੋਲ 55 ਰੁਪਏ ਪ੍ਰਤੀ ਲਿਟਰ ਹੋਣਾ ਸੀ, ਤਾਂ ਲੋਕ ਦੁੱਗਣਾ ਕਿਉਂ ਅਦਾ ਕਰ ਰਹੇ ਹਨ? ਗਡਕਰੀ ਦੇ ਪੁੱਤਰਾਂ ਨੂੰ ਲਾਭ ਕਿਉਂ ਹੋਇਆ, ਜਦੋਂ ਕਿ ਖਪਤਕਾਰਾਂ ਨੂੰ ਨਹੀਂ? ਉਨ੍ਹਾ 2014 ਤੋਂ 2025 ਦਰਮਿਆਨ ਪੈਟਰੋਲ ਅਤੇ ਡੀਜ਼ਲ 'ਤੇ ਸੈੱਸ ਵਜੋਂ ਇਕੱਠੇ ਕੀਤੇ ਗਏ ਲੱਗਭੱਗ 40 ਲੱਖ ਕਰੋੜ ਰੁਪਏ ਦਾ ਪੂਰਾ ਹਿਸਾਬ ਮੰਗਿਆ। ਖੇੜਾ ਨੇ ਪੁੱਛਿਆ, "ਸਰਕਾਰ ਭ੍ਰਿਸ਼ਟਾਚਾਰ ਲਈ ਜ਼ੀਰੋ ਟਾਲਰੈਂਸ ਦੀ ਗੱਲ ਕਰਦੀ ਹੈ ਅਤੇ ਸੰਵਿਧਾਨਕ ਸੋਧਾਂ ਨੂੰ ਅੱਗੇ ਵਧਾਉਂਦੀ ਹੈ। ਇਸ ਤੋਂ ਪਹਿਲਾਂ ਕੀ ਤੁਸੀਂ ਆਪਣੇ ਹੀ ਭਤੀਜਿਆਂ ਦੀ ਬ੍ਰਿਗੇਡ ਦੀ ਜਾਂਚ ਦਾ ਆਦੇਸ਼ ਦੇਵੋਗੇ?"

### 1700 ਗਜ਼ਟਿਡ ਅਫਸਰ...

ਫੌਰੀ ਹੱਲ ਨਿਕਲ ਸਕੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਤੱਕ 23 ਜ਼ਿਲ੍ਹਿਆਂ ਦੇ 1698 ਤੋਂ ਵੱਧ ਪਿੰਡ ਪਾਣੀ ਦੀ ਮਾਰ ਹੇਠ ਹਨ ਜਿਸ ਨਾਲ 3.80 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਇਲਾਕਿਆਂ ਵਿੱਚ ਬਚਾਅ ਤੇ ਰਾਹਤ ਕਾਰਜ ਪਹਿਲਾਂ ਹੀ ਜੰਗੀ ਪੱਧਰ 'ਤੇ ਚੱਲ ਰਹੇ ਹਨ ਤਾਂ ਕਿ ਲੋਕਾਂ ਨੂੰ ਸਮੱਸਿਆ ਪੇਸ਼ ਨਾ ਆਵੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਪਤਾ ਲਾਉਣ ਲਈ ਪਹਿਲਾਂ ਹੀ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਨਿਰਪੱਖ ਢੰਗ ਨਾਲ ਗਿਰਦਾਵਰੀ ਕਰਨ ਦੇ ਹੁਕਮ ਦਿੱਤੇ ਗਏ ਹਨ ਤਾਂ ਲੋਕਾਂ ਨੂੰ ਨੁਕਸਾਨ ਦੇ ਇਕ-ਇਕ ਪੈਸੇ ਦਾ ਮੁਆਵਜ਼ਾ ਮਿਲ ਸਕੇ।

### ਕੇਂਦਰ ਵੱਲੋਂ ਪੰਜਾਬ...

ਮੁੜ ਵਸੇਬੇ ਦੇ ਕੰਮਾਂ ਨੂੰ ਤੇਜ਼ ਕਰੇ। ਉਨ੍ਹਾ ਹੜ੍ਹ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ ਖੁੱਲ੍ਹੇ ਦਿਲ ਨਾਲ ਦਾਨ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾ ਭਰੋਸਾ ਦਿੱਤਾ ਕਿ ਪ੍ਰਾਪਤ ਹੋਈ ਹਰ ਸਹਾਇਤਾ ਪਾਰਦਰਸ਼ੀ ਅਤੇ ਜਵਾਬਦੇਹੀ ਨਾਲ ਵਰਤੀ ਜਾਵੇਗੀ, ਤਾਂ ਜੋ ਇੱਕ-ਇੱਕ ਰੁਪਿਆ ਲੋੜਵੰਦਾਂ ਤੱਕ ਪਹੁੰਚ ਸਕੇ। ਚੀਮਾ ਨੇ ਖਪਤਕਾਰਾਂ ਦੇ ਹੱਕ ਵਿੱਚ ਜੀ ਐੱਸ ਟੀ ਦਰਾਂ ਦੀ ਕਟੌਤੀ ਦਾ ਸੁਆਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸ਼ੁਰੂ ਤੋਂ ਹੀ ਇਸ ਦੀ ਮੰਗ ਕਰ ਰਹੀ ਸੀ। ਉਨ੍ਹਾ ਕਿਹਾ ਕਿ ਨਵੇਂ 2-ਸਲੈਬ ਜੀ ਐੱਸ ਟੀ ਦਰ ਢਾਂਚੇ ਦੇ ਲਾਭ ਆਮ ਲੋਕਾਂ ਤੱਕ ਪਹੁੰਚਾਏ ਜਾਣੇ ਚਾਹੀਦੇ ਹਨ, ਤਾਂ ਜੋ ਮਹਿੰਗਾਈ ਨਾਲ ਜੂਝ ਰਹੇ ਲੋਕਾਂ ਨੂੰ ਰਾਹਤ ਮਿਲ ਸਕੇ। ਵਿੱਤ ਮੰਤਰੀ ਨੇ ਕੇਂਦਰ ਸਰਕਾਰ ਨੂੰ ਰਾਜਾਂ ਨੂੰ ਜੀ ਐੱਸ ਟੀ ਮੁਆਵਜ਼ਾ ਜਾਰੀ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਵਿੱਤੀ ਸਥਿਰਤਾ ਲਈ ਬਹੁਤ ਜ਼ਰੂਰੀ ਹੈ, ਖਾਸ ਕਰਕੇ ਜਦੋਂ ਕਈ ਰਾਜ ਇਸ ਸਮੇਂ ਚੁਣੌਤੀਆਂ ਅਤੇ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾ ਕਿਹਾ ਕਿ ਖਾਸ ਤੌਰ 'ਤੇ ਪੰਜਾਬ ਪਿਛਲੇ ਚਾਰ ਦਹਾਕਿਆਂ ਦੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੇਂਦਰ ਸਰਕਾਰ ਨੂੰ ਜੀ ਐੱਸ ਟੀ ਮੁਆਵਜ਼ਾ ਜਾਰੀ ਰੱਖਣ ਦੇ ਨਾਲ-ਨਾਲ ਸੂਬੇ ਦੇ ਹੜ੍ਹ ਪੀੜਤਾਂ ਲਈ ਤੁਰੰਤ ਵਿੱਤੀ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ।

### ਕੇਂਦਰ ਪੰਜਾਬ ਨੂੰ ਵਿਸ਼ੇਸ਼...

ਪਰਵਾਰ ਨੂੰ ਤੁਰੰਤ ਇੱਕ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ। ਪੂਰੀ ਤਰ੍ਹਾਂ ਤਬਾਹ ਹੋਈ ਫਸਲ ਦਾ ਪ੍ਰਤੀ ਏਕੜ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਹਰ ਇੱਕ ਮਜ਼ਦੂਰ ਪਰਵਾਰ ਨੂੰ ਤੀਹ ਹਜ਼ਾਰ ਰੁਪਏ ਮਾਲੀ ਮਦਦ ਦਿੱਤੀ ਜਾਵੇ।

ਕਮਿਊਨਿਸਟ ਆਗੂ ਨੇ ਅੱਗੇ ਕਿਹਾ ਕਿ ਨਵੇਂ ਪਾਣੀ ਦੀ ਆਮਦ ਨੂੰ ਧਿਆਨ ਵਿੱਚ ਰੱਖਦੇ ਹੋਏ 31 ਮਈ ਤੋਂ ਪਹਿਲਾਂ ਡੈਮ ਕਿਉਂ ਖ਼ਾਲੀ ਨਹੀਂ ਕੀਤੇ ਗਏ, ਮੁੱਖ ਮੰਤਰੀ ਜਾਂਚ ਕਰਵਾ ਕੇ ਜ਼ੁੰਮੇਵਾਰ ਅਧਿਕਾਰੀਆਂ ਖਿਲਾਫ ਢੁਕਵੀਂ ਕਾਰਵਾਈ ਨੂੰ ਯਕੀਨੀ ਬਣਾਉਣ। ਕਮਿਊਨਿਸਟ ਆਗੂ ਨੇ ਪੰਜਾਬ ਪ੍ਰਤੀ ਕੇਂਦਰ ਸਰਕਾਰ ਦੇ ਮਤਰੇਈ ਮਾਂ ਵਾਲੇ ਵਤੀਰੇ ਦੀ ਸਖ਼ਤ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਪੰਜਾਬ ਨੂੰ ਖੁੱਲ੍ਹੇ ਦਿਲ ਨਾਲ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਬਿਆਨ ਦੇ ਅਖੀਰ ਵਿੱਚ ਕਮਿਊਨਿਸਟ ਆਗੂ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਹੜ੍ਹਾਂ ਉਪਰੰਤ ਪਾਣੀ ਨਾਲ ਜੁੜੀਆਂ ਅਨੇਕਾਂ ਬਿਮਾਰੀਆਂ ਲੋਕਾਂ ਨੂੰ ਘੇਰਨਗੀਆਂ, ਜਿਸ ਦੇ ਬਚਾਅ ਲਈ ਲੋੜੀਂਦੀਆਂ ਦਵਾਈਆਂ ਸਮੇਤ ਸਿਹਤ ਵਿਭਾਗ ਨੂੰ ਢੁਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ।

### ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ...

ਮੁਲਾਜ਼ਮਾਂ ਦਾ ਇੱਕਜੁੱਟ ਹੋਣਾ ਸਮੇਂ ਲੋੜ ਹੈ। ਉਹਨਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਨਰੇਗਾ ਕਾਨੂੰਨ ਨੂੰ ਬੰਦ ਕਰਨ ਵੱਲ ਪੈਰ ਖਿਸਕਾਅ ਰਹੀ ਹੈ। ਨਰੇਗਾ ਹੀ ਇੱਕੋ-ਇੱਕ ਕੰਮ ਹੈ, ਜਿਸ ਨਾਲ ਮਜ਼ਦੂਰ ਵਰਗ ਆਪਣਾ ਥੋੜ੍ਹਾ-ਬਹੁਤਾ ਗੁਜ਼ਾਰਾ ਕਰਦਾ ਹੈ। ਇਸ ਲਈ ਨਰੇਗਾ ਕੰਮ ਕਿਸੇ ਵੀ ਹਾਲਤ 'ਚ ਬੰਦ ਨਹੀ ਹੋਣ ਦੇਵਾਂਗੇ। ਉਹਨਾਂ ਪੰਜਾਬ ਵਿਚ ਆਏ ਹੜ੍ਹਾਂ ਨਾਲ ਪ੍ਰਭਾਵਤ ਜ਼ਿਲ੍ਹਿਆਂ ਬਾਰੇ ਵੀ ਚਿੰਤਾ ਪ੍ਰਗਟਾਈ। ਉਹਨਾ 21 ਸਤੰਬਰ ਦੀ ਰੈਲੀ 'ਚ ਵੱਧ ਤੋ ਵੱਧ ਸਾਥੀਆਂ ਨੂੰ ਪਹੁੰਚਣ ਦੀ ਅਪੀਲ ਕੀਤੀ। ਇਹ ਮੀਟਿੰਗ ਬਹੁਤ ਹੀ ਉਤਸ਼ਾਹਜਨਕ ਰਹੀ। ਰੈਲੀ ਵਿੱਚ ਵੱਡੇ ਪੱਧਰ 'ਤੇ ਸ਼ਾਮਲ ਹੋਣ ਲਈ ਸਾਥੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।

### ਧਾਲੀਵਾਲ ਵੱਲੋਂ 2 ਹਜ਼ਾਰ...

ਜਾਨੀ-ਮਾਲੀ ਨੁਕਸਾਨ ਦੀ ਬਰਬਾਦੀ ਲਿਆਉਂਦਾ ਹੈ। ਇਸ ਤੋਂ ਪਹਿਲਾਂ ਕੌਮਾਂਤਰੀ ਹਵਾਈ ਅੱਡਾ ਸ੍ਰੀ ਗੁਰੂ ਰਾਮਦਾਸ ਜੀ ਰਾਜਾਸਾਂਸੀ (ਅੰਮ੍ਰਿਤਸਰ) ਵਿਖੇ ਧਾਲੀਵਾਲ ਨੇ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਜਿੱਥੇ ਕੇਂਦਰੀ ਮੰਤਰੀ ਚੌਹਾਨ ਦਾ ਪੰਜਾਬ ਸਰਕਾਰ ਵੱਲੋਂ ਸੁਆਗਤ ਕੀਤਾ, ਉਥੇ ਹਲਕਾ ਅਜਨਾਲਾ ਦੇ ਹੜ੍ਹ ਪੀੜਤਾਂ ਦੇ ਪੁਨਰ ਵਸੇਬੇ ਤੇ ਰਾਹਤ ਲਈ ਪਹਿਲੇ ਪੜਾਅ 'ਚ 2 ਹਜ਼ਾਰ ਕਰੋੜ ਰੁਪਏ ਦਾ ਵਿੱਤੀ ਪੈਕੇਜ ਦੇਣ ਅਤੇ ਪੰਜਾਬ ਸਰਕਾਰ ਦੇ ਕੇਂਦਰ ਸਰਕਾਰ ਵੱਲ ਬਕਾਇਆ ਪਏ 60 ਹਜ਼ਾਰ ਕਰੋੜ ਰੁਪਏ ਦੇ ਫੰਡ ਵੀ ਫੌਰੀ ਤੌਰ 'ਤੇ ਜਾਰੀ ਕਰਵਾਉਣ ਲਈ ਮੰਗ ਪੱਤਰ ਸੌਂਪਦਿਆਂ ਅਪੀਲ ਕੀਤੀ ਕਿ ਇਹ ਰਕਮਾਂ ਜਾਰੀ ਕਰਵਾਉਣ ਲਈ ਪਹਿਲ-ਕਦਮੀ ਕੀਤੀ ਜਾਵੇ। ਚੌਹਾਨ ਨੇ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਜਲਦੀ ਹੀ ਰਾਹਤ ਅਤੇ ਪੁਨਰਵਾਸ ਲਈ ਲੋੜੀਂਦੀ ਸਹਾਇਤਾ ਪੰਜਾਬ ਸਰਕਾਰ ਨੂੰ ਜਾਰੀ ਕਰਨ ਲਈ ਉਚਿੱਤ ਕਦਮ ਚੁੱਕੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

5 Sep Page 3.qxd 9/4/2025 10:58 PM Page 1



## ਹੜ੍ਹ ਪੀੜਤਾਂ ਦੀ ਸਾਰ ਲੈਣ ਲਈ ਡੀ ਸੀ ਤੇ ਜ਼ਿਲ੍ਹਾ ਪੁਲਸ ਮੁਖੀ ਟਰੈਕਟਰਾਂ 'ਤੇ ਚੜ੍ਹ ਕੇ ਪੁੱਜੇ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-** ਰਾਵੀ ਦੀ ਸ਼ਹ ਤੋਂ ਵੱਧ ਮਾਰ ਹੇਠ ਆਏ ਇਲਾਕੇ ਦੇ ਕਿ ਰਮਦਾਸ ਤੋਂ ਵੀ ਅੱਗੇ ਦੇ ਪਿੰਡ ਹਨ, ਵਿੱਚ ਰਹਿ ਰਹੇ ਲੋਕਾਂ ਦੀ ਸਾਰ ਲੈਣ ਲਈ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਜ਼ਿਲ੍ਹਾ ਪੁਲਸ ਮੁੱਖੀ ਮਨਿੰਦਰ ਸਿੰਘ ਟਰੈਕਟਰਾਂ ਉਤੇ ਚੜ੍ਹ ਕੇ ਪੁੱਜੇ।ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ, ਖੁਸ਼ਹਾਲ ਸਿੰਘ ਧਾਲੀਵਾਲ, ਸੈਕਟਰੀ ਰੈੱਡ ਕਰਾਸ ਸੈਮਸਨ ਮਸੀਹ ਅਤੇ ਰਾਹਤ ਕੰਮਾਂ ਵਿੱਚ ਲੱਗੇ ਹੋਰ ਅਧਿਕਾਰੀ ਵੀ ਸਨ।ਉਕਤ ਟੀਮ ਨੇ ਨੰਗੇ ਪੈਰੀਂ ਪਾਣੀ ਵਿੱਚ ਕਈ ਕਿਲੋਮੀਟਰ ਤੁਰ ਕੇ ਅੜਾਇਆ, ਬਉਲੀ, ਮੱਲੀ ਆਦਿ ਪਿੰਡਾਂ ਅਤੇ ਡੇਰਿਆਂ ਉਤੇ ਰਹਿ ਰਹੇ ਲੋਕਾਂ ਤੱਕ ਪਹੁੰਚ ਕੀਤੀ।ਉਨ੍ਹਾਂ ਨੇ ਲੋਕਾਂ ਦੀ ਸਿਹਤ ਦਾ ਹਾਲ ਜਾਣਿਆ ਅਤੇ ਉਨ੍ਹਾਂ ਦੇ ਘਰ, ਬਾਹਰ, ਪਸ਼ੂ ਡੰਗਰ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ 140 ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਵਿੱਚ ਲਗਭਗ ਇਕ ਲੱਖ 17 ਹਜ਼ਾਰ ਤੋਂ ਵੱਧ ਆਬਾਦੀ ਪ੍ਰਭਾਵਿਤ ਹੋਈ ਹੈ।ਉਨ੍ਹਾਂ ਦੱਸਿਆ ਕਿ ਹੁਣ ਤੱਕ ਤਿੰਨ ਮਨੁੱਖੀ ਜਾਨਾਂ ਹੜ੍ਹਾਂ ਦੀ ਲਪੇਟ ਵਿੱਚ ਆਈਆਂ ਹਨ।ਇਸ ਤੋਂ ਇਲਾਵਾ 6 ਪਸ਼ੂਆਂ ਦੇ ਮਰਨ, 73 ਘਰਾਂ ਦੇ ਢਹਿ ਜਾਣ, ਲਗਭਗ 23 ਹਜ਼ਾਰ ਹੈਕਟੇਅਰ ਫ਼ਸਲ ਬਰਬਾਦ ਹੋਣ ਅਤੇ ਖੇਤੀ ਮਸ਼ੀਨਰੀ ਨੁਕਸਾਨੇ ਜਾਣ ਜਾਂ ਰੁੜ੍ਹਨ ਦੀਆਂ ਰਿਪੋਰਟਾਂ ਮਿਲੀਆਂ ਹਨ।ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ 16 ਰਾਹਤ ਕੈਂਪ ਚਲਾਏ ਜਾ ਰਹੇ ਹਨ, ਜਿੱਥੇ ਲੋੜਵੰਦਾਂ ਨੂੰ ਲੋੜੀਂਦੀਆਂ ਵਸਤਾਂ ਦਿੱਤੀਆਂ ਜਾ ਰਹੀਆਂ ਹਨ, ਪਸ਼ੂਆਂ ਦਾ ਚਾਰਾ ਦਿੱਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਡਾਕਟਰੀ ਟੀਮਾਂ ਇੱਥੇ ਮਨੁੱਖਾਂ ਅਤੇ ਪਸ਼ੂਆਂ ਦਾ ਇਲਾਜ ਕਰ ਰਹੀਆਂ ਹਨ। ਸਾਡੀ ਕੋਸ਼ਿਸ਼ ਹੈ ਕਿ ਕੁਦਰਤੀ ਆਫ਼ਤ ਨਾਲ ਜੋ ਨੁਕਸਾਨ ਹੋਣਾ ਸੀ, ਉਹ ਤਾਂ ਅਸੀਂ ਨਹੀਂ ਬਚਾਅ ਸਕੇ ਪਰ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਾਲ ਕੋਈ ਨੁਕਸਾਨ ਨਾ ਹੋਵੇ।ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਸੰਕਟ ਵੇਲੇ ਜ਼ਿਲ੍ਹਾ ਹੈਲਪਲਾਈਨ ਨੰਬਰ 0183-2229125 ਉਤੇ ਫੋਨ ਕਰਨ ਤਾਂ ਜੋ ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕੇ।

## ਕਟਾਰੀਆ ਨੇ ਜ਼ਿਲ੍ਹਾ ਪਠਾਨਕੋਟ ਦੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਕੀਤਾ ਦੌਰਾ

**ਪਠਾਨਕੋਟ (ਦਵਿੰਦਰ ਸਿੰਘ)-** ਪੰਜਾਬ ਉਤੇ ਜੋ ਅੱਜ ਸੰਕਟ ਦੀ ਘੜੀ ਆਈ ਹੈ ਹੜ੍ਹ ਦੇ ਨਾਲ ਕੁਝ ਜ਼ਿਲਿਆਂ ਅੰਦਰ ਲੋਕਾਂ ਦਾ ਜਨਜੀਵਨ ਪ੍ਰਭਾਵਤ ਹੋਇਆ ਹੈ, ਅਜਿਹੀ ਸਥਿਤੀ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੋਵੇਂ ਪੰਜਾਬ ਦੇ ਲੋਕਾਂ ਨੂੰ ਹਰ ਸੰਭਵ ਮਦਦ ਪਹੁੰਚਾਉਣ ਲਈ ਵਚਨਬੱਧ ਹਨ। ਇਹ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਜ਼ਿਲ੍ਹਾ ਪਠਾਨਕੋਟ ਦੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ ਕਰਨ ਮਗਰੋਂ ਕੀਤਾ। ਮਾਨਯੋਗ ਰਾਜਪਾਲ ਪੰਜਾਬ ਰਾਵੀ ਦਰਿਆ ਤੇ ਬਣਾਏ ਗਏ ਕਥਲੌਰ ਪੁਲ 'ਤੇ ਪਹੁੰਚੇ ਅਤੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ ਕੀਤਾ, ਰਾਵੀ ਦਰਿਆ ਦਾ ਨਿਰੀਖਣ ਕੀਤਾ ਅਤੇ ਮਾਧੋਪੁਰ ਹੈੱਡਵਰਕਸ ਦਾ ਵੀ ਜਾਇਜ਼ਾ ਲਿਆ।ਜ਼ਿਲ੍ਹਾ ਪਠਾਨਕੋਟ ਦੇ ਬਲਾਕ ਬਮਿਆਲ ਵਿੱਚ ਰਾਵੀ ਦਰਿਆ ਤੇ ਬਣੇ ਪੁਲ 'ਤੇ ਪੰਜਾਬ ਦੇ ਗਵਰਨਰ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਪ੍ਰਭਾਵਤ ਪਰਵਾਰਾਂ ਨੂੰ ਰਾਹਤ ਅਤੇ ਪੁਨਰਵਾਸ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਅਤੇ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ, ਦਲਜਿੰਦਰ ਸਿੰਘ ਢਿੱਲੋਂ ਐਸ ਐਸ ਪੀ ਪਠਾਨਕੋਟ ਵੱਲੋਂ ਜ਼ਿਲ੍ਹਾ ਪਠਾਨਕੋਟ ਨੇ ਰਾਵੀ ਦਰਿਆ ਦੇ ਵਧਦੇ ਪਾਣੀ ਕਾਰਨ ਜ਼ਿਲ੍ਹਾ ਪਠਾਨਕੋਟ ਵਿੱਚ ਬਣੀ ਹੜ੍ਹਾਂ ਦੀ ਸਥਿਤੀ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਸੈਨਾ ਵੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਡਰੋਨ ਦੀ ਮਦਦ ਨਾਲ ਦਰਿਆ 'ਤੇ ਪੂਰੀ ਨਿਗਰਾਨੀ ਰੱਖ ਰਹੀ ਹੈ। ਕਟਾਰੀਆ ਨੇ ਭਰੋਸਾ ਦਵਾਇਆ ਕਿ ਇਸ ਸੰਕਟ ਦੀ ਘੜੀ ਵਿੱਚ ਕੇਂਦਰ ਅਤੇ ਰਾਜ ਸਰਕਾਰ ਪੂਰੀ ਤਰ੍ਹਾਂ ਲੋਕਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਨੁਕਸਾਨ ਦੀ ਵਿਸਥਾਰਪੂਰਵਕ ਜਾਂਚ ਤੋਂ ਬਾਅਦ ਪ੍ਰਭਾਵਤ ਪਰਵਾਰਾਂ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਇਸ ਕੁਦਰਤੀ ਕਰੋਪੀ ਨਾਲ ਨਜਿੱਠਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚਾ ਮੰਤਰੀ ਮੰਡਲ ਤੇ ਵਿਧਾਇਕ ਵੀ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਹੜ੍ਹ ਦੀ ਆਫ਼ਤ ਨਾਲ ਨਜਿੱਠਣ ਲਈ ਜਿਵੇਂ ਸਮੂਹ ਪੰਜਾਬੀਆਂ ਨੇ ਇਕਜੁੱਟਤਾ ਦਿਖਾਈ ਹੈ ਉਹ ਆਪਣੇ ਆਪ ਵਿੱਚ ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਮਿਲ ਕੇ ਇਸ ਸੰਕਟ ਉੱਪਰ ਜ਼ਰੂਰ ਕਾਬੂ ਪਾ ਲਵਾਂਗੇ। ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਉਨ੍ਹਾਂ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਹੋਈ ਹੈ ਅਤੇ ਉਨ੍ਹਾਂ ਨੇ ਹੜ੍ਹਾਂ ਦੀ ਸਥਿਤੀ ਤੋਂ ਜਾਣੂ ਕਰਵਾਇਆ ਹੈ।ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਮਾਨ ਨੂੰ ਫੋਨ ਕਰਕੇ ਸੂਬੇ ਵਿੱਚ ਹੜ੍ਹਾਂ ਦੀ ਸਥਿਤੀ ਦੀ ਜਾਣਕਾਰੀ ਹਾਸਲ ਕੀਤੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਨੂੰ ਇਸ ਸੰਕਟ ਵਿੱਚ ਪੰਜਾਬ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਪੰਜਾਬ ਪੁਲਸ ਅਤੇ ਭਾਰਤੀ ਫ਼ੌਜ ਨੇ ਅਹਿਮ ਯੋਗਦਾਨ ਦਿੱਤਾ ਅਤੇ ਲੋਕਾਂ ਦੀਆਂ ਜਾਨਾਂ ਬਚਾ ਕੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ ਤੇ ਪਹੁੰਚਾਇਆ ਅਤੇ ਫਿਰ ਰਾਹਤ ਸਮੱਗਰੀ ਲੋਕਾਂ ਤੱਕ ਪਹੁੰਚਾਈ ਇਹ ਬਹੁਤ ਹੀ ਪ੍ਰਸ਼ੰਸਾ ਦਾ ਕਾਰਜ ਹੈ।



## 30 ਤੱਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ 10% ਦੀ ਦਿੱਤੀ ਜਾਵੇਗੀ ਰਿਬੇਟ : ਕਮਿਸ਼ਨਰ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)-** ਵਿਕਰਮਜੀਤ ਸਿੰਘ, ਐਸ.ਡੀ.ਐਮ-ਕਮ-ਕਮਿਸ਼ਨਰ ਕਾਰਪੋਰੇਸ਼ਨ ਬਟਾਲਾ ਨੇ ਬਟਾਲਾ ਸ਼ਹਿਰ ਦੇ ਵਾਸੀਆਂ ਨੂੰ ਅਪੀਲ ਕਿ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30 ਸਤੰਬਰ ਹੈ ਅਤੇ 30 ਸਤੰਬਰ 2025 ਤੱਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ 10% ਰਿਬੇਟ ਦਿੱਤੀ ਜਾਵੇਗੀ ਅਤੇ 30 ਸਤੰਬਰ ਤੋਂ ਬਾਅਦ ਪੈਨਲਟੀ ਅਤੇ ਵਿਆਜ ਸਮੇਤ ਜੁਰਮਾਨਾ ਵਸੂਲਿਆ ਜਾਵੇਗਾ। ਕਮਿਸ਼ਨਰ ਕਾਰਪੋਰੇਸ਼ਨ ਨੇ ਅੱਗੇ ਕਿਹਾ ਕਿ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣਾ ਹਰ ਸ਼ਹਿਰੀ ਦੀ ਜ਼ਿੰਮੇਵਾਰੀ ਬਣਦੀ ਹੈ, ਤਾਂ ਜੋ ਇਸ ਟੈਕਸ ਦੀ ਰਕਮ ਨੂੰ ਸ਼ਹਿਰ ਦੀ ਡਿਵੈਲਪਮੈਂਟ ਤੇ ਲਗਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੀ ਜ਼ਿੰਮੇਵਾਰੀ ਨਾ ਸਮਝਦੇ ਹੋਏ 30 ਸਤੰਬਰ ਤੋਂ ਪਹਿਲਾਂ-ਪਹਿਲਾਂ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਮਿਊਂਸਪਲ ਕਾਪੋਰੇਸ਼ਨ ਐਕਟ 1976 ਦੀ ਧਾਰਾ ਅਧੀਨ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।



## ਖ਼ੂਨਦਾਨੀ ਨੌਜਵਾਨ ਅਨਮੋਲਦੀਪ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

**● ਬਲੱਡ ਡੋਨਰਜ਼ ਸੋਸਾਇਟੀ ਗੁਰਦਾਸਪੁਰ ਦਾ ਅਨਮੋਲ ਹੀਰਾ ਸੀ ਅਨਮੋਲਦੀਪ : ਰਾਜੇਸ਼ ਬੱਬੀ**

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਪਿਛਲੇ ਦਿਨੀਂ ਮਣੀਮਹੇਸ਼ ਯਾਤਰਾ ਦੌਰਾਨ ਗੁਰਦਾਸਪੁਰ ਦੇ ਇੱਕ ਨੌਜਵਾਨ ਅਤੇ ਟੀਮ ਬਲੱਡ ਸੋਸਾਇਟੀ ਦੇ ਮੈਂਬਰ ਅਨਮੋਲਦੀਪ ਦਾ ਆਕਸੀਜਨ ਲੈਵਲ ਘਟ ਜਾਣ ਨਾਲ ਦੇਹਾਂਤ ਹੋ ਗਿਆ ਸੀ। ਉਸ ਦੀ 10-11 ਦਿਨਾਂ ਬਾਅਦ ਮ੍ਰਿਤਕ ਦੇਹ ਕੱਲ੍ਹ ਹੈਲੀਕਾਪਟਰ ਰਾਹੀਂ ਪਠਾਨਕੋਟ ਪਹੁੰਚਣ ਦੇ ਬਾਅਦ ਸਿਵਲ ਹਸਪਤਾਲ ਪਠਾਨਕੋਟ ਵਿਖੇ ਅਨਮੋਲ ਦੇ ਪਰਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਗਈ। ਜਿਸ ਦਾ ਅੰਤਿਮ ਸੰਸਕਾਰ ਵੀਰਵਾਰ ਸਵੇਰੇ 10:30 ਵਜੇ ਸ਼ਿਵਭੂਮੀ ਬਟਾਲਾ ਰੋਡ ਗੁਰਦਾਸਪੁਰ ਵਿਖੇ ਕੀਤਾ ਗਿਆ। ਅੰਤਿਮ ਸੰਸਕਾਰ ਮੌਕੇ ਪਹੁੰਚੇ ਬੀ ਡੀ ਐਸ ਦੇ ਮੁੱਖ ਸਲਾਹਕਾਰ ਅਵਤਾਰ ਸਿੰਘ ਘੁੰਮਣ, ਸੀਨੀਅਰ ਮੀਤ ਪ੍ਰਧਾਨ ਮਨੂ ਸ਼ਰਮਾ, ਸ਼ਹਿਰੀ ਪ੍ਰਧਾਨ ਅਭੇ ਮਹਾਜਨ ਅਤੇ ਟੀਮ ਦੇ ਸੰਸਥਾਪਕ ਰਜੇਸ਼ ਬੱਬੀ ਨੇ ਦੱਸਿਆ ਕਿ ਅਨਮੋਲਦੀਪ ਸਿੰਘ ਬਲੱਡ ਡੋਨਰਜ਼ ਸੋਸਾਇਟੀ ਗੁਰਦਾਸਪੁਰ ਦਾ ਸੱਚਮੁੱਚ ਹੀ ਇੱਕ ਅਨਮੋਲ ਹੀਰਾ ਸੀ। ਅਨਮੋਲ ਦਾ ਆਪਣਾ ਬਲੱਡ ਗਰੁੱਪ ਏ ਬੀ ਪੋਜ਼ਟਿਵ ਸੀ, ਇਸ ਲਈ ਜਦ ਵੀ ਕਿਸੇ ਨੂੰ ਏ ਬੀ ਪੋਜ਼ਟਿਵ ਬਲੱਡ ਦੀ ਲੋੜ ਪੈਂਦੀ ਤਾਂ ਅਨਮੋਲ ਸਭ ਤੋਂ ਪਹਿਲਾਂ ਖ਼ੂਨ ਦੇਣ ਵਾਸਤੇ ਪਹੁੰਚ ਜਾਂਦਾ ਸੀ। ਉਹਨਾਂ ਅੱਗੇ ਦੱਸਿਆ ਕਿ ਅਨਮੋਲ ਆਪਣੀ ਮਣੀਮਹੇਸ਼ ਦੀ ਯਾਤਰਾ 'ਤੇ ਜਾਣ ਤੋਂ ਪਹਿਲਾਂ ਦੋ ਅਗਸਤ ਨੂੰ ਕਿਸੇ ਲੋੜਵੰਦ ਮਰੀਜ਼ ਲਈ ਖ਼ੂਨ ਦੇ ਕੇ ਗਿਆ ਸੀ।ਅਨਮੋਲ ਦੇ ਇਸ ਤਰ੍ਹਾਂ ਭਰ ਜਵਾਨੀ ਵਿੱਚ ਬੇਵਕਤ ਤੁਰ ਜਾਣ ਨਾਲ ਸਿਰਫ ਬੀ.ਡੀ.ਐੱਸ ਹੀ ਨਹੀਂ ਸਗੋਂ ਸਮੁੱਚੇ ਸਮਾਜ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅਨਮੋਲ ਦੇ ਅੰਤਿਮ ਸੰਸਕਾਰ ਮੌਕੇ ਸ਼ਹਿਰ ਦੇ ਮੁੱਖ ਕਾਰੋਬਾਰੀਆਂ ਸਮਾਜ ਸੇਵੀ ਸੰਸਥਾਵਾਂ ਤੋਂ ਇਲਾਵਾ ਪੰਜਾਬ ਹੈਲਥ ਕਾਰਪੋਰੇਸ਼ਨ ਸਿਸਟਮ ਦੇ ਚੇਅਰਮੈਨ ਰਮਨ ਬਹਿਲ ਤੇ ਹਲਕਾ ਗੁਰਦਾਸਪੁਰ ਦੇ ਐਮ ਐਲ ਏ ਬਰਿੰਦਰਮੀਤ ਸਿੰਘ ਪਾਹੜਾ ਨੇ ਵੀ ਅਨਮੋਲਦੀਪ ਸਿੰਘ ਨੂੰ ਸ਼ਰਧਾਂਜਲੀ ਦਿੱਤੀ।



## ਤਰਕਸ਼ੀਲ ਸੁਸਾਇਟੀ ਹੜ੍ਹ ਪ੍ਰਭਾਵਤ ਲੋਕਾਂ ਲਈ ਆਈ ਅੱਗੇ

**ਬਰਨਾਲਾ (ਰਾਜਿੰਦਰ ਬਰਾੜ)-** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਨੇ ਆਪਣੇ ਸਾਰੇ ਜ਼ੋਨਾਂ ਅਤੇ ਇਕਾਈਆਂ ਦੇ ਆਗੂਆਂ ਅਤੇ ਮੈਂਬਰਾਂ ਸਮੇਤ ਦੇਸ਼ ਵਿਦੇਸ਼ ਵਿੱਚ ਵਸਦੇ ਹਮਦਰਦ ਸਾਥੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੀ ਸਮਰੱਥਾ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਤੋਂ ਪੀੜਤ ਪਰਵਾਰਾਂ ਦੀ ਵਿੱਤੀ ਮਦਦ ਲਈ ਅੱਗੇ ਆਉਣ। ਇਸ ਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਹੜ੍ਹ ਪੀੜਤ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਭੋਜਨ, ਤਰਪਾਲਾਂ ਅਤੇ ਪਸ਼ੂਆਂ ਦੇ ਚਾਰੇ ਸਮੇਤ ਹਰ ਪ੍ਰਕਾਰ ਦੀ ਫੌਰੀ ਮਦਦ ਪਹੁੰਚਾਉਣ ਦੇ ਉਪਰਾਲੇ ਤੇਜ਼ ਕੀਤੇ ਜਾਣ।ਇਸ ਸਬੰਧੀ ਸੂਬਾ ਵਰਕਿੰਗ ਕਮੇਟੀ ਦੀ ਆਨਲਾਈਨ ਮੀਟਿੰਗ ਵਿੱਚ ਲਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਦਫਤਰ ਸਕੱਤਰ ਹੇਮ ਰਾਜ ਸਟੈਨੋਂ, ਵਿੱਤ ਮੁਖੀ ਰਾਜੇਸ਼ ਅਕਲੀਆ ਅਤੇ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਹੜ੍ਹਾਂ ਦੀ ਕੁਦਰਤੀ ਆਫ਼ਤ ਅਤੇ ਇਨ੍ਹਾਂ ਦੀ ਰੋਕਥਾਮ ਲਈ ਅਗਾਊਂ ਪ੍ਰਬੰਧਾਂ ਵਿੱਚ ਪੰਜਾਬ ਸਰਕਾਰ ਦੀ ਘੋਰ ਲਾਪਰਵਾਹੀ ਤੇ ਬਦਇੰਤਜ਼ਾਮੀ ਨੇ ਪੰਜਾਬ ਦੇ ਪਿੰਡਾਂ ਦੇ ਲੱਖਾਂ ਲੋਕਾਂ ਦੇ ਘਰਾਂ, ਡੰਗਰਾਂ, ਫ਼ਸਲਾਂ, ਪਸ਼ੂ ਚਾਰਾ, ਖੇਤੀ ਸੰਦਾਂ ਅਤੇ ਜ਼ਮੀਨਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ ਜਿਸ ਦੀ ਭਰਪਾਈ ਲਈ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਜੰਗੀ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ।ਉਨ੍ਹਾਂ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪੀੜਤ ਲੋਕਾਂ ਦੀਆਂ ਲੋੜਾਂ ਵਿੱਚੋਂ ਕੁੱਝ ਦੀ ਪੂਰਤੀ ਲਈ ਆਪਣੇ ਯਤਨਾਂ ਨਾਲ ਸਹਾਇਤਾ ਰਾਸ਼ੀ ਇਕੱਠੀ ਕਰਨ ਦੀ ਜਨਤਕ ਮੁਹਿੰਮ ਚਲਾ ਰਹੀ ਹੈ ਅਤੇ ਇਸ ਇੱਕਠੀ ਹੋਈ ਸਹਾਇਤਾ ਰਾਸ਼ੀ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਸਹੀ ਲੋੜਵੰਦਾਂ ਦੀ ਪਹਿਚਾਣ ਕਰਕੇ ਢੁਕਵੇਂ ਸਮੇਂ ਤੇ ਢੁਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਪਾਣੀ ਘਟਣ ਨਾਲ ਜਿਉਂ ਜਿਉਂ ਲੋਕਾਂ ਨੂੰ ਆਪਣੇ ਨੁਕਸਾਨ ਦਾ ਪਤਾ ਚੱਲੇਗਾ ਤਾਂ ਉਹਨਾਂ ਅੱਗੇ ਹੋਰ ਵੀ ਬਹੁਤ ਸਾਰੀਆਂ ਲੋੜਾਂ ਦਰਪੇਸ਼ ਹੋਣਗੀਆਂ ਜਿਨ੍ਹਾਂ ਲਈ ਕਾਫ਼ੀ ਸਮੇਂ ਤੱਕ ਵੱਡੇ ਪੱਧਰ ਤੇ ਵਿੱਤੀ ਸਹਾਇਤਾ ਦੀ ਲੋੜ ਬਣੀ ਰਹੇਗੀ। ਤਰਕਸ਼ੀਲ ਆਗੂਆਂ ਨੇ ਅਪੀਲ ਕੀਤੀ ਕਿ ਇਹ ਸਹਾਇਤਾ ਰਾਸ਼ੀ ਤਰਕਸ਼ੀਲ ਸੁਸਾਇਟੀ ਦੀ ਕਿਸੇ ਵੀ ਇਕਾਈ ਰਾਹੀਂ ਦਿੱਤੀ ਜਾ ਸਕਦੀ ਹੈ। ਸਹਾਇਤਾ ਰਾਸ਼ੀ ਸਿੱਧੀ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਖਾਤਾ ਨੰਬਰ 0044000100282234 ਪੰਜਾਬ ਨੈਸ਼ਨਲ ਬੈਂਕ ਬਰਨਾਲਾ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸਹਾਇਤਾ ਰਾਸ਼ੀ ਦੀ ਸੂਚਨਾ ਸੂਬਾ ਵਿਤ ਮੁਖੀ ਰਾਜੇਸ਼ ਅਕਲੀਆ ਨੂੰ ਮੋਬਾਈਲ ਨੰਬਰ 9815670725 ਦੇ ਵਟਸਐੱਪ 'ਤੇ ਜਾਂ ਕਿਸੇ ਵੀ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਨੂੰ ਜ਼ਰੂਰ ਭੇਜਣ।

**ਪੰਜਾਬ ਤੇ ਕੇਂਦਰ ਸਰਕਾਰਾਂ ਤੋਂ ਜੰਗੀ ਪੱਧਰ 'ਤੇ ਰਾਹਤ ਪਹੁੰਚਾਉਣ ਦੀ ਮੰਗ**

## ਹੜ੍ਹ ਪੀੜਤਾਂ ਦੀ ਮਦਦ ਲਈ ਗੁਰਪ੍ਰੀਤ ਸਿੰਘ ਘੁੱਗੀ ਵੀ ਅੱਗੇ ਆਏ

**ਗੁਰਦਾਸਪੁਰ (ਬਲਵਿੰਦਰ ਸਿੰਘ ਬਿੱਲਾ)-** ਪੰਜਾਬ ਦੇ ਉੱਘੇ ਹਾਸਰਸ ਤੇ ਫ਼ਿਲਮੀ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਵੱਲੋਂ ਅੱਜ ਆਪਣੇ ਸਾਥੀਆਂ ਨਾਲ ਗੁਰਦਾਸਪੁਰ ਵਿਖੇ ਪਹੁੰਚ ਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੜ੍ਹ ਪੀੜਤਾਂ ਦੀ ਸਹਾਇਤਾ ਲਈ 300 ਗੱਦੇ, 700 ਓਡੋਮੋਸ, 700 ਸੈਨੇਟਰੀ ਪੈਡ ਅਤੇ ਪਸ਼ੂਆਂ ਲਈ 30 ਟਨ ਕੈਟਲ ਫੋਡਰ ਰਾਹਤ ਸਮੱਗਰੀ ਵਜੋਂ ਦਿੱਤੇ। ਇਸ ਮੌਕੇ ਘੁੱਗੀ ਨੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਰੀ ਟੀਮ ਵੱਲੋਂ ਦਿਨ-ਰਾਤ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ ਉਹ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਵੀ ਇਸ ਵਿੱਚ ਆਪਣਾ ਅਹਿਮ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਉਹ ਪੁਆਧ ਖੇਤਰ ਦੇ ਸ਼ਹਿਰ ਮੁਹਾਲੀ ਅਤੇ ਮਨੌਲੀ ਪਿੰਡ ਤੋਂ ਆਪਣੇ ਸਾਥੀਆਂ ਨਾਲ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਆਏ ਹਨ ਅਤੇ ਉਨ੍ਹਾਂ ਨੇ ਇਹ ਰਾਹਤ ਸਮੱਗਰੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਏ ਸਹਾਇਤਾ ਕੇਂਦਰ ਵਿੱਚ ਦਿੱਤੀ ਹੈ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੜ੍ਹ ਪੀੜਤਾਂ ਦੀ ਮਦਦ ਕਰਨ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਜ਼ਰੂਰ ਕਰ ਲੈਣ ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਲੋਕਾਂ ਨੂੰ ਕਿਸ ਵਸਤੂ ਦੀ ਜ਼ਰੂਰਤ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਅਤੇ ਆਰ.ਟੀ.ਓ. ਸ੍ਰੀਮਤੀ ਨਵਜੋਤ ਸ਼ਰਮਾ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਲਈ ਗੁਰਪ੍ਰੀਤ ਸਿੰਘ ਘੁੱਗੀ ਤੇ ਉਨ੍ਹਾਂ ਦੇ ਸਾਥੀਆਂ ਦਾ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਵੱਲੋਂ ਧੰਨਵਾਦ ਕੀਤਾ।



## ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਨੇ ਰਾਹਤ ਸਮੱਗਰੀ ਵੰਡੀ




**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-** ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਦੇ ਸੇਵਾਦਾਰਾਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਰਾਹਤ ਸਮੱਗਰੀ ਵੰਡੀ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੇਰੇ ਦੇ ਸੇਵਾਦਾਰਾਂ ਨੇ ਦੱਸਿਆ ਕਿ ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਵੱਲੋਂ ਪਸ਼ੂਆਂ ਦੇ ਚਾਰੇ ਲਈ ਦੋ ਟਰੱਕ ਦੀਨਾਨਗਰ ਦੇ ਨਾਲ ਲੱਗਦੇ ਪਿੰਡ ਦੋਰਾਂਗਲਾ ਵਿੱਚ ਭੇਜੇ ਗਏ ਹਨ।ਉਨ੍ਹਾਂ ਕਿਹਾ ਕਿ ਡੇਰੇ ਦੇ ਸੇਵਾਦਾਰਾਂ ਨੂੰ ਸੂਚਨਾ ਮਿਲੀ ਸੀ ਕਿ ਹੜ੍ਹ ਪ੍ਰਭਾਵਿਤ ਇਨ੍ਹਾਂ ਖੇਤਰਾਂ ਵਿੱਚ ਪਸ਼ੂਆਂ ਦੇ ਚਾਰੇ ਦੀ ਵੱਡੀ ਕਿੱਲਤ ਹੈ ਅਤੇ ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਡੇਰਾ ਬਾਬਾ ਮੁਰਾਦ ਸ਼ਾਹ ਨਕੋਦਰ ਵੱਲੋਂ ਦੋ ਟਰੱਕ ਦੋਰਾਂਗਲਾ ਦੇ ਇਲਾਕੇ ਵਿੱਚ ਭੇਜੇ ਗਏ ਹਨ।ਉਨ੍ਹਾਂ ਨੇ ਕਿਹਾ ਕਿ ਹੜ੍ਹ ਪੀੜਤਾਂ ਨੂੰ ਕੋਈ ਵੀ ਜ਼ਰੂਰਤ ਦੀ ਵਸਤੂ ਲੋੜੀਂਦੀ ਹੋਵੇ ਤਾਂ ਉਹ ਬਾਬਾ ਮੁਰਾਦ ਸ਼ਾਹ ਡੇਰੇ ਨਾਲ ਸੰਪਰਕ ਕਰ ਸਕਦੇ ਹਨ।ਡੇਰਾ ਪ੍ਰਬੰਧਕਾਂ ਵੱਲੋਂ ਜਿੰਨੀ ਵੀ ਸੇਵਾ ਹੋ ਸਕੇਗੀ ਵੱਧ ਤੋਂ ਵੱਧ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਾਨੂੰ ਸਾਰਿਆਂ ਨੂੰ ਜ਼ਰੂਰਤਮੰਦਾਂ ਦੇ ਨਾਲ ਖੜ੍ਹਨਾ ਚਾਹੀਦਾ ਹੈ।

## ਸਿਟਰੋਇਨ ਇੰਡੀਆ ਨੇ ਐੱਚ ਡੀ ਐੱਫ ਸੀ ਬੈਂਕ ਨਾਲ ਕੀਤੀ ਭਾਈਵਾਲੀ

**ਜਲੰਧਰ :** ਸਿਟਰੋਇਨ ਇੰਡੀਆ ਨੇ ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ ਐੱਚ.ਡੀ.ਐੱਫ.ਸੀ. ਬੈਂਕ ਨਾਲ ਭਾਈਵਾਲੀ ਕੀਤੀ ਹੈ, ਤਾਂ ਜੋ ਸਭ ਤੋਂ ਵਧੀਆ ਪ੍ਰਚੂਨ ਅਤੇ ਡੀਲਰ ਵਿੱਤ ਹੱਲ ਪੇਸ਼ ਕੀਤੇ ਜਾ ਸਕਣ। ਅਰਵਿੰਦ ਵੋਹਰਾ, ਗਰੁੱਪ ਹੈੱਡ - ਰਿਟੇਲ ਅਸੇਟਸ ਐੱਚ.ਡੀ.ਐੱਫ.ਸੀ. ਬੈਂਕ ਨੇ ਕਿਹਾ, ਸਾਨੂੰ ਇੱਕ ਸਰਲ ਆਟੋ-ਫਾਈਨਾਂਸਿੰਗ ਯਾਤਰਾ ਦੀ ਪੇਸ਼ਕਸ਼ ਕਰਨ ਲਈ ਸਿਟਰੋਇਨ ਨਾਲ ਭਾਈਵਾਲੀ ਕਰਕੇ ਖੁਸ਼ੀ ਹੋ ਰਹੀ ਹੈ। ਇਸ ਸਮਝੌਤੇ 'ਤੇ ਟੇਲੈਂਟਿਸ ਇੰਡੀਆ ਦੇ ਕਾਰੋਬਾਰ ਮੁਖੀ ਅਤੇ ਨਿਰਦੇਸ਼ਕ - ਰਣਨੀਤਕ ਭਾਈਵਾਲੀ ਅਤੇ ਸੰਸਥਾਗਤ ਕਾਰੋਬਾਰ ਸ਼ਿਸ਼ਿਰ ਮਿਸ਼ਰਾ ਅਤੇ ਐਚ ਡੀ ਐਫ ਸੀ ਬੈਂਕ ਦੇ ਕਾਰੋਬਾਰ ਮੁਖੀ - ਆਟੋ ਲੋਨ, ਇਨਵੈਂਟਰੀ ਫਾਈਨੈਂਸ ਅਤੇ ਦੋ-ਪਹੀਆ ਵਾਹਨ ਲੋਨ ਅਖਿਲੇਸ਼ ਕੁਮਾਰ ਰਾਏ ਨੇ ਹਸਤਾਖਰ ਕੀਤੇ। ਇਸ ਮੌਕੇ ਸਟੇਲੈਂਟਿਸ ਇੰਡੀਆ ਅਤੇ ਐਚ ਡੀ ਐਫ ਸੀ ਬੈਂਕ ਦੇ ਕਈ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

## ਸ਼ੈਰੀ ਕਲਸੀ ਦੇ ਬੋਲਾਂ 'ਤੇ ਖਰੇ ਉੱਤਰੇ ਬਟਾਲਾ ਕਲੱਬ ਦੇ ਜਨਰਲ ਸੈਕਟਰੀ ਰਾਜੀਵ ਵਿੱਗ

**ਬਟਾਲਾ, 3 ਸਤੰਬਰ (ਡਾ. ਮਲਵਿੰਦਰ ਸਿੰਘ)-** ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਵਲੋਂ 12 ਦਸੰਬਰ 1935 ਨੂੰ ਹੋਂਦ ਵਿੱਚ ਆਏ ਬਟਾਲਾ ਕਲੱਬ ਦੀ ਵਿਕਾਸ ਪੱਖੋਂ ਨੁਹਾਰ ਬਦਲਣ ਲਈ ਇੱਕ ਸਾਲ ਪਹਿਲਾਂ ਨਵੀਂ ਟੀਮ ਦਾ ਗਠਨ ਕੀਤਾ ਸੀ, ਜਿਸ ਸਦਕਾ ਬਟਾਲਾ ਕਲੱਬ ਦੀ ਵਿਕਾਸ ਪੱਖੋਂ ਕਾਇਆ ਕਲਪ ਕਰਕੇ, ਬਟਾਲਾ ਕਲੱਬ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਗਈ ਹੈ। ਬਟਾਲਾ ਕਲੱਬ ਰਜਿ : ਦੇ ਜਨਰਲ ਸਕੱਤਰ ਰਾਜੀਵ ਵਿਗ ਨੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ, ਮੈਂ ਸ਼ੈਰੀ ਕਲਸੀ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਮੈਨੂੰ ਕਲੱਬ ਦੀ ਬਿਹਤਰੀ ਲਈ ਕੰਮ ਕਰਨ ਦਾ ਮੌਕਾ ਦਿੱਤਾ ਅਤੇ ਬਟਾਲਾ ਕਲੱਬ ਦੇ ਇਸ ਮਾਣਮੱਤੇ ਅਹੁਦੇ 'ਤੇ ਪਹਿਲਾ ਸਾਲ ਪੂਰਾ ਕਰ ਲਿਆ ਹੈ। ਲਾਇਨ ਰਾਜੀਵ ਵਿਗ ਨੇ ਦੱਸਿਆ ਕਿ ਬਟਾਲਾ ਕਲੱਬ ਵਿਚ ਪਿਛਲੇ ਸਾਲ ਹੋਈ ਨਿਯੁਕਤੀ ਦੌਰਾਨ ਕਾਰਜਕਾਰੀ ਪ੍ਰਧਾਨ ਪੰਜਾਬ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਸੀ ਕਿ ਹੁਣ ਬਟਾਲਾ ਕਲੱਬ ਇਕ ਫੈਮਿਲੀ ਕਲੱਬ ਬਣੇਗੀ। ਉਨ੍ਹਾਂ ਵਲੋਂ ਆਪਣੀ ਟੀਮ ਨਾਲ ਸਖ਼ਤ ਮਿਹਨਤ ਸਦਕਾ ਵਿਧਾਇਕ ਸ਼ੈਰੀ ਕਲਸੀ ਦੇ ਬੋਲ ਪੁਗਾਏ ਹਨ ਅਤੇ ਬਟਾਲਾ ਸ਼ਹਿਰ ਦੀ ਇਸ ਵਿਰਾਸਤ ਨੂੰ ਸਾਂਭਣ ਲਈ ਲਗਾਤਾਰ ਯਤਨਸ਼ੀਲ ਹਨ। ਬਤੌਰ ਜਨਰਲ ਸਕੱਤਰ ਵਜੋਂ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਰਾਜੀਵ ਵਿਗ ਦੇ ਕਾਰਜਕਾਲ ਦੌਰਾਨ ਬਟਾਲਾ ਕਲੱਬ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ, ਜਿਸ ਵਿਚ ਕਲੱਬ ਦੇ ਬੁਨਿਆਦੀ ਢਾਂਚੇ, ਜਿਸ ਵਿੱਚ ਕਮਰੇ ਵੀ ਸ਼ਾਮਲ ਹਨ, ਵਿੱਚ ਕਾਫ਼ੀ ਸੁਧਾਰ ਕੀਤਾ ਗਿਆ ਹੈ। ਚੰਗੇ ਸ਼ੈਫ ਦੇ ਆਉਣ ਨਾਲ ਸਵਾਦਿਸ਼ਟ ਭੋਜਨ ਦੀ ਗੁਣਵੱਤਾ ਵਿੱਚ ਵਾਧਾ ਕੀਤਾ ਗਿਆ ਹੈ, ਜਿਸ ਨਾਲ ਕਲੱਬ ਦੇ ਮੈਂਬਰਾਂ ਲਈ ਇੱਕ ਬਿਹਤਰ ਅਨੁਭਵ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਇਕ ਸਾਲ ਵਿਚ ਗੋਲਡ ਰੂਮ, ਵੈਲਵੇਟ ਰੂਮ, ਪਰਲ ਰੂਮ, ਗਾਰਡਨ ਕੈਫੇ, ਅਤੇ ਬਾਹਰ ਲੱਗੇ ਲੋਗੋ ਨੇ ਕਲੱਬ ਦੀ ਸਾਖ ਨੂੰ ਹੋਰ ਉੱਚਾ ਕੀਤਾ।



## ਅਵਾਰਾ ਕੁੱਤਿਆਂ ਦੇ ਝੁੰਡ ਬਣ ਰਹੇ ਨੇ ਹਾਦਸਿਆਂ ਦਾ ਕਾਰਨ



**ਗੁਰਦਾਸਪੁਰ (ਜਨਕ ਮਹਾਜਨ)-** ਜ਼ਿਲ੍ਹਾ ਗੁਰਦਾਸਪੁਰ ਅਤੇ ਆਸ-ਪਾਸ ਪਿੰਡਾਂ ਵਿਚ ਅਵਾਰਾ ਫਿਰਦੇ ਕੁੱਤਿਆਂ ਦੇ ਝੁੰਡ ਅਕਸਰ ਹੀ ਹਾਦਸੇ ਦਾ ਕਾਰਨ ਬਣ ਰਹੇ ਹਨ। ਆਏ ਦਿਨ ਕੋਈ ਨਾ ਕੋਈ ਕੁੱਤਾ ਵਾਹਨ ਚਾਲਕ ਅੱਗੇ ਆਉਣ ਕਾਰਨ ਚਾਲਕ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ ਪਰ ਸੰਬੰਧਿਤ ਵਿਭਾਗ ਵਲੋਂ ਇਨ੍ਹਾਂ ਅਵਾਰਾ ਦੇ ਕੁੱਤਿਆਂ ਦਾ ਕੋਈ ਹੱਲ ਨਹੀਂ ਕੀਤਾ ਜਾਂਦਾ ਜਿਸ ਕਰਕੇ ਲੋਕਾਂ ਦਾ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਕੁਝ ਲੋਕਾਂ ਨੇ ਦੱਸਿਆ ਕਿ ਅਵਾਰਾ ਕੁੱਤੇ ਸੜਕਾਂ 'ਤੇ ਘੁੰਮਦੇ ਫਿਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਕਿਹਾ ਇਹ ਅਵਾਰਾ ਕੁੱਤੇ ਆਪਣੀ ਭੁੱਖ ਨੂੰ ਮਿਟਾਉਣ ਲਈ ਕਈ ਵਾਰ ਛੋਟੇ ਪਸ਼ੂਆਂ ਦੇ ਬਰਸੂਟਾਂ ਨੂੰ ਜਿੱਥੇ ਆਪਣਾ ਸ਼ਿਕਾਰ ਬਣਾਉਂਦੇ ਹਨ ਉਥੇ ਛੋਟੇ ਬੱਚਿਆਂ ਤੋਂ ਇਲਾਵਾ ਇਨਸਾਨਾਂ ਨੂੰ ਵੀ ਕੱਟ ਲੈਂਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਅਵਾਰਾ ਕੁੱਤਿਆਂ ਦੀ ਗਿਣਤੀ ਦਿਨ-ਪ੍ਰਤੀ-ਦਿਨ ਵਧਦੀ ਜਾ ਰਹੀ ਹੈ ਅਤੇ ਲੋਕਾਂ ਅੰਦਰ ਇਨ੍ਹਾਂ ਦਾ ਖੌਫ ਵੀ ਵਧ ਚੁੱਕਾ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸਮੇਂ ਰਹਿੰਦਾ ਇਨ੍ਹਾਂ ਅਵਾਰਾ ਕੁੱਤਿਆਂ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਹ ਹੋਰ ਵੀ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਣਗੇ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਅਵਾਰਾ ਫ਼ਿਰਦੇ ਕੁੱਤਿਆਂ ਦੇ ਝੁੰਡ ਦਾ ਕੋਈ ਪੱਕਾ ਹੱਲ ਕੀਤਾ ਜਾਵੇ ਤਾਂ ਜੋ ਕੋਈ ਵਾਹਨ ਚਾਲਕ ਇਨ੍ਹਾਂ ਦੀ ਗ੍ਰਿਫ਼ਤ ਵਿਚ ਨਾ ਆ ਸਕੇ।

## ਸੀਏਟ ਵੱਲੋਂ ਆਫ-ਹਾਈਵੇ ਮੋਬਿਲਟੀ 'ਚ ਅਗਲੇ ਵੱਡੇ ਕਦਮ ਦੀ ਸ਼ੁਰੂਆਤ

**ਜਲੰਧਰ :** ਸੀਏਟ ਲਿਮਟਿਡ ਨੇ ਮਿਸ਼ੇਲਿਨ ਗਰੁੱਪ ਦੀ ਕੈਮਸੋ ਕੰਸਟ੍ਰਕਸ਼ਨ ਕੰਪੈਕਟ ਲਾਈਨ ਨੂੰ ਹਾਸਲ ਕਰਕੇ ਆਪਣੀ ਆਫ-ਹਾਈਵੇ ਟਾਇਰਜ਼ (ਓਐੱਚਟੀ) ਵਿਕਾਸ ਰਣਨੀਤੀ ਵਿੱਚ ਇੱਕ ਵੱਡਾ ਮੀਲ ਪੱਥਰ ਐਲਾਨਿਆ ਹੈ।ਇਸ ਪ੍ਰਾਪਤੀ ਵਿੱਚ ਮਿਡੀਗਾਮਾ ਨਿਰਮਾਣ ਪਲਾਂਟ ਅਤੇ ਕੋਟੂਗੋਡਾ, ਸ਼੍ਰੀਲੰਕਾ ਵਿੱਚ ਇੱਕ ਕਾਸਟਿੰਗ ਉਤਪਾਦ ਸਹੂਲਤ ਸ਼ਾਮਲ ਹੈ, ਜਦੋਂ ਕਿ ਸੀਏਟ ਨੂੰ ਤਿੰਨ ਸਾਲਾਂ ਦੀ ਲਾਇਸੈਂਸਿੰਗ ਮਿਆਦ ਦੇ ਬਾਅਦ ਕੈਮਸੋ ਬ੍ਰਾਂਡ ਦੀ ਗਲੋਬਲ ਮਾਲਕੀ ਦਿੱਤੀ ਗਈ ਹੈ।ਇਹ ਕਦਮ ਸੀਏਟ ਨੂੰ ਉੱਚ-ਮਾਰਜਿਨ ਓਐੱਚਟੀ ਹਿੱਸੇ ਵਿੱਚ ਇੱਕ ਮਜ਼ਬੂਤ ਖਿਡਾਰੀ ਵਜੋਂ ਰੱਖਦਾ ਹੈ।ਪਿਛਲੇ ਦਹਾਕੇ ਵਿੱਚ ਸੀਏਟ ਨੇ ਇੱਕ ਮਜ਼ਬੂਤ ਖੇਤੀਬਾੜੀ ਪੋਰਟਫੋਲੀਓ ਵਿਕਸਤ ਕੀਤਾ ਹੈ। ਸੀਏਟ ਨੂੰ ਵਧਾਈ ਦਿੰਦੇ ਹੋਏ ਐੱਚ. ਈ. ਸ਼੍ਰੀਲੰਕਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਤੋਸ਼ ਝਾਅ ਨੇ ਕਿਹਾ ਕਿ ਇਹ ਨਿਵੇਸ਼ ਸ਼੍ਰੀਲੰਕਾ ਵਿੱਚ ਸਭ ਤੋਂ ਵੱਡੇ ਐੱਫ. ਡੀ. ਆਈ. ਯੋਗਦਾਨ ਪਾਉਣ ਵਾਲੇ ਵਜੋਂ ਭਾਰਤ ਦੀ ਵਧਦੀ ਭੂਮਿਕਾ ਦਾ ਪ੍ਰਮਾਣ ਹੈ ਅਤੇ ਸਾਡੇ ਦੇਸ਼ਾਂ ਵਿਚਕਾਰ ਡੂੰਘੀ ਆਰਥਿਕ ਭਾਈਵਾਲੀ ਨੂੰ ਦਰਸਾਉਂਦਾ ਹੈ।

## ਰੰਧਾਵਾ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਜਪਾਲ ਪੰਜਾਬ ਨੂੰ ਦਿੱਤਾ ਮੰਗ ਪੱਤਰ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਡੇਰਾ ਬਾਬਾ ਨਾਨਕ ਤੋਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਡੇਰਾ ਬਾਬਾ ਨਾਨਕ ਵਿਖੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮੰਗ ਪੱਤਰ ਦੇ ਕੇ ਕੇਂਦਰ ਸਰਕਾਰ ਕੋਲੋਂ ਜਿੱਥੇ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਦੀ ਮੰਗ ਰੱਖੀ ਹੈ ਉਥੇ ਨਾਲ ਹੜ੍ਹ ਨਾਲ ਨੁਕਸਾਨੇ ਗਏ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਤੁਰੰਤ ਮੁਰੰਮਤ ਦੀ ਵੀ ਮੰਗ ਕੀਤੀ ਹੈ।ਉਨ੍ਹਾਂ ਨੇ ਰਾਜਪਾਲ ਜ਼ਰੀਏ ਕੇਂਦਰ ਸਰਕਾਰ ਕੋਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਆਰਥਿਕ ਸਹਾਇਤਾ ਦਾ ਪੈਕੇਜ ਮੰਗਿਆ ਹੈ।ਡੇਰਾ ਬਾਬਾ ਨਾਨਕ ਵਿਖੇ ਰਾਜਪਾਲ ਕਟਾਰੀਆ ਨੂੰ ਮੰਗ ਪੱਤਰ ਦਿੰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਰਾਵੀ ਦਰਿਆ ਦੇ ਹੜ੍ਹ ਕਾਰਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ 159 ਪਿੰਡ ਅਤੇ 1 ਲੱਖ ਤੋਂ ਵੱਧ ਵਸੋਂ ਪ੍ਰਭਾਵਿਤ ਹੋਈ ਹੈ।ਹੜ੍ਹਾਂ ਕਾਰਨ ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ ਅਤੇ ਲੋਕਾਂ ਦੀ ਅਤੇ ਸਰਕਾਰੀ ਜਾਇਦਾਦ ਨੂੰ ਵੀ ਵੱਡਾ ਨੁਕਸਾਨ ਪਹੁੰਚਿਆ ਹੈ।ਬਹੁਤ ਸਾਰੇ ਲੋਕਾਂ ਦੇ ਹੜ੍ਹ ਕਾਰਨ ਘਰ ਤਬਾਹ ਹੋ ਗਏ ਹਨ। ਪਾਣੀ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਦੇ ਕਾਰੀਡੋਰ ਨੂੰ ਵੀ ਵੱਡਾ ਨੁਕਸਾਨ ਪਹੁੰਚਿਆ ਹੈ।ਸ. ਰੰਧਾਵਾ ਨੇ ਕਿਹਾ ਕਿ ਹੜ੍ਹਾਂ ਦੌਰਾਨ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਪੰਜਾਬ ਸਰਕਾਰ ਦੀ ਸਰਕਾਰੀ ਮਸ਼ੀਨਰੀ ਦਿਨ-ਰਾਤ ਸੇਵਾ ਵਿੱਚ ਲੱਗੀ ਹੋਈ ਹੈ ਅਤੇ ਇਸ ਦੇ ਨਾਲ ਸਮਾਜ ਸੇਵੀ ਸੰਸਥਾਵਾਂ ਵੀ ਆਪਣਾ ਸਹਿਯੋਗ ਦੇ ਰਹੀਆਂ ਹਨ।ਉਨ੍ਹਾਂ ਦੱਸਿਆ ਕਿ 970 ਵਿਅਕਤੀਆਂ ਨੂੰ ਖ਼ਤਰਨਾਕ ਪੱਧਰ ਤੱਕ ਪਹੁੰਚੇ ਹੜ੍ਹ ਦੇ ਪਾਣੀ ਵਿਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਹੁਣ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਵਲੰਟੀਅਰਜ਼ ਵੱਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ। ਵਿਧਾਇਕ ਰੰਧਾਵਾ ਨੇ ਰਾਜਪਾਲ ਪੰਜਾਬ ਕੋਲੋਂ ਮੰਗ ਕੀਤੀ ਕਿ ਉਹ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਅਤੇ ਮੁੜ-ਵਸੇਬੇ ਲਈ ਕੇਂਦਰ ਸਰਕਾਰ ਕੋਲੋਂ ਤੁਰੰਤ ਆਰਥਿਕ ਸਹਾਇਤਾ ਦਿਵਾਉਣ ਲਈ ਯਤਨ ਕਰਨ।ਉਨ੍ਹਾਂ ਕਿਹਾ ਕਿ ਪਾਕਿਸਤਾਨ ਸਥਿਤ ਪਾਵਨ ਗੁਰਧਾਮ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਵਿਖੇ ਬਣੇ ਕਾਰੀਡੋਰ ਨੂੰ ਵੀ ਹੜ੍ਹਾਂ ਕਾਰਨ ਵੱਡਾ ਨੁਕਸਾਨ ਪਹੁੰਚਿਆ ਹੈ।ਸਮੂਹ ਨਾਨਕ ਨਾਮ ਲੇਵਾ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਤੁਰੰਤ ਮੁਰੰਮਤ ਕਰਕੇ ਇਸ ਨੂੰ ਮੁੜ ਖੋਲ੍ਹਿਆ ਜਾਵੇ।ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਦੇ ਵਸਨੀਕਾਂ ਨੂੰ ਪੂਰੀ ਉਮੀਦ ਹੈ ਕਿ ਸੰਕਟ ਦੀ ਇਸ ਘੜੀ ਵਿੱਚ ਆਪ ਸਾਡੀ ਆਵਾਜ਼ ਨੂੰ ਕੇਂਦਰ ਸਰਕਾਰ ਤੱਕ ਜ਼ਰੂਰ ਪਹੁੰਚਾਉਗੇ।



## ਹੜ੍ਹਾਂ ਨਾਲ ਮਜ਼ਦੂਰਾਂ ਦੇ ਘਰਾਂ ਤੇ ਪਸ਼ੂਆਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਸਪੈਸ਼ਲ ਜਾਂਚ ਕਰਵਾਈ ਜਾਵੇ : ਬਖਤਪੁਰਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਮਜ਼ਦੂਰ ਮੁਕਤੀ ਮੋਰਚਾ ਅਤੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ ਮੀਟਿੰਗ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਵਿਜੇ ਸੋਹਲ ਅਤੇ ਦਲਬੀਰ ਭੋਲੇ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਆਗੂਆਂ ਨੇ ਮੰਗ ਕੀਤੀ ਕਿ ਹੜ੍ਹਾਂ ਨਾਲ ਪ੍ਰਭਾਵਤ ਇਲਾਕਿਆਂ ਸਮੇਤ ਸਮੁੱਚੇ ਪੰਜਾਬ ਵਿੱਚ ਮਜ਼ਦੂਰਾਂ ਦੇ ਘਰਾਂ ਅਤੇ ਪਸ਼ੂਆਂ ਆਦਿ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਸਪੈਸ਼ਲ ਜਾਂਚ ਪੜਤਾਲ ਕਰਵਾਈ ਜਾਵੇ।ਇਸ ਸਬੰਧੀ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਵਿਜੇ ਸੋਹਲ ਅਤੇ ਦਲਬੀਰ ਭੋਲੇ ਨੇ ਦੱਸਿਆ ਕਿ ਬੀਤੇ ਡੇਢ ਦੋ ਹਫਤਿਆਂ ਤੋਂ ਉਹ ਮਜ਼ਦੂਰ ਪਰਵਾਰ ਘਰਾਂ ਵਿੱਚ ਵਿਹਲੇ ਬੈਠੇ ਹਨ, ਜਿਹੜੇ ਰੋਜ਼ਾਨਾ ਦਿਹਾੜੀ ਲਾ ਕੇ ਆਪਣੇ ਘਰਾਂ ਦਾ ਗੁਜ਼ਾਰਾ ਕਰਦੇ ਸਨ, ਮੌਜੂਦਾ ਹੜ੍ਹਾਂ ਅਤੇ ਲੰਬੀ ਬਾਰਸ਼ ਕਾਰਨ ਕਈ ਮਜ਼ਦੂਰ ਪਰਵਾਰਾਂ ਦੇ ਘਰ ਢਹਿ ਢੇਰੀ ਹੋ ਗਏ ਹਨ ਅਤੇ ਕਈ ਮਜ਼ਦੂਰਾਂ ਦੇ ਘਰਾਂ ਵਿੱਚ ਵੱਡੀਆਂ ਤਰੇੜਾਂ ਪੈ ਗਈਆਂ ਹਨ। ਮਜ਼ਦੂਰਾਂ ਦੀ ਇਸ ਮੁਸ਼ਕਲ ਭਰੀ ਹਾਲਤ ਨੂੰ ਦੇਖਦਿਆਂ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਮਜ਼ਦੂਰਾਂ ਕਿਸਾਨਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਸਾਂਝੀ ਨੀਤੀ ਤੈਅ ਕਰਕੇ ਹਰ ਮਜ਼ਦੂਰ ਪਰਵਾਰ ਨੂੰ 20 ਹਜ਼ਾਰ ਰੁਪਏ ਦੀ ਨਗਦੀ ਸਹਾਇਤਾ ਦੇਣੀ ਚਾਹੀਦੀ ਹੈ। ਸੜਕਾਂ, ਨਾਲਿਆਂ ਅਤੇ ਹੜ੍ਹਾਂ ਨਾਲ ਖਰਾਬ ਹੋ ਚੁੱਕੇ ਰਸਤਿਆਂ ਨੂੰ ਸਾਫ ਕਰਨ ਲਈ ਮਨਰੇਗਾ ਦਾ ਰੁਜ਼ਗਾਰ ਮੁਹਈਆ ਕਰਨਾ ਚਾਹੀਦਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਪੰਜਾਬ ਦੇ 32% ਦਲਿਤ ਅਤੇ 22 ਫੀਸਦ ਬੀ ਸੀ ਜ਼ਦੂਰ ਪਰਵਾਰਾਂ ਸਮੇਤ ਬੇਜ਼ਮੀਨੇ ਕਿਸਾਨ ਪਰਵਾਰਾਂ ਦੀ ਵੱਡੀ ਅਤੇ ਪੰਜਾਬ ਦੀ ਕਰੀਬ ਅੱਧੇ ਤੋਂ ਵਧੇਰੇ ਆਬਾਦੀ ਨੂੰ ਯੋਗ ਰਾਹਤ ਦੇਣ ਲਈ ਪ੍ਰਸ਼ਾਸਨਕ ਪੱਧਰ 'ਤੇ ਕਦੇ ਵੀ ਕੋਈ ਨੀਤੀ ਤਿਆਰ ਨਹੀਂ ਕੀਤੀ ਗਈ। ਆਗੂਆਂ ਕਿਹਾ ਕਿ ਮਜ਼ਦੂਰ ਪਰਵਾਰਾਂ ਦੀ ਆਰਥਿਕ ਅਤੇ ਹਰ ਪੱਖੋਂ ਮੰਦੀ ਹਾਲਤ ਨੂੰ ਦੇਖਦਿਆਂ ਫੌਰੀ ਮੰਗਾਂ ਦੇ ਹੱਕ ਵਿੱਚ ਮਜਦੂਰ ਮੁਕਤੀ ਮੋਰਚਾ ਵੱਲੋ ਜਲਦੀ ਹੀ ਤਹਿਸੀਲ ਅਤੇ ਜ਼ਿਲਾ ਪੱਧਰ 'ਤੇ ਰੋਸ ਵਿਖਾਵੇ ਕੀਤੇ ਜਾਣਗੇ ਤਾਂ ਜੋ ਸਰਕਾਰ ਦਾਂ ਧਿਆਨ ਮਜ਼ਦੂਰਾਂ ਦੀ ਵੱਡੀ ਆਬਾਦੀ ਦੀਆਂ ਭਖਵੀਆਂ ਮੰਗਾਂ ਵਾਲੇ ਪਾਸੇ ਦਿਵਾਇਆ ਜਾ ਸਕੇ।ਮੀਟਿੰਗ ਵਿੱਚ ਪ੍ਰੇਮ ਮਸੀਹ ਸੋਨਾ, ਗੁਲਜਾਰ ਸਿੰਘ ਭੁੰਬਲੀ, ਫੂਲ ਚੰਦ, ਬਚਨ ਸਿੰਘ ਬੋਪਾਰਾਏ, ਬਦੋਵਾਲ ਕਲਾਂ, ਕੁਲਦੀਪ ਰਾਜੂ,ਦਰਸ਼ਨ ਖਰੋਟਾ, ਸੁਖਵਿੰਦਰ ਕੌਰ ਅਤੇ ਰਣਜੀਤ ਕੌਰ ਡੰਡਵ ਸ਼ਾਮਲ ਸਨ।



## ਡਿਪਟੀ ਕਮਿਸ਼ਨਰ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ 'ਚ ਸੇਵਾ ਕਰ ਰਹੀਆਂ ਸੰਸਥਾਵਾਂ ਨੂੰ ਅਪੀਲ

**ਗੁਰਦਾਸਪੁਰ (ਜਨਕ ਮਹਾਜਨ)-** ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਕਰ ਰਹੀਆਂ ਸਮੂਹ ਸੇਵਾ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਰਾਹਤ ਸਮੱਗਰੀ ਵੰਡਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਜ਼ਰੂਰ ਕਰ ਲੈਣ ਤਾਂ ਜੋ ਉਨ੍ਹਾਂ ਦੀ ਰਾਹਤ ਸਮੱਗਰੀ ਲੋੜਵੰਦਾਂ ਦੇ ਹੱਥਾਂ ਤੱਕ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਸੇਵਾ ਕਰਦਿਆਂ ਹੜ੍ਹ ਪ੍ਰਭਾਵਤ ਲੋਕਾਂ ਲਈ ਰਾਹਤ ਸਮੱਗਰੀ ਲਿਆਂਦੀ ਜਾ ਰਹੀ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਸਾਰੇ ਹੀ ਦਾਨੀਆਂ ਦਾ ਦਿਲੋਂ ਧੰਨਵਾਦ ਤੇ ਸਤਿਕਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮਾਜ ਸੇਵੀ ਸੰਸਥਾਵਾਂ ਰਾਹਤ ਸਮੱਗਰੀ ਦੇਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਰਾਬਤਾ ਕਰ ਲੈਣ ਤਾਂ ਉਨ੍ਹਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਕਿਸ ਇਲਾਕੇ ਵਿੱਚ ਮਦਦ ਦੀ ਜ਼ਿਆਦਾ ਜ਼ਰੂਰਤ ਹੈ ਅਤੇ ਹੜ੍ਹ ਪੀੜਤਾਂ ਦੀਆਂ ਲੋੜਾਂ ਕੀ ਹਨ। ਉਨ੍ਹਾਂ ਕਿਹਾ ਕਿ ਜੇਕਰ ਹੜ੍ਹ ਪ੍ਰਭਾਵਤ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਉਹ ਵਸਤਾਂ ਉਨ੍ਹਾਂ ਨੂੰ ਦਿੱਤੀਆਂ ਜਾਣ ਤਾਂ ਇਸ ਦਾ ਜ਼ਿਆਦਾ ਲਾਭ ਪਹੁੰਚੇਗਾ ਅਤੇ ਸੇਵਾ ਕਰਨ ਵਾਲਿਆਂ ਦੀ ਸੇਵਾ ਵੀ ਸਫਲ ਹੋਵੇਗੀ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵਲੋਂ ਹੜ੍ਹ ਪ੍ਰਭਾਵਿਤ ਖੇਤਰ ਵਿਚ ਰਾਹਤ ਕਾਰਜਾਂ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਉਣ ਲਈ ਗੁਰਦਾਸਪੁਰ ਸ਼ਹਿਰ ਦੇ ਪੰਚਾਇਤ ਭਵਨ ਵਿਖੇ ਜ਼ਿਲ੍ਹਾ ਪੱਧਰੀ ਸਹਿਯੋਗ ਕੇਂਦਰ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਜ਼ਿਲ੍ਹਾ ਪੱਧਰੀ ਸਹਿਯੋਗ ਕੇਂਦਰ ਦੇ ਨੋਡਲ ਅਫ਼ਸਰ ਆਰ.ਟੀ.ਓ. ਨਵਜੋਤ ਸ਼ਰਮਾ ਨੂੰ ਲਗਾਇਆ ਗਿਆ ਹੈ ਜਿਨ੍ਹਾਂ ਦਾ ਸੰਪਰਕ ਨੰਬਰ 96469-62024 ਹੈ। ਉਨ੍ਹਾਂ ਕਿਹਾ ਕਿ ਰਾਹਤ ਸਮਗਰੀ ਵੰਡਣ ਤੋਂ ਪਹਿਲਾਂ ਉਨ੍ਹਾਂ ਨਾਲ ਸੰਪਰਕ ਜ਼ਰੂਰ ਕਰ ਲਿਆ ਜਾਵੇ ਤਾਂ ਜੋ ਸਮਾਜ ਸੇਵੀ ਸੰਸਥਾਵਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਰ ਤਰ੍ਹਾਂ ਦੀ ਜਾਣਕਾਰੀ ਤੇ ਸਹਿਯੋਗ ਦਿੱਤਾ ਜਾ ਸਕੇ।



## ਹੜ੍ਹ ਪ੍ਰਭਾਵਤ ਖੇਤਰਾਂ 'ਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਗਾਏ ਜਾ ਰਹੇ ਮੈਡੀਕਲ ਕੈਂਪ : ਸਿਵਲ ਸਰਜਨ

**ਤਰਨ ਤਾਰਨ ( ਪ੍ਰਿਤਪਾਲ ਸਿੰਘ )-** ਜ਼ਿਲ੍ਹਾ ਤਰਨ ਤਾਰਨ ਵਿੱਚ ਨਾਜ਼ੁਕ ਬਣੀ ਹੋਈ ਹੜ੍ਹਾਂ ਦੀ ਸਥਿਤੀ ਨੂੰ ਦੇਖਦਿਆਂ ਹੋਇਆਂ ਸਿਹਤ ਮੰਤਰੀ ਡਾ: ਬਲਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਰਾਹੁਲ ਦੇ ਹੁਕਮਾਂ ਤਹਿਤ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਕਾਰਜਕਾਰੀ ਸਿਵਲ ਸਰਜਨ ਡਾ. ਸਤਵਿੰਦਰ ਭਗਤ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਮੈਡੀਕਲ ਕੈਂਪ ਲਗਾਤਾਰ ਜਾਰੀ ਹਨ ਅਤੇ ਸਿਹਤ ਵਿਭਾਗ ਵੱਲੋਂ ਪ੍ਰਭਾਵਿਤ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਸਿਹਤ ਮੰਤਰੀ ਡਾ: ਬਲਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਰਾਹੁਲ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਲਗਾਤਾਰ ਵਿਸ਼ੇਸ਼ ਮੈਡੀਕਲ ਕੈਂਪਾਂ ਰਾਹੀਂ ਹੜ੍ਹ ਪ੍ਰਭਾਵਤ ਲੋਕਾਂ ਨੂੰ ਸਾਰੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਰਜਕਾਰੀ ਸਿਵਲ ਸਰਜਨ ਡਾ. ਸਤਵਿੰਦਰ ਭਗਤ ਨੇ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ ਹੜ੍ਹਾਂ ਦਾ ਪਾਣੀ ਆਉਣ ਕਾਰਨ ਜ਼ਿਲ੍ਹੇ ਦਾ ਕਾਫ਼ੀ ਖੇਤਰ ਪ੍ਰਭਾਵਤ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ 14 ਸਰਕਾਰੀ ਐਂਬੂਲੈਂਸਾਂ, 10 ਪ੍ਰਾਈਵੇਟ ਐਂਬੂਲੈਂਸਾਂ (ਐਮਰਜੈਂਸੀ), 8 ਮੋਬਾਈਲ ਟੀਮਾਂ, 7 ਰੈਪਿਡ ਰਿਸਪੌਂਸ, 14 ਮੈਡੀਕਲ ਕੈਂਪ ਟੀਮਾਂ ਅਤੇ 21 ਰਿਲੀਫ ਕੈਂਪ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਸਾਨੂੰ ਇਸ ਸਥਿਤੀ ਨਾਲ ਨਜਿੱਠਣ ਲਈ ਭੋਜਨ ਬਣਾਉਣ ਅਤੇ ਭੋਜਨ ਖਾਣ ਸੰਬੰਧੀ ਸਾਫ਼ ਪਾਣੀ ਦੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ, ਤਾਂ ਜੋ ਪਾਣੀ ਇਕੱਠਾ ਹੋਣ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ ਵਿੱਚ ਦਵਾਈਆਂ ਦੀ ਕੋਈ ਘਾਟ ਨਹੀਂ ਹੈ ਅਤੇ ਹੋਰ ਸਟਾਕ ਲਈ ਦਵਾਈਆਂ ਦੇ ਅਗਾਊਂ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਹੜ੍ਹਾਂ ਦੌਰਾਨ ਸੱਪ ਦੇ ਕੱਟਣ ਅਤੇ ਹੋਰ ਜ਼ਹਿਰੀਲੇ ਜਾਨਵਰਾਂ ਹਰ ਐਂਟੀ ਸਨੇਕ ਵੈਨਮ ਅਤੇ ਐਂਟੀ ਰੈਬੀਜ਼ ਟੀਕੇ ਸਿਹਤ ਸੰਸਥਾਵਾਂ ਵਿਚ ਮੌਜੂਦ ਹਨ।ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ ਡਾ. ਸੁਰਿੰਦਰ ਕੁਮਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ-ਕਮ-ਨੋਡਲ ਅਫ਼ਸਰ ਡਾ. ਰਾਘਵ ਗੁਪਤਾ ਨੇ ਕਿਹਾ ਕਿ ਹੜ੍ਹਾਂ ਦੀ ਸਥਿਤੀ ਨੂੰ ਨਜਿੱਠਣ ਉਪਰੋਕਤ ਬਲਾਕਾਂ ਦੇ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਐਮਰਜੈਂਸੀ ਸੇਵਾਵਾਂ ਲਈ ਵੀ ਅਗਾਊਂ ਯੋਗ ਪ੍ਰਬੰਧ ਕਰ ਲਏ ਗਏ ਹਨ।ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਨੂੰ ਬੁਖਾਰ, ਦਸਤ, ਉਲਟੀਆਂ ਆਦਿ ਸਿਹਤ ਸੰਬੰਧੀ ਸਮੱਸਿਆਵਾਂ ਆਉਂਦੀਆਂ ਹਨ, ਤਾਂ ਉਹ ਨਜ਼ਦੀਕੀ ਮੈਡੀਕਲ ਕੈਂਪ ਸਰਕਾਰੀ ਸਿਹਤ ਸੰਸਥਾਵਾਂ-ਹਸਪਤਾਲਾਂ ਵਿਖੇ ਜਾ ਕੇ ਆਪਣਾ ਇਲਾਜ ਕਰਵਾਉਣ।



## ਚੱਢਾ ਵੱਲੋਂ ਹੜ੍ਹ ਪੀੜਤਾਂ ਲਈ 3.25 ਕਰੋੜ ਦੀ ਆਰਥਿਕ ਸਹਾਇਤਾ ਦੇਣ ਲਈ ਰਮਨ ਬਹਿਲ ਨੇ ਕੀਤਾ ਧੰਨਵਾਦ

**ਗੁਰਦਾਸਪੁਰ (ਜਨਕ ਮਹਾਜਨ)-** ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਤ ਖੇਤਰਾਂ ਲਈ ਆਪਣੇ ਵੱਲੋਂ ਵੱਡੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਰਾਘਵ ਚੱਢਾ ਨੇ ਆਪਣੇ ਐੱਮ.ਪੀ. ਲੈਡ ਫ਼ੰਡ ਵਿਚੋਂ 2.75 ਕਰੋੜ ਰੁਪਏ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਦੇਣ ਦੀ ਘੋਸ਼ਣਾ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਚੱਲ ਰਹੇ ਰਾਹਤ ਕਾਰਜਾਂ ਲਈ ਵੱਖਰੇ ਤੌਰ 'ਤੇ 50 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ ਹੈ, ਤਾਂ ਜੋ ਪ੍ਰਭਾਵਤ ਪਰਵਾਰਾਂ ਨੂੰ ਤੁਰੰਤ ਮਦਦ ਮਿਲ ਸਕੇ। ਰਾਜ ਸਭਾ ਮੈਂਬਰ ਰਾਘਵ ਚੱਢਾ ਵਲੋਂ ਸੰਕਟ ਦੀ ਘੜੀ ਵਿੱਚ ਕੀਤੀ ਇਸ ਮਾਲੀ ਇਮਦਾਦ ਲਈ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਮਨ ਬਹਿਲ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਚੱਢਾ ਵੱਲੋਂ ਵੱਲੋਂ ਕੀਤੀ ਇਹ ਇਮਦਾਦ ਭਵਿੱਖ ਵਿੱਚ ਹੜ੍ਹ ਕਾਰਨ ਹੋਣ ਵਾਲੇ ਨੁਕਸਾਨ ਤੋਂ ਲੋਕਾਂ ਨੂੰ ਬਚਾਉਣ ਵਿੱਚ ਸਹਾਈ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਰਾਘਵ ਚੱਢਾ ਜੀ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਚੱਲ ਰਹੇ ਰਾਹਤ ਕਾਰਜਾਂ ਲਈ 50 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ ਹੈ, ਜਿਸ ਨਾਲ ਪ੍ਰਭਾਵਤ ਪਰਵਾਰਾਂ ਨੂੰ ਰਾਹਤ ਮਿਲ ਸਕੇਗੀ। ਰਮਨ ਬਹਿਲ ਨੇ ਰਾਜ ਸਭਾ ਮੈਂਬਰ ਰਾਘਵ ਚੱਢਾ ਦਾ ਇਸ ਵੱਡੀ ਆਰਥਿਕ ਸਹਾਇਤਾ ਲਈ ਦਿਲੋਂ ਧੰਨਵਾਦ ਕੀਤਾ ਹੈ।



5-Sep-PAGE-4.qxd 9/4/2025 10:52 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ 5 ਸਤੰਬਰ 2025

# ਨਵੀਂ ਦੁਨੀਆ ਵੱਲ ਪੇਸ਼ਕਦਮੀ

*30 ਅਗਸਤ ਤੋਂ ਇੱਕ ਸਤੰਬਰ ਤੱਕ ਚੀਨ ਦੇ ਸ਼ਹਿਰ ਤਿਆਨਜਿਨ ਵਿੱਚ ਹੋਏ 'ਸ਼ੰਘਾਈ ਸਹਿਯੋਗ ਸੰਗਠਨ' (ਐੱਸ ਸੀ ਓ) ਦੇ ਸਿਖਰ ਸੰਮੇਲਨ ਵਿੱਚ ਮੈਂਬਰ ਦੇਸ਼ ਇੱਕ ਸਾਂਝਾ ਐਲਾਨਨਾਮਾ ਜਾਰੀ ਕਰਨ 'ਤੇ ਸਹਿਮਤ ਹੋਏ, ਜਿਸ ਵਿੱਚ ਕਿਹਾ ਗਿਆ : ਦੁਨੀਆ ਡੂੰਘੀਆਂ ਇਤਿਹਾਸਕ ਤਬਦੀਲੀਆਂ ਵਿੱਚੋਂ ਲੰਘ ਰਹੀ ਹੈ, ਜਿਸ ਦਾ ਅਸਰ ਸਿਆਸੀ, ਸਮਾਜੀ-ਆਰਥਕ ਤੇ ਸਮਾਜੀ ਸੰਬੰਧਾਂ ਦੇ ਹਰ ਖੇਤਰ ਵਿੱਚ ਪੈ ਰਿਹਾ ਹੈ। ਇਸ ਲਈ ਇੱਕ ਵਾਜਬ, ਨਿਆਂਪੂਰਨ ਤੇ ਬਹੁਧਰੁਵੀ ਵਿਸ਼ਵ ਵਿਵਸਥਾ ਦੇ ਨਿਰਮਾਣ ਦੀਆਂ ਸੱਧਰਾਂ ਵਧਦੀਆਂ ਜਾ ਰਹੀਆਂ ਹਨ—ਇੱਕ ਅਜਿਹੀ ਵਿਸ਼ਵ ਵਿਵਸਥਾ, ਜਿਹੜੀ ਸਾਰੇ ਦੇਸ਼ਾਂ ਦੇ ਵਿਕਾਸ ਤੇ ਪ੍ਰਸਪਰ ਲਾਭਦਾਇਕ ਕੌਮਾਂਤਰੀ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਖੋਲ੍ਹੇ। ਅਜਿਹੀਆਂ ਸੰਭਾਵਨਾਵਾਂ ਤਿਆਨਜਿਨ ਵਿੱਚ ਖੁੱਲ੍ਹੀਆਂ। ਉੱਥੇ ਐੱਸ ਸੀ ਓ ਡਿਵੈੱਲਪਮੈਂਟ ਬੈਂਕ ਦੀ ਸਥਾਪਨਾ 'ਤੇ ਮੈਂਬਰ ਦੇਸ਼ਾਂ ਵਿਚਾਲੇ ਅਹਿਮ ਸਹਿਮਤੀ ਬਣੀ। ਇਸ ਦਾ ਸਪੱਸ਼ਟ ਮਕਸਦ ਬਿਨਾਂ ਅਮਰੀਕੀ ਡਾਲਰ ਵਰਤੇ ਕੌਮਾਂਤਰੀ ਕਾਰੋਬਾਰ ਨੂੰ ਬੜ੍ਹਾਵਾ ਦੇਣਾ ਹੈ। ਫੈਸਲਾ ਹੋਇਆ ਕਿ ਸਾਰੇ ਮੈਂਬਰ ਦੇਸ਼ ਆਪਣੀਆਂ ਭੁਗਤਾਨ ਪ੍ਰਣਾਲੀਆਂ ਨੂੰ ਪ੍ਰਸਤਾਵਤ ਬੈਂਕ ਨਾਲ ਜੋੜਨਗੇ। ਇਹ ਬੈਂਕ ਮੈਂਬਰ ਦੇਸ਼ਾਂ 'ਚ ਢਾਂਚਾਗਤ ਪ੍ਰੋਜੈਕਟਾਂ ਲਈ ਧਨ ਮੁਹੱਈਆ ਕਰਵਾਏਗੀ। ਇਸ ਤਰ੍ਹਾਂ ਪੱਛਮ ਦੇ ਕੰਟਰੋਲ ਵਾਲੀ ਵਿੱਤੀ ਵਿਵਸਥਾ ਦੀ ਇੱਕ ਬਦਲਵੀਂ ਬੈਂਕਿੰਗ ਸੰਸਥਾ ਹੋਂਦ ਵਿੱਚ ਆਵੇਗੀ। ਇਹ ਬੈਂਕ ਵਿਕਾਸਸ਼ੀਲ ਦੇਸ਼ਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਅਹਿਮ ਪਹਿਲ ਹੋਏਗੀ।*

*ਸਿਖਰ ਸੰਮੇਲਨ ਦੇ ਦੋ ਦਿਨ ਬਾਅਦ ਤਿੰਨ ਸਤੰਬਰ ਨੂੰ ਦੂਜੀ ਸੰਸਾਰ ਜੰਗ ਵਿੱਚ ਨਾਜ਼ੀਵਾਦ ਤੇ ਫਾਸ਼ੀਵਾਦ 'ਤੇ ਮਿੱਤਰ ਦੇਸ਼ਾਂ ਦੀ ਫੈਸਲਾਕੁੰਨ ਜਿੱਤ ਦੀ 80ਵੀਂ ਵਰ੍ਹੇਗੰਢ 'ਤੇ ਬੀਜਿੰਗ ਵਿੱਚ ਜੇਤੂ ਪਰੇਡ ਹੋਈ। ਸਿਖਰ ਸੰਮੇਲਨ ਵਿੱਚ ਸ਼ਾਮਲ ਹੋਣ ਵਾਲੇ ਬਹੁਤੇ ਆਗੂ ਇਸ ਪਰੇਡ 'ਚ ਸ਼ਾਮਲ ਹੋਏ। ਉਨ੍ਹਾਂ ਤੋਂ ਇਲਾਵਾ ਕੁਝ ਹੋਰ ਦੇਸ਼ਾਂ ਦੇ ਆਗੂ ਵੀ ਪੁੱਜੇ। ਹਾਲਾਂਕਿ ਪੱਛਮੀ ਮੀਡੀਆ ਨੇ ਪਰੇਡ ਨੂੰ ਚੀਨੀ ਫੌਜੀ ਤਾਕਤ ਦੇ ਪ੍ਰਦਰਸ਼ਨ ਦੇ ਰੂਪ ਵਿੱਚ ਪੇਸ਼ ਕੀਤਾ, ਪਰ ਇਸ ਦਾ ਮਹੱਤਵ ਕਿਤੇ ਵੱਧ ਸੀ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਕਹਿੰਦੇ ਰਹੇ ਹਨ ਕਿ ਇਸ ਵਕਤ ਅਸੀਂ ਅਜਿਹੀਆਂ ਤਬਦੀਲੀਆਂ ਵਿੱਚੋਂ ਲੰਘ ਰਹੇ ਹਾਂ, ਜਿਹੜੀਆਂ ਲੰਘੇ 100 ਸਾਲਾਂ 'ਚ ਨਹੀਂ ਦੇਖੀਆਂ ਗਈਆਂ। ਸਦੀਆਂ ਤੱਕ ਪੱਛਮੀ ਬਸਤੀਵਾਦ ਤੇ ਸਾਮਰਾਜਵਾਦ ਦੇ ਸ਼ਿਕੰਜੇ 'ਚ ਰਹੇ ਗਲੋਬਲ ਸਾਊਥ ਦਾ ਆਖਰਕਾਰ ਹੁਣ ਉਦੈ ਹੋ ਰਿਹਾ ਹੈ। ਇਸ ਮੌਕੇ ਮੌਜੂਦ ਵਿਸ਼ਵ ਆਗੂਆਂ ਸਾਹਮਣੇ ਆਪਣੀ ਸੰਖੇਪ ਤਕਰੀਰ ਵਿੱਚ ਜਿਨਪਿੰਗ ਨੇ ਮਾਰਕਸਵਾਦ-ਲੈਨਿਨਵਾਦ ਤੋਂ ਪ੍ਰੇਰਤ ਖਾਸ ਚੀਨ ਪ੍ਰਕਿਰਤੀ ਦੇ ਸਮਾਜਵਾਦ ਦਾ ਜ਼ਿਕਰ ਕੀਤਾ। ਇਹ ਇਸ ਗੱਲ ਦਾ ਐਲਾਨ ਸੀ ਕਿ 1991 ਵਿੱਚ ਸੋਵੀਅਤ ਯੂਨੀਅਨ ਦੇ ਖਿੰਡਰਨ ਦੇ ਨਾਲ ਪੱਛਮ ਨੇ ਜਿਸ 'ਇਤਿਹਾਸ ਦੇ ਅੰਤ' (ਅਮਰੀਕੀ ਰਾਜਨੀਤੀ ਸ਼ਾਸਤਰੀ ਫਰਾਂਸਿਸ ਫੁਕੁਯਾਮਾ ਨੇ ਆਪਣੇ ਬਹੁ-ਚਰਚਿਤ ਲੇਖ ਵਿੱਚ ਇਹ ਧਾਰਨਾ ਪੇਸ਼ ਕੀਤੀ ਸੀ) ਦਾ ਐਲਾਨ ਕੀਤਾ ਸੀ, ਉਸ 'ਇਤਿਹਾਸ' ਨੇ ਕਿਤੇ ਵੱਧ ਤਾਕਤ ਨਾਲ ਆਪਣੀ ਵਾਪਸੀ ਕਰ ਲਈ ਹੈ। ਫੁਕੁਯਾਮਾ ਨੇ ਕਿਹਾ ਸੀ ਕਿ ਸੋਵੀਅਤ ਯੂਨੀਅਨ ਦੇ ਖਿੰਡਰਨ ਨਾਲ ਪੂੰਜੀਵਾਦ ਤੇ ਪੱਛਮੀ ਉਦਾਰਵਾਦੀ ਲੋਕਤੰਤਰ ਨੇ ਅੰਤਮ ਜਿੱਤ ਹਾਸਲ ਕਰ ਲਈ ਹੈ। ਹੁਣ ਅਗਲੀ ਦੁਨੀਆ ਇਨ੍ਹਾਂ ਵਿਵਸਥਾਵਾਂ ਦੇ ਮੁਤਾਬਕ ਚੱਲੇਗੀ ਤੇ ਸਾਰੇ ਵਿਸ਼ਵ ਨੂੰ ਇਸੇ ਵਿੱਚ ਢਲਣਾ ਹੋਵੇਗਾ। ਹਾਲਾਂਕਿ ਬਾਅਦ ਵਿੱਚ ਫੁਕੁਯਾਮਾ ਨੇ ਪੱਛਮੀ ਦੇਸ਼ਾਂ ਵਿੱਚ ਧੁਰ-ਦੱਖਣਪੰਥ ਦੇ ਉਦੈ ਤੇ ਵਧਦੇ ਬਿਖਰਾਅ ਦਰਮਿਆਨ ਮੰਨ ਲਿਆ ਸੀ ਕਿ ਉਨ੍ਹਾ ਦੀ ਪੁਰਾਣੀ ਸਮਝ ਗਲਤ ਸਾਬਤ ਹੋਈ ਹੈ। ਐੱਸ ਸੀ ਓ ਸਿਖਰ ਸੰਮੇਲਨ ਤੇ ਜੇਤੂ ਪਰੇਡ ਨੇ ਇਹ ਦਰਸਾਇਆ ਹੈ ਕਿ ਦੁਨੀਆ ਦੀ ਵਰਤਮਾਨ ਕਥਾ ਹਤਾਸ਼ਾ ਦੀ ਨਹੀਂ, ਸਗੋਂ ਕੁਝ ਨਵਾਂ ਕੀਤਾ ਜਾ ਰਿਹਾ ਹੈ। ਇੱਕੀਵੀਂ ਸਦੀ ਦੇ ਤੀਜੇ ਦਹਾਕੇ ਵਿੱਚ 'ਇਤਿਹਾਸ ਦੇ ਅੰਤ' ਦੇ ਥੀਸਿਸ ਦਾ ਐਂਟੀ-ਥੀਸਿਸ ਸਾਕਾਰ ਰੂਪ ਲੈ ਚੁੱਕਾ ਹੈ। ਹੁਣ ਆਉਣ ਵਾਲੇ ਦਹਾਕਿਆਂ ਦੀ ਕਥਾ ਇਸ ਨਵੇਂ ਥੀਸਿਸ ਨਾਲ ਪ੍ਰੇਰਤ ਹੋਵੇਗੀ। ਦੁਨੀਆ ਵਿਸ਼ਵ ਵਿਵਸਥਾ ਦੇ ਨਵੇਂ ਦੌਰ ਵਿੱਚ ਦਾਖਲ ਹੋ ਚੁੱਕੀ ਹੈ ਅਤੇ ਇਸ ਦੌਰ ਦੀ ਕਹਾਣੀ ਗਲੋਬਲ ਸਾਊਥ ਵਿੱਚ ਤੇ ਉਥੋਂ ਦੇ ਲੋਕਾਂ ਵੱਲੋਂ ਲਿਖੀ ਜਾਵੇਗੀ।*

# ਮਾਨਵਤਾ ਦੇ ਫ਼ਰਿਸ਼ਤਿਆਂ ਨੂੰ ਸਲਾਮ

ਪੰਜਾਬ ਵਿੱਚ ਹੜ੍ਹਾਂ ਨੇ ਇਸ ਵਾਰ ਜੋ ਤਬਾਹੀ ਮਚਾਈ ਹੈ, ਉਸ ਨੂੰ ਵੇਖ ਕੇ ਹਰ ਇਨਸਾਨ ਦਾ ਗੱਚ ਭਰਦਾ ਹੈ, ਲੋਕਾਂ ਦੇ ਰੈਣ-ਬਸੇਰੇ ਢਹਿ ਗਏ ਹਨ, ਪਸ਼ੂ ਪਾਣੀ ਵਿੱਚ ਰੁੜ੍ਹ ਗਏ ਹਨ, ਖੇਤਾਂ ਵਿੱਚ ਖੜ੍ਹੀਆਂ ਫਸਲਾਂ ਡੁੱਬ ਗਈਆ ਹਨ ਅਤੇ ਕਾਮੇ ਲੋਕਾਂ ਦੇ ਕੱਚੇ ਘਰ ਧਰਤੀ 'ਤੇ ਆਣ ਡਿੱਗੇ ਹਨ । ਗੁਰੂਆਂ-ਪੀਰਾਂ ਦੀ ਧਰਤੀ 'ਤੇ ਵਾਪਰਿਆ ਇਹ ਭਿਆਨਕ ਦੁਖਾਂਤ ਸਹਾਰਿਆ ਨਹੀ ਜਾ ਰਿਹਾ ।

ਹੁਣ ਤੱਕ ਦੇ ਸਰਕਾਰੀ ਅੰਕੜਿਆਂ ਅਨੁਸਾਰ ਇਸ ਕੁਦਰਤੀ ਆਫ਼ਤ ਦੌਰਾਨ ਪੰਜਾਬ ਦੇ 12 ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਇਨ੍ਹਾਂ ਹੜ੍ਹਾਂ ਦੌਰਾਨ ਕਰੀਬ 30 ਲੋਕ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਵੱਡੀ ਗਿਣਤੀ ਵਿੱਚ ਪਸ਼ੂਆਂ ਦਾ ਨੁਕਸਾਨ ਹੋਇਆ ਹੈ। ਹੜ੍ਹਾਂ ਦੌਰਾਨ ਕਰੀਬ 3 ਲੱਖ ਤੋਂ ਵੱਧ ਏਕੜ ਵਿੱਚ ਬੀਜੀਆਂ ਗਈਆਂ ਫਸਲਾਂ ਤਬਾਹ ਹੋ ਗਈਆ ਹਨ।

ਇਸ ਵਿੱਚ ਕੋਈ ਸ਼ੱਕ ਨਹੀ ਕਿ ਪੰਜਾਬੀਆਂ ਨੂੰ ਪੂਰੀ ਦੁਨੀਆ ਵਿੱਚ ਇੱਕ ਬਹਾਦਰ ਕੌਮ ਵਜੋਂ ਜਾਣਿਆ ਜਾਂਦਾ ਹੈ। ਸੰਸਾਰ ਵਿੱਚ ਜਿੱਥੇ ਕਿਤੇ ਵੀ ਕੁਦਰਤੀ ਆਫਤ ਆਈ ਹੈ ਤਾਂ ਪੰਜਾਬੀ ਲੋਕ ਉਸ ਮੁਸੀਬਤ ਦਾ ਟਾਕਰਾ ਕਰਨ ਲਈ ਹਮੇਸ਼ਾ ਅੱਗੇ ਹੋ ਕੇ ਖੜੇ ਹਨ ਅਤੇ ਆਪਣੀ ਦਲੇਰੀ ਨਾਲ ਮੁਸੀਬਤਾਂ ਦਾ ਮੂੰਹ ਮੋੜਿਆ ਹੈ।

ਅੱਜ ਜਦੋਂ ਪੰਜਾਬ ਖੁਦ ਅਜਿਹੇ ਸੰਕਟ ਵਿੱਚੋਂ ਲੰਘ ਰਿਹਾ ਹੈ, ਜਿਸ ਵਿੱਚੋਂ ਉੱਭਰਨ ਲਈ ਹੁਣ ਲੰਮਾ ਵਕਤ ਲੱਗੇਗਾ। ਢਹਿ ਚੁੱਕੇ ਘਰਾਂ, ਮਰ ਚੁੱਕੇ ਲਵੇਰਿਆਂ ਅਤੇ ਬਰਬਾਦ ਹੋ ਗਈਆਂ ਫਸਲਾਂ ਦੀ ਭਰਪਾਈ ਹੁਣ ਸਾਲ-ਛੇ ਮਹੀਨਿਆਂ ਵਿੱਚ ਹੋਣ ਵਾਲੀ ਨਹੀਂ, ਸਗੋਂ ਜ਼ਿੰਦਗੀ ਦੀ ਗੱਡੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਵੱਡੇ ਸੰਘਰਸ਼ ਦੀ ਲੋੜ ਪਵੇਗੀ।

ਇਨ੍ਹਾਂ ਮਾੜੇ ਹਾਲਾਤ ਵਿੱਚ ਜੋ ਸੇਵਾ ਭਾਵ ਦਾ ਜ਼ਜਬਾ ਵੇਖਣ ਨੂੰ ਮਿਲਿਆ, ਉਸ ਨੂੰ ਵੇਖ ਕੇ ਮਨ ਭਾਵੁਕ ਹੁੰਦਾ ਹੈ । ਹੜ੍ਹਾਂ ਦਾ ਸੰਤਾਪ ਝੱਲ ਰਹੇ ਇਨ੍ਹਾਂ ਲੋਕਾਂ ਲਈ ਫਰਿਸ਼ਤੇ ਬਣ ਕੇ ਬਹੁੜੇ ਲੋਕਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਭਾਵੇ ਅਜੋਕੇ ਸਮੇਂ ਦੌਰਾਨ ਖ਼ੂਨ ਸਫੈਦ ਹੋ ਗਏ ਨੇ, ਪਰ ਇਨਸਾਨੀਅਤ ਮਰੀ ਨਹੀ, ਅੱਜ ਵੀ ਜ਼ਿੰਦਾ ਹੈ।

ਇਨ੍ਹਾਂ ਰੱਬ ਦੇ ਫਰਿਸ਼ਤਿਆਂ ਵੱਲੋਂ ਹੜ੍ਹਾਂ ਵਿੱਚ ਘਿਰੇ ਲੋਕਾਂ ਦੀ ਸੇਵਾ ਲਈ ਖਾਣ-ਪੀਣ ਦੀਆਂ ਚੀਜ਼ਾ ਤੋਂ ਇਲਾਵਾਂ ਪਸ਼ੂਆਂ ਲਈ ਚਾਰਾ ਅਤੇ ਹੋਰ ਲੋੜੀਂਦੀਆਂ ਵਸਤਾਂ ਵੱਡੇ ਪੱਧਰ 'ਤੇ ਮੁਹੱਈਆ ਕਰਵਾਈਆ ਗਈਆਂ, ਜੋ ਮਨੁੱਖੀ ਸੰਵੇਦਨਾ ਦੀ ਇੱਕ ਅਹਿਮ ਉਦਾਹਰਣ ਹੋ ਨਿਬੜੀ ।

ਆਪਸੀ ਮਤਭੇਦਾਂ ਨੂੰ ਭੁਲਾਉਂਦਿਆਂ ਹਰਿਆਣਾ ਵੱਲੋਂ ਵੀ ਆਪਣੇ ਛੋਟੇ ਭਰਾ ਵਾਲਾ ਫਰਜ਼ ਇਸ ਸੰਕਟ ਦੀ ਘੜੀ ਵਿੱਚ ਨਿਭਾਇਆ ਗਿਆ ਅਤੇ ਮੁੱਖ ਮੰਤਰੀ ਵੱਲੋਂ 5 ਕਰੋੜ ਦੀ ਰਾਸ਼ੀ ਪੰਜਾਬ ਸਰਕਾਰ ਨੂੰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਭੇਜੀ ਗਈ । ਕਿਸਾਨ ਅੰਦੋਲਨ ਦੌਰਾਨ ਗੂੜ੍ਹੀ ਹੋਈ ਮਿੱਤਰਤਾ ਦੀ ਪੰਡ ਨੂੰ ਹੋਰ ਵੱਡੀ ਕਰਦਿਆਂ ਹਰਿਆਣਾ ਦੇ ਲੋਕਾਂ ਨੇ ਵੀ ਸੂਬੇ ਦੇ ਹਰ ਕੋਨੇ ਵਿੱਚੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪਹੁੰਚ ਕੇ ਪੰਜਾਬੀਆਂ ਨੂੰ ਹਰ ਔਖੇ ਵੇਲੇ ਦੌਰਾਨ ਨਾਲ ਖੜੇ ਹੋਣ ਦਾ ਅਹਿਸਾਸ ਕਰਵਾਇਆ ਹੈ ।

ਇਸ ਦੇ ਨਾਲ ਹੀ ਪੰਜਾਬ ਦੇ ਅਨੇਕ ਗਾਇਕਾਂ, ਕਲਾਕਾਰਾਂ, ਸਮਾਜ ਸੇਵੀ ਲੋਕਾਂ ਤੇ ਅਨੇਕਾਂ ਸੰਸਥਾਵਾਂ ਨੇ ਵੀ ਮੁਸੀਬਤ ਦੀ ਇਸ ਘੜੀ ਵਿੱਚ ਆਪਣਿਆਂ ਦੀ ਬਾਂਹ ਫੜੀ ਹੈ, ਇਹ ਸੇਵਾ ਭਾਵਨਾ ਇਨਸਾਨੀਅਤ ਦੇ ਝੰਡੇ ਨੂੰ ਹੋਰ ਬੁਲੰਦ ਕਰ ਗਈ । ਇਸ ਔਖੇ ਵੇਲੇ ਦੌਰਾਨ ਪ੍ਰਭਾਵਤ ਲੋਕਾਂ ਦੀ ਮਦਦ ਲਈ ਬਹੁੜੇ ਸਾਰੇ ਹੀ ਲੋਕ ਵੱਡੀ ਸ਼ਾਬਾਸ਼ ਦੇ ਹੱਕਦਾਰ ਹਨ । ਇਸ ਸੰਕਟ ਦੌਰਾਨ ਇਨ੍ਹਾਂ ਫਰਿਸ਼ਤਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਵਕਤ ਕਿੰਨਾ ਵੀ ਮਾੜਾ ਆ ਜਾਵੇ, ਆਪਸੀ ਮਿਲਵਰਤਨ ਅਤੇ ਭਾਈਚਾਰੇ ਨਾਲ ਅਜਿਹੇ ਸਮੇਂ ਨੂੰ ਹਰਾਇਆ ਜਾ ਸਕਦਾ ਹੈ। ਹਾਲਾਤ ਕਿੰਨੇ ਵੀ ਮਾੜੇ ਕਿਉਂ ਨਾ ਹੋ ਜਾਣ, ਪਰ ਇਨਸਾਨੀਅਤ ਕਿਤੇ ਮਰਦੀ ਨਹੀ । ਉਨ੍ਹਾਂ ਸਾਰੀਆਂ ਹੀ ਰੱਬ ਰੂਪੀ ਰੂਹਾਂ ਨੂੰ ਵਾਰ-ਵਾਰ ਸਿਜਦਾ ਕਰਨ ਨੂੰ ਮਨ ਲੋਚਦਾ ਹੈ, ਜਿਨ੍ਹਾਂ ਆਪਣਿਆਂ ਨੂੰ ਸਾਂਭ ਕੇ ਆਪਣੇ ਹੋਣ ਦਾ ਫਰਜ਼ ਨਿਭਾਇਆ ਹੈ ਅਤੇ ਦੁਨੀਆ ਨੂੰ ਇਹ ਦੱਸਿਆ ਹੈ ਕਿ ਇਨਸਾਨੀਅਤ ਜ਼ਿੰਦਾਬਾਦ ਸੀ, ਜ਼ਿੰਦਾਬਾਦ ਹੈ ਅਤੇ ਜ਼ਿੰਦਾਬਾਦ ਰਹੇਗੀ।

**ਜਗਤਾਰ ਸਮਾਲਸਰ**
# ਸੰਪਰਕ : 94670-95953

# ਨਵ-ਉਦਾਰਵਾਦ ਦੇ ਅਧਿਆਪਕ ਰੁਤਬੇ ਅਤੇ ਸੇਵਾ-ਹਾਲਤਾਂ 'ਤੇ ਪ੍ਰਭਾਵ

**ਚਰਨ ਸਿੰਘ ਸਰਾਭਾ**



5 ਸਤੰਬਰ ਦਾ ਦਿਨ ਭਾਰਤ 'ਚ ਹਰ ਸਾਲ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਭਾਰਤ ਦੇ ਦੂਜੇ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੋ ਕਿ ਆਪ ਇੱਕ ਅਧਿਆਪਕ ਅਤੇ ਦਾਰਸ਼ਨਿਕ ਸਨ, ਨੇ ਆਪਣਾ ਜਨਮ ਦਿਨ 5 ਸਤੰਬਰ ਭਾਰਤ ਦੇ ਅਧਿਆਪਕਾਂ ਅਤੇ ਅਧਿਆਪਨ ਕਿੱਤੇ ਨੂੰ ਸਮਰਪਿਤ ਕਰਦੇ ਹੋਏ ਅਧਿਆਪਕ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਸੀ।

ਇਸੇ ਲੜੀ ਵਜੋਂ ਸਾਡੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ 5 ਸਤੰਬਰ ਦਾ ਦਿਨ ਸਰਕਾਰੀ ਤੌਰ 'ਤੇ ਵੀ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ, ਦੇਸ਼ ਭਰ ਵਿੱਚ ਹੋਰ ਵੱਖ-ਵੱਖ ਵਿਦਿਅਕ ਅਦਾਰੇ, ਅਧਿਆਪਕ ਜਥੇਬੰਦੀਆਂ ਅਤੇ ਚੇਤੰਨ ਲੋਕ ਆਪਣੇ-ਆਪਣੇ ਢੰਗ ਨਾਲ ਅਧਿਆਪਕ ਦਿਵਸ ਮਨਾਉਂਦੇ ਹਨ। ਕੁਝ ਲੋਕ ਜੋ ਦੇਸ਼ ਦੇ ਵਿਕਾਸ ਵਿੱਚ ਸਰਬਪੱਖੀ ਮਨੁੱਖੀ ਵਿਕਾਸ ਦੀ ਲੋੜ ਅਤੇ ਮਹੱਤਤਾ ਨੂੰ ਸਮਝਦੇ ਹੋਏ ਇਸ ਦਿਨ 'ਤੇ ਵਿਚਾਰ-ਵਟਾਂਦਰਾ ਕਰਦੇ ਸਨ, ਇਹ ਵੀ ਕਹਿੰਦੇ ਹਨ ਕਿ ਅਧਿਆਪਕ ਵਿਦਿਆਰਥੀ ਨੂੰ ਕੇਵਲ ਕੋਈ ਵਿਸ਼ੇਸ਼ ਪ੍ਰੀਖਿਆ ਪਾਸ ਕਰਨ ਲਈ ਹੀ ਤਿਆਰ ਨਹੀਂ ਕਰਦਾ, ਸਗੋਂ ਉਸ ਨੂੰ ਜੀਵਨ ਭਰ ਦੇਸ਼, ਸਮਾਜ ਅਤੇ ਹੋਰ ਆਲੇ-ਦੁਆਲੇ ਨੂੰ ਸਮਝਣ ਅਤੇ ਇਸ ਵਿੱਚ ਸਫ਼ਲਤਾਪੂਰਵਕ ਅਤੇ ਜ਼ਿੰਮੇਵਾਰੀ ਨਾਲ ਵਿਚਰ ਸਕਣ ਲਈ ਤਿਆਰ ਕਰਦਾ ਹੈ।


ਅਧਿਆਪਕ ਰੁਤਬੇ ਅਤੇ ਸੇਵਾ ਹਾਲਤਾਂ ਸੰਬੰਧੀ ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਅਤੇ ਪਿੱਛੋਂ ਵੀ ਕਈ ਸਿੱਖਿਆ ਕਮਿਸ਼ਨਾਂ ਨੇ ਆਪਣੇ ਵਿਚਾਰ ਅਤੇ ਸਿਫਾਰਸ਼ਾਂ ਕੀਤੀਆਂ। ਇਸੇ ਸੰਬੰਧ ਵਿੱਚ ਕੌਮਾਂਤਰੀ ਪੱਧਰ 'ਤੇ ਵੀ 'ਯੂ ਐੱਨ ਈ ਐੱਸ ਸੀ ਓ ਵੱਲੋਂ 1986 ਵਿੱਚ ਪੈਰਿਸ ਵਿਖੇ ਇੱਕ ਅੰਤਰਦੇਸੀ ਕਾਨਫ਼ਰੰਸ ਕੀਤੀ ਗਈ, ਜਿਸ ਵਿੱਚ ਭਾਰਤ ਦੇ ਸਰਕਾਰੀ ਨੁਮਾਇੰਦੇ ਵੀ ਸ਼ਾਮਲ ਹੋਏ। ਇਸ ਕਾਨਫ਼ਰੰਸ ਵੱਲੋਂ ਵੀ ਅਧਿਆਪਕ ਰੁਤਬੇ ਅਤੇ ਕਿੱਤੇ ਸੰਬੰਧੀ ਵਿਸ਼ੇਸ਼ ਸਿਫ਼ਾਰਸ਼ਾਂ ਕੀਤੀਆਂ ਗਈਆਂ, ਜਿਨ੍ਹਾਂ ਦਾ ਸੰਖੇਪ ਵਰਨਣ ਅੱਗੇ ਜਾ ਕੇ ਕੀਤਾ ਜਾਵੇਗਾ। ਇਸੇ ਤਰ੍ਹਾਂ ਭਾਰਤ ਵਿੱਚ ਸਥਾਪਤ ਕੀਤੇ ਕੋਠਾਰੀ ਕਮਿਸ਼ਨ 1964-66 ਨੇ ਵੀ ਭਾਰਤੀ ਸਿੱਖਿਆ ਨੀਤੀ ਅਤੇ ਅਧਿਆਪਕ ਰੁਤਬੇ ਸੰਬੰਧੀ ਆਪਣੀਆਂ ਸਿਫ਼ਾਰਸ਼ਾਂ ਵਿੱਚ ਅਧਿਆਪਕ ਦੀ ਭੂਮਿਕਾ ਨੂੰ ਫੈਸਲਾਕੁੰਨ ਮੰਨ ਕੇ 'ਅਧਿਆਪਕ ਨੂੰ ਕੌਮ ਦਾ ਨਿਰਮਾਤਾ' ਕਿਹਾ ਸੀ। ਇਸ ਤੋਂ ਪਿੱਛੋਂ 1983 ਵਿੱਚ ਭਾਰਤ ਦੀ ਤਤਕਾਲੀ ਕੇਂਦਰੀ ਸਰਕਾਰ ਨੇ ਅਧਿਆਪਕ ਰੁਤਬੇ ਸੰਬੰਧੀ ਦੋ-ਕਮਿਸ਼ਨ ਨੈਸ਼ਨਲ ਟੀਚਰਜ਼ ਕਮਿਸ਼ਨ-9, ਸਕੂਲ ਅਧਿਆਪਕ ਦੇ ਰੁਤਬੇ ਸੰਬੰਧੀ ਅਤੇ ਨੈਸ਼ਨਲ ਟੀਚਰਜ਼ ਕਮਿਸ਼ਨ-99 ਕਾਲਜ ਯੂਨੀਵਰਸਿਟੀ ਅਧਿਆਪਕਾਂ ਸੰਬੰਧੀ ਸਥਾਪਤ ਕੀਤੇ ਸਨ। ਨੈਸ਼ਨਨ ਟੀਚਰ ਕਮੀਸ਼ਨ-1 ਜਿਸ ਨੂੰ ਵਧੇਰੇ ਕਰਕੇ ਚਟੋਪਾਧਿਆਏ ਕਮਿਸ਼ਨ ਵਜੋਂ ਜਾਣਿਆ ਜਾਂਦਾ ਹੈ, ਨੇ ਆਪਣੀ ਰਿਪੋਰਟ ਦੇ ਆਰੰਭ ਵਿੱਚ ਹੀ ਕਿਹਾ ਸੀ, "ਸਾਨੂੰ ਸੌਂਪੀਆਂ ਗਈਆਂ 12-ਹਵਾਲਾ ਸ਼ਰਤਾਂ ਵਿੱਚ ਮੁੱਖ ਕੇਂਦਰੀ ਮੁੱਦਾ ਅਧਿਆਪਕ ਰੁਤਬਾ ਹੀ ਸੀ ਅਤੇ ਇਸ ਨੇ ਸਾਡੇ ਸਾਰੇ ਵਿਚਾਰਾਂ ਅਤੇ ਕਾਰਕਰਦਗੀ ਨੂੰ ਪ੍ਰਭਾਵਤ ਕੀਤਾ ਹੈ। ਸਾਡੇ ਕੌਮੀ ਦ੍ਰਿਸ਼ਟੀਕੋਨ ਅਨੁਸਾਰ ਮੁੱਖ ਵਿਚਾਰ ਹੈ ਕਿ, "ਜਦੋਂ ਤੱਕ ਅਧਿਆਪਕ ਰੁਤਬਾ ਉਚਿਤ ਤੌਰ 'ਤੇ ਬਣਦੇ ਸਨਮਾਨ ਵਾਲਾ ਨਹੀਂ ਹੈ, ਓਨਾ ਚਿਰ ਤੱਕ ਇਸ ਕਿੱਤੇ ਵਿੱਚ ਤੀਖਣ ਪ੍ਰਤਿਭਾ ਅਤੇ ਉੱਚ ਯੋਗਤਾ ਵਾਲੇ ਵਿਅਕਤੀ ਸ਼ਾਮਲ ਨਹੀਂ ਹੋਣਗੇ, ਨਾ ਹੀ ਇਸ ਕਿੱਤੇ ਵਿੱਚ ਟਿਕੇ ਰਹਿਣਗੇ। ਅੱਗੇ ਹੋਰ ਕਿਹਾ ਗਿਆ ਸੀ ਕਿ ਜੇਕਰ ਪ੍ਰਤਿਭਾ ਵਾਲੇ ਨੌਜਵਾਨ ਅਧਿਆਪਕ ਕਿੱਤਾ ਧਾਰਨ ਕਰਨ ਲਈ ਤਿਆਰ ਨਹੀਂ ਅਤੇ ਇਸ ਗੱਲ ਦਾ ਅਨੁਭਵ ਨਹੀਂ ਬਣਦਾ ਕਿ ਦੇਸ਼ ਦੇ ਵਿਕਾਸ ਵਿੱਚ ਸਿੱਖਿਆ ਦੀ ਕੀ ਭੂਮਿਕਾ ਹੈ ਤਾਂ ਉਪਰੋਕਤ ਪ੍ਰਸ਼ਨਾਂ ਦਾ ਕੋਈ ਉੱਤਰ ਨਹੀਂ ਮਿਲ ਸਕੇਗਾ। ਚਟੋਪਾਧਿਆਏ ਕਮਿਸ਼ਨ ਨੇ ਆਪਣੀਆਂ ਸਿਫਾਰਸ਼ਾਂ ਵਿੱਚ 1966 ਦੀ ਅੰਤਰਦੇਸੀ ਪੈਰਿਸ ਕਾਨਫਰੰਸ ਅਤੇ ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਅਧਿਆਪਕ ਰੁਤਬੇ ਸੰਬੰਧੀ ਅਧਿਆਪਕਾਂ ਦੀਆਂ ਘੱਟੋ-ਘੱਟ ਬਣਦੀਆਂ ਸਨਮਾਨਜਨਕ ਉਚਿਤ ਉਜਰਤਾਂ, ਸੇਵਾ ਹਾਲਤਾਂ, ਵਿਭਾਗੀ ਅਤੇ ਸਮਾਜਕ ਸਥਾਨ ਦੇਣ ਦੀ ਗੱਲ ਕਰਦਿਆਂ ਕਿਹਾ ਸੀ ਕਿ ਦੇਸ਼ ਦੀ ਸਿੱਖਿਆ ਨੀਤੀ ਅਤੇ ਪਾਠਕ੍ਰਮ ਨਿਰਧਾਰਤ ਕਰਦੇ ਸਮੇਂ ਅਤੇ ਪ੍ਰਬੰਧਕੀ ਫੈਸਲੇ ਕਰਦੇ ਸਮੇਂ ਅਧਿਆਪਕ: ਜਥੇਬੰਦੀਆਂ ਨੂੰ ਸ਼ਾਮਲ ਕੀਤਾ ਜਾਵੇ। ਕਿਸੇ ਵੀ ਸ਼੍ਰੇਣੀ ਵਿੱਚ ਅਧਿਆਪਕ ਵਿਦਿਆਰਥੀ ਅਨੁਪਾਤ ਕੀ ਹੋਵੇ, ਅਧਿਆਪਕਾਂ ਰਾਹੀਂ ਗੱਲਬਾਤ ਦੇ ਅਧਾਰ 'ਤੇ ਹੀ ਫੈਸਲਾ ਕੀਤਾ ਜਾਵੇ। ਅਧਿਆਪਕਾਂ ਨੂੰ ਅਧਿਆਪਨ ਵਿਧੀ ਸੰਬੰਧੀ ਪੂਰੀ ਖੁਦਮੁਖਤਾਰੀ ਦਿੱਤੀ ਜਾਵੇ। ਇਨ੍ਹਾਂ ਉਪਰੋਕਤ ਘਟਨਾਵਾਂ ਦੇ ਸੰਖੇਪ ਹਵਾਲੇ ਉਪਰੰਤ ਇਹ ਵਿਚਾਰ ਸਾਂਝਾ ਕੀਤਾ ਜਾਂਦਾ ਹੈ ਕਿ ਕੀ ਸਾਡੀਆਂ ਸਰਕਾਰਾਂ ਨੇ ਇਨ੍ਹਾਂ ਸਰਕਾਰਾਂ ਵੱਲੋਂ ਹੀ ਸਥਾਪਤ ਕੀਤੇ ਕਮਿਸ਼ਨਾਂ ਹੁਣ 1990-91 ਤੋਂ ਪਿਛੋਂ ਭਾਰਤ ਵਿੱਚ ਸੰਸਾਰ ਬੈਂਕ ਮਾਰਕਾ ਨਵ-ਉਦਾਰਵਾਦੀ ਆਰਥਿਕ ਨੀਤੀਆਂ ਲਾਗੂ ਕਰਨ ਉਪਰੰਤ ਤਾਂ ਹਾਲਾਤ ਹੋਰ ਵੀ ਨੀਵਾਨਾਂ ਵੱਲ ਗਏ ਹਨ। ਜਦੋਂ ਉਪਰ ਦੱਸੀਆਂ ਕਮੇਟੀਆਂ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਨੂੰ ਪਾਸੇ ਕਰਦਿਆਂ ਸਿੱਖਿਆ ਖੇਤਰ ਵਿੱਚ ਸਥਾਪਤ ਸਰਕਾਰੀ ਸਕੂਲ ਪ੍ਰਣਾਲੀ ਦੇ ਸਮਾਨਅੰਤਰ ਨਵੇਂ-ਨਵੇਂ ਨਾਵਾਂ ਹੇਠ ਸਾਖਰਤਾ ਕੇਂਦਰ ਖੋਲ੍ਹਣੇ ਸ਼ੁਰੂ ਕੀਤੇ ਜਾਣ ਲੱਗੇ, ਅਤੇ ਨਾਲ ਹੀ ਰੈਗੂਲਰ ਸਿੱਖਿਆ ਅਧਿਆਪਕ ਨਿਯੁਕਤ ਕਰਨ ਦੀ ਥਾਂ ਨਵੇਂ ਨਾਵਾਂ ਹੇਠ "ਪੈਰਾਂ ਟੀਚਰ" ਠੇਕਾ ਪ੍ਰਣਾਲੀ ਅਧੀਨ ਅਤੇ ਅਤਿ ਨੀਵੀਆਂ ਉਜਰਤਾਂ ਤੇ ਨਿਯੁਕਤ ਕੀਤੇ ਜਾਣ ਲੱਗੇ ਅਤੇ ਸ਼੍ਰੇਣੀ-ਅਧਾਰਤ ਅਧਿਆਪਨ ਦੀ ਥਾਂ 'ਮਲਟੀਗਰੇਡ' ਅਧਿਆਪਨ ਦੀ ਵਿਵਸਥਾ ਆਰੰਭੀ ਗਈ। ਅਜਿਹਾ ਅੱਜ ਵੀ ਕਈ ਰੂਪਾਂ ਵਿੱਚ ਜਾਰੀ ਹੈ। ਇਸ ਸਮੁੱਚੀ ਕਿਰਿਆ ਨੇ ਅਧਿਆਪਕ ਰੁਤਬੇ ਅਤੇ ਸੇਵਾ ਹਾਲਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਸ ਤੋਂ ਬਿਨਾਂ ਸਰਕਾਰੀ ਸਕੂਲਾਂ ਵਿੱਚ ਵੀ ਅਧਿਆਪਕਾਂ ਦੇ ਕਈ ਵਰਗ ਪ੍ਰਾਈਵੇਟ ਕੰਪਨੀਆਂ ਰਾਹੀਂ ਨਿਯੁਕਤ ਕੀਤੇ ਹੋਏ ਹਨ, ਜਿਨ੍ਹਾਂ ਨੂੰ ਸਰਕਾਰੀ ਮੁਲਾਜ਼ਮਾਂ ਵਾਲੇ ਸੇਵਾ ਨਿਯਮਾਂ ਵਾਲੀਆਂ ਸਾਰੀਆਂ ਸਹੂਲਤਾਂ ਉਪਲੱਬਧ ਨਹੀਂ ਹਨ। ਇਹੀ ਵਰਤਾਰਾ ਵੱਡੀ ਪੱਧਰ 'ਤੇ ਕਾਲਜ/ਯੂਨੀਵਰਸਿਟੀ ਪੱਧਰ 'ਤੇ ਵੀ ਲਾਗੂ ਕੀਤਾ ਹੋਇਆ ਹੈ, ਜਦੋਂ ਕਿ ਪ੍ਰਾਇਮਰੀ ਪੱਧਰ ਤੋਂ ਲੈ ਕੇ ਯੂਨੀਵਰਸਿਟੀਆਂ ਅਤੇ ਕਾਲਜ ਪੱਧਰ ਤੱਕ ਰੈਗੂਲਰ ਅਧਿਆਪਕਾਂ ਦੀ ਵੱਡੀ ਘਾਟ ਦੀਆਂ ਰਿਪੋਰਟਾਂ ਪ੍ਰੈੱਸ ਵਿੱਚ ਲਗਾਤਾਰ ਛਪਦੀਆਂ ਰਹਿੰਦੀਆਂ ਹਨ। ਅਧਿਆਪਕ : ਵਿਦਿਆਰਥੀ ਅਨੁਪਾਤ ਜਾਂ ਵਿਸ਼ਾ ਅਧਾਰਤ ਅਧਿਆਪਕ ਆਸਾਮੀਆਂ ਦੇਣ ਦੀ ਤਾਂ ਗੱਲ ਹੀ ਵਿਚਾਰੀ ਨਹੀਂ ਜਾ ਰਹੀ। ਅਜਿਹੀਆਂ ਗੈਰ ਸੰਜੀਦਗੀ ਵਾਲੀਆਂ ਹਾਲਤਾਂ 'ਤੇ ਟਿੱਪਣੀ ਕਰਦੇ ਹੋਏ ਦਿੱਲੀ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਦੇ ਪ੍ਰੋਫ਼ੈਸਰ ਅਤੇ ਐੱਨ ਸੀ ਈ ਆਰ ਟੀ ਦੇ ਰਹਿ ਚੁੱਕੇ ਨਿਰਦੇਸ਼ਕ ਮਾਨਯੋਗ ਕ੍ਰਿਸ਼ਨ ਕੁਮਾਰ ਦੇ 10.10.2014 ਦੇ ਇੱਕ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ'ਚ ਛਪੇ ਲੇਖ ਵਿੱਚ ਉਨ੍ਹਾ ਕਿਹਾ ਸੀ, "ਭਾਰਤ ਵਿੱਚ ਅਧਿਆਪਕਾਂ ਵਿਰੁੱਧ ਇੱਕ ਜੰਗ ਛੇੜੀ ਹੋਈ ਹੈ। ਇਸ ਲੇਖ ਵਿੱਚ ਹੀ ਉਨ੍ਹਾਂ ਨੇ ਅਧਿਆਪਕਾਂ ਦੀਆਂ ਠੇਕਾ ਅਧਾਰਤ ਨਿਯੁਕਤੀਆਂ ਸੇਵਾ ਹਾਲਤਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਰੈਗੂਲਰ ਅਧਿਆਪਕਾਂ ਦੀ ਵੱਡੀ ਘਾਟ ਖਾਲੀ ਅਸਾਮੀਆਂ ਅਤੇ ਇਨ੍ਹਾਂ ਹਾਲਤਾਂ ਵਿੱਚ ਅਧਿਆਪਨ ਜ਼ਿੰਮੇਵਾਰੀਆਂ ਨਿਭਾਅ ਰਹੇ ਅਧਿਆਪਕਾਂ ਸੰਬੰਧੀ ਵਿਸਥਾਰ ਨਾਲ ਵਿਆਖਿਆ ਕੀਤੀ ਸੀ। ਇਸ ਤੋਂ ਹੋਰ ਅੱਗੇ ਸ੍ਰੀ ਕ੍ਰਿਸ਼ਨ ਕੁਮਾਰ ਨੇ ਸਤੰਬਰ 2016 ਵਿੱਚ ਅਧਿਆਪਕ ਦਿਵਸ ਸਮੇਂ ਇਕ ਇੰਟਰਵਿਊ ਵਿੱਚ ਫਿਰ ਕਿਹਾ ਸੀ ਕਿ ਅਧਿਆਪਕਾਂ ਵਿਰੁੱਧ ਜੰਗ ਜਾਰੀ ਹੈ।

ਇਸ ਤੋਂ ਬਿਨਾਂ ਜਿੱਥੇ ਵਿਦਿਅਕ ਸੰਸਥਾਵਾਂ ਵਿੱਚ ਇੱਕ ਪਾਸੇ ਰੈਗੂਲਰ ਸਿਖਿਅਤ ਅਧਿਆਪਕਾਂ ਦੀ ਵੱਡੀ ਘਾਟ ਦੀਆਂ ਖ਼ਬਰਾਂ ਹਨ, ਦੂਜੇ ਪਾਸੇ ਅਧਿਆਪਕਾਂ ਤੋਂ ਵਿਸ਼ੇਸ਼ ਕਰਕੇ ਸਕੂਲ ਖੇਤਰ ਵਾਲੇ ਅਧਿਆਪਕਾਂ ਤੋਂ ਗੈਰ ਵਿਦਿਅਕ ਕੰਮਾਂ ਦਾ ਵਾਧੂ ਭਾਰ, ਜੋ ਅਧਿਆਪਕ ਦੇ ਕੰਮ ਨੂੰ ਪ੍ਰਭਾਵਤ ਕਰਦਾ ਹੈ। ਸਕੂਲ ਖੇਤਰ ਵਿੱਚ ਸਹਾਇਕ ਅਮਲੇ ਦੀ ਘਾਟ ਹੋਣ ਕਾਰਨ ਵੀ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜੋ ਅਸਿੱਧੇ ਤੌਰ 'ਤੇ ਵਿੱਦਿਅਕ ਸੰਸਥਾਵਾਂ ਦੀ ਕਾਰਜਵਿਧੀ ਨੂੰ ਪ੍ਰਭਾਵਤ ਕਰਦੀਆਂ ਹਨ ਅਤੇ ਫਿਰ ਇਨ੍ਹਾਂ ਸੰਬੰਧੀ ਵੀ ਅਧਿਆਪਕ ਨੂੰ ਹੀ ਜ਼ਿੰਮੇਵਾਰੀ ਪੂਰੀ ਕਰਨੀ ਪੈਂਦੀ ਹੈ। ਜਦੋਂ ਅਧਿਆਪਕ ਕੋਲੋਂ ਗੈਰ ਵਿਦਿਅਕ ਕੰਮਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਦਾ ਮਤਲਬ ਵੀ ਵਿਦਿਆਰਥੀ ਹਿਤ ਪ੍ਰਭਾਵਤ ਹੋਣ ਤੋਂ ਹੀ ਹੈ, ਕਿਉਂਕਿ ਗੈਰ ਵਿੱਦਿਅਕ ਕੰਮਾਂ ਵਿੱਚ ਉਲਝਿਆ ਅਧਿਆਪਕ ਆਪਣਾ ਧਿਆਨ ਵਿਦਿਆਰਥੀਆਂ ਵੱਲ ਪੂਰੀ ਤਰ੍ਹਾਂ ਕੇਂਦਰਤ ਨਹੀਂ ਕਰ ਸਕੇਗਾ। ਅਜਿਹੀਆਂ ਹਾਲਤਾਂ ਵਿੱਚ ਵਿਚਾਰ ਕਰਨਾ ਬਣਦਾ ਹੈ ਕਿ ਠੇਕੇ 'ਤੇ ਨਿਯੁਕਤੀ ਵਾਲਾ ਅਧਿਆਪਕ ਜੋ ਆਰਥਿਕ, ਸਮਾਜਿਕ ਅਤੇ ਵਿਭਾਗੀ ਪੱਖ ਤੋਂ ਅਸੁਰੱਖਿਅਤ ਹੋਵੇ, ਕਿਹੋ ਜਿਹਾ ਕੌਮੀ ਨਿਰਮਾਣ ਕਰ ਸਕੇਗਾ ਅਤੇ ਕਿਵੇਂ ਕੌਮ ਦਾ ਨਿਰਮਾਤਾ ਹੋਣ ਵਾਲਾ ਵਿਸ਼ਵਾਸ ਪ੍ਰਾਪਤ ਕਰੇਗਾ।

ਅੰਤ ਵਿੱਚ ਦੇਸ਼ ਭਰ ਦੇ ਅਧਿਆਪਕ ਵਰਗ ਨਾਲ ਅਧਿਆਪਕ ਦਿਵਸ 'ਤੇ ਸ਼ੁਭ ਕਾਮਨਾਵਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਅਤੇ ਸਾਡੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਜਿਸ ਭਾਵਨਾ ਨਾਲ ਦੇਸ਼ ਭਰ ਵਿੱਚ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ, ਉਸੇ ਸੰਜੀਦਾ ਭਾਵਨਾ ਅਨੁਸਾਰ ਹੀ ਦੇਸ਼ ਵਿੱਚ ਠੇਕੇ 'ਤੇ ਕੰਮ ਕਰਦੇ ਸਾਰੇ ਵਰਗਾਂ ਦੇ ਅਧਿਆਪਕਾਂ ਨੂੰ ਵਿਭਾਗ ਵਿੱਚ ਲਿਆ ਕੇ ਰੈਗੂਲਰ ਕੀਤਾ ਜਾਵੇ ਅਤੇ ਅੱਗੇ ਤੋਂ ਠੇਕਾ ਅਧਾਰਤ ਨਿਯੁਕਤੀਆਂ ਬੰਦ ਕੀਤੀਆਂ ਜਾਣ ਅਤੇ ਅਧਿਆਪਕ ਰੁਤਬੇ ਅਤੇ ਸੇਵਾ ਹਾਲਤਾਂ ਸੰਬੰਧੀ ਚਟੋਪਾਧਿਆਏ ਕਮਿਸ਼ਨ ਅਤੇ ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕੀਤੀਆਂ ਜਾਣ।

# ਸੰਪਰਕ : 94177-51888

# ਸ਼ਿਵਾਲਿਕ ਦੇ ਜੰਗਲਾਂ ਨੂੰ ਬਚਾਉਣ ਦੀ ਲੋੜ



**ਕੇ ਐੱਲ ਮਲਹੋਤਰਾ**

ਵਾਤਾਵਰਣ ਪੱਖੋਂ ਅਤਿ-ਸੰਵੇਦਨਸ਼ੀਲ ਸ਼ਿਵਾਲਿਕ ਦੇ ਜੰਗਲ 18ਵੀਂ ਸਦੀ ਵਿੱਚ ਸੰਘਣੇ ਸਨ ਅਤੇ ਇਨ੍ਹਾਂ ਵਿੱਚ ਸ਼ਿਕਾਰ ਖੇਡਿਆਂ ਜਾਂਦਾ ਸੀ। ਇਨ੍ਹਾਂ ਜੰਗਲਾਂ ਵਿੱਚ ਉਸ ਸਮੇਂ ਖੈਰ, ਚੀਲ ਅਤੇ ਹੋਰ ਕਿਸਮਾਂ ਦੇ ਰੁੱਖ ਕੁਦਰਤੀ ਤੌਰ 'ਤੇ ਉੱਗੇ ਹੋਏ ਸਨ। ਸਮੇਂ ਬਾਅਦ ਬੇਹਿਸਾਬ ਢੰਗ ਨਾਲ ਪਸ਼ੂਆਂ ਦੀ ਚਰਾਈ ਅਤੇ ਜੰਗਲਾਂ ਦੇ ਕੱਟਣ ਕਾਰਨ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਭੌਂ ਰੋੜ੍ਹ ਦੀ ਸਮੱਸਿਆ ਪੈਦਾ ਹੋ ਗਈ। ਇਸ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਅਤੇ ਭੌਂ ਰੋੜ੍ਹ ਨੂੰ ਰੋਕਣ ਲਈ ਪੰਜਾਬ ਭੂਮੀ ਸੁਰੱਖਿਆ ਐਕਟ, 1900 ਹੋਂਦ ਵਿੱਚ ਆਇਆ। ਇਹ ਇੱਕ ਅਜਿਹਾ ਕਾਨੂੰਨ ਬਣਿਆ, ਜਿਸ ਵਿੱਚ ਭੂਮੀ ਦੀ ਮਾਲਕੀ ਤਾਂ ਲੋਕਾਂ ਦੇ ਪਾਸ ਹੀ ਰਹੀ, ਪ੍ਰੰਤੂ ਉਸ 'ਤੇ ਖੜ੍ਹੇ ਜੰਗਲਾਂ ਦਾ ਪ੍ਰਬੰਧ ਪਹਿਲਾਂ ਸਿਵਲ ਪ੍ਰਸ਼ਾਸਨ ਪਾਸ ਅਤੇ ਬਾਅਦ ਵਿੱਚ ਵਣ ਵਿਭਾਗ ਨੂੰ ਦਿੱਤਾ ਗਿਆ। ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਇਹ ਜੰਗਲ ਇਸ ਪੱਛੜੇ ਖੇਤਰ ਦੇ ਲੋਕਾਂ ਦਾ ਜੀਵਨ ਸਾਧਨ ਵੀ ਸਨ, ਇਸ ਲਈ ਵਾਤਾਵਰਣ ਅਤੇ ਆਰਥਿਕ ਲੋੜਾਂ ਦੇ ਸੰਤੁਲਨ ਨੂੰ ਮੁੱਖ ਰੱਖਦੇ ਹੋਏ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਇਨ੍ਹਾਂ ਜੰਗਲਾਂ ਵਿੱਚ ਰੁੱਖ ਕੱਟਣ 'ਤੇ ਮਨਾਹੀ ਲਗਾ ਦਿੱਤੀ ਗਈ ਸੀ। ਇਲਾਕੇ ਦੇ ਲੋਕਾਂ ਨੂੰ ਆਪਣੀ ਨਿੱਜੀ ਵਰਤੋਂ ਲਈ ਕੁਝ ਦਰੱਖਤ ਕੱਟਣ ਦੀ ਅਤੇ ਬਾਲਣ ਆਦਿ ਲੈਣ ਦੀ ਇਜਾਜ਼ਤ ਸੀ। ਇਹ ਦਿਲਚਸਪ ਗੱਲ ਹੈ ਕਿ ਭਾਰਤੀ ਵਣ ਐਕਟ ਪਹਿਲੀ ਵਾਰ 1865 ਵਿੱਚ ਬਣਾਇਆ ਗਿਆ, ਜੋ ਕਿ ਬਾਅਦ ਵਿੱਚ ਇਸ ਸਮੇਂ ਲਾਗੂ ਭਾਰਤੀ ਵਣ ਐਕਟ, 1927 ਨਾਲ ਬਦਲਿਆ ਗਿਆ ਸੀ, ਪ੍ਰੰਤੂ ਇਨ੍ਹਾਂ ਕਾਨੂੰਨਾਂ ਵਿੱਚ ਅਜਿਹੇ ਪ੍ਰਾਈਵੇਟ ਰਕਬਿਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਸ਼ਾਇਦ ਇਸ ਦਾ ਕਾਰਨ ਜਿੱਥੇ ਭਾਰਤੀ ਵਣ ਐਕਟ ਦਾ ਮੁੱਖ ਉਦੇਸ਼ ਸਰਕਾਰੀ ਅਤੇ ਸਾਂਝੀਆਂ ਜ਼ਮੀਨਾਂ 'ਤੇ ਰੁੱਖਾਂ ਦਾ ਵਿਸਥਾਰ ਅਤੇ ਸਾਂਭ ਸੰਭਾਲ ਦੀ ਵਿਵਸਥਾ ਕਰਨਾ ਸੀ, ਉੱਥੇ ਪੰਜਾਬ ਭੌਂ ਸੁਰੱਖਿਆ ਐਕਟ ਦਾ ਮੁੱਖ ਮੰਤਵ ਸ਼ਿਵਾਲਿਕ ਦੇ ਕੱਚੇ ਪਹਾੜਾਂ ਵਿੱਚ ਮਿੱਟੀ ਦੀ ਰੋੜ੍ਹ ਨੂੰ ਠੱਲ੍ਹ ਪਾਉਣਾ ਸੀ।

20ਵੀਂ ਸਦੀ ਦੀ ਸ਼ੁਰੂਆਤ ਵਿੱਚ ਇਸ ਐਕਟ ਨੇ ਆਪਣੇ ਉਦੇਸ਼ਾਂ ਦੀ ਪੂਰਤੀ ਕਰਦੇ ਹੋਏ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਜੰਗਲਾਂ ਦਾ ਮੁੜ ਵਿਸਥਾਰ ਕਰਨ ਵਿੱਚ ਬਹੁਤ ਮਦਦ ਕੀਤੀ। ਮੈਨੂੰ ਯਾਦ ਹੈ ਕਿ ਫਿਲੌਰ ਵਿਖੇ ਵਣ-ਮਹਾਂਉਤਸਵ ਦੇ ਮੌਕੇ 'ਤੇ ਬੋਲਦਿਆਂ ਉਸ ਸਮੇਂ ਦੇ ਜੰਗਲਾਤ ਮੰਤਰੀ ਪੰਜਾਬ ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ ਨੇ ਦੱਸਿਆ ਸੀ ਕਿ ਜਦੋਂ ਉਹ ਬਟਵਾਰੇ ਤੋਂ ਬਾਅਦ ਪਾਕਿਸਤਾਨ ਤੋਂ ਪੰਜਾਬ ਆਏ ਸਨ, ਉਸ ਸਮੇਂ ਬਾਰਸ਼ਾਂ ਦੇ ਦਿਨਾਂ ਵਿੱਚ ਇਨ੍ਹਾਂ ਪਹਾੜਾਂ 'ਤੇ ਪਈ ਬਾਰਿਸ਼ ਦੇ ਪਾਣੀ ਨੂੰ ਰੁੜ੍ਹ ਕੇ ਮੈਦਾਨੀ ਪੰਜਾਬ ਵਿੱਚ ਪਹੁੰਚਣ ਨੂੰ ਦੋ ਦਿਨ ਤੱਕ ਦਾ ਸਮਾਂ ਲੱਗ ਜਾਂਦਾ ਸੀ, ਕਿਉਂਕਿ ਇਨ੍ਹਾਂ ਪਹਾੜਾਂ 'ਤੇ ਸਥਿਤ ਰੁੱਖ ਪਾਣੀ ਨੂੰ ਸੋਕਣ ਅਤੇ ਉਸ ਦੀ ਰਫਤਾਰ ਨੂੰ ਠੱਲ੍ਹ ਪਾ ਕੇ ਭੂਮੀ ਸੁਰੱਖਿਆ ਦਾ ਉਦੇਸ਼ ਪੂਰਾ ਕਰਦੇ ਸਨ, ਪ੍ਰੰਤੂ ਸਮੇਂ ਦੇ ਨਾਲ-ਨਾਲ ਇਨ੍ਹਾਂ ਜੰਗਲਾਂ 'ਤੇ ਸਮਾਜਿਕ, ਆਰਥਿਕ ਅਤੇ ਸਿਆਸੀ ਦਬਾਅ ਵਧ ਜਾਣ ਕਾਰਨ ਇਸ ਸਮੇਂ ਇਸ ਇਲਾਕੇ ਦੇ ਬਹੁਤ ਸਾਰੇ ਰਕਬਿਆਂ ਵਿੱਚ ਵਣ ਸੰਪਤੀ 'ਤੇ ਅਸਰ ਪਿਆ ਹੈ, ਜਿਸ ਨਾਲ ਭੌਂ ਰੋੜ੍ਹ ਦਾ ਖਤਰਾ ਵੀ ਵਧਿਆ ਹੈ। ਪੰਜਾਬ ਸਰਕਾਰ ਦੇ ਇੱਕ ਫੈਸਲੇ ਮੁਤਾਬਿਕ ਜਿੱਥੇ ਪਹਿਲਾਂ ਹਰ 10 ਸਾਲ ਬਾਅਦ ਵੱਖ-ਵੱਖ ਪਿੰਡਾਂ ਵਿੱਚ ਮਾਲਕਾਂ ਨੂੰ ਰੁੱਖਾਂ ਦੀ ਕਟਾਈ ਅਤੇ ਵੇਚਣ ਦੀ ਇਜਾਜ਼ਤ ਸ਼ਰਤਾਂ ਅਧੀਨ ਦਿੱਤੀ ਜਾਂਦੀ ਸੀ, ਉਥੇ ਇਹ ਸਮਾਂ ਘਟਾ ਕੇ 5 ਸਾਲ ਕੀਤੇ ਜਾਣ ਨਾਲ ਵੀ ਇਸ ਇਲਾਕੇ ਦੇ ਜੰਗਲਾਂ 'ਤੇ ਮਾੜਾ ਪ੍ਰਭਾਵ ਪਿਆ ਹੈ । ਹੁਣ ਸਮੇਂ ਦੀ ਲੋੜ ਹੈ ਕਿ ਇਨ੍ਹਾਂ ਇਲਾਕਿਆਂ ਵਿੱਚ ਭੌਂ ਰੋੜ੍ਹ ਦੇ ਖਤਰੇ ਨੂੰ ਰੋਕਣ ਲਈ ਵੱਧ ਤੋਂ ਵੱਧ ਰੁੱਖ ਲਗਾਏ ਜਾਣ । ਵਣ ਵਿਭਾਗ ਸਰਕਾਰੀ ਖਰਚੇ ਤੇ ਅਜਿਹੇ ਰਕਬਿਆਂ ਵਿੱਚ ਹਰ ਸਾਲ ਰੁੱਖ ਲਗਾਉਂਦਾ ਰਿਹਾ ਹੈ, ਪ੍ਰੰਤੂ ਕਿਸੇ ਵੀ ਸਮੱਸਿਆ ਨੂੰ ਸਮਾਜਿਕ ਨਜ਼ਰੀਏ ਨਾਲ ਦੇਖਣਾ ਉਸ ਸਮੱਸਿਆ ਦੇ ਹੱਲ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ, ਭਾਵ ਕਿ ਇਨ੍ਹਾਂ ਇਲਾਕਿਆਂ ਵਿੱਚ ਜੰਗਲਾਂ ਦੀ ਸਥਿਤੀ ਵਿੱਚ ਸੁਧਾਰ ਉਥੇ ਦੇ ਲੋਕਾਂ ਦੀ ਸ਼ਮੂਲੀਅਤ ਤੋਂ ਬਿਨਾਂ ਸੰਭਵ ਨਹੀਂ, ਪ੍ਰੰਤੂ ਇਸ ਲਈ ਉਨ੍ਹਾਂ ਦੀਆਂ ਆਰਥਿਕ ਕਠਨਾਈਆਂ ਨੂੰ ਵੀ ਧਿਆਨ ਵਿੱਚ ਰੱਖਣਾ ਓਨਾ ਹੀ ਜ਼ਰੂਰੀ ਹੈ, ਜਿੰਨਾ ਕਿ ਇਨ੍ਹਾਂ ਜੰਗਲਾਂ ਦੀ ਸਥਿਤੀ ਵਿੱਚ ਸੁਧਾਰ ਕਰਨਾ । ਇਸ ਬਾਰੇ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਮੌਜੂਦਾ ਪਾਬੰਦੀਆਂ ਇਨ੍ਹਾਂ ਇਲਾਕਿਆਂ ਦੇ ਬਹੁਪੱਖੀ ਵਿਕਾਸ ਨੂੰ ਢਾਹ ਲਾ ਰਹੀਆਂ ਹਨ।

# ਸੰਪਰਕ : 79869-69394

# ਮੁਸ਼ਕਲ ਘੜੀ 'ਚ ਇਕੱਲਾ ਖੜ੍ਹਾ ਪੰਜਾਬ



**ਹਰਵਿੰਦਰ ਸਿੰਘ ਵੀਰ ਰਹੀਮਪੁਰੀ**

ਸਮਝ ਨਹੀਂ ਆ ਰਿਹਾ ਕਿ ਪੰਜਾਬ ਦਾ ਦਰਦ ਕਿੱਥੋਂ ਸ਼ੁਰੂ ਕੀਤਾ ਜਾਵੇ । ਅੱਜ ਕਰੀਬ 15 ਦਿਨ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਕਿ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ ।ਇਸ ਵਾਰ ਰਾਵੀ ਦਰਿਆ ਦਾ ਕਹਿਰ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ 'ਤੇ ਟੁੱਟਾ ਹੈ । ਸਤਲੁਜ ਅਤੇ ਬਿਆਸ ਦਰਿਆਵਾਂ ਵਿੱਚ ਵੀ ਪਾਣੀ ਸ਼ੂਕਦਾ ਹੋਇਆ ਡਰਾਉਣਾ ਰੂਪ ਧਾਰਨ ਕਰਦਾ ਜਾ ਰਿਹਾ ਹੈ । ਪੰਜਾਬ ਅੰਦਰ ਮਾਝੇ ਦਾ ਪੂਰਾ ਅਤੇ ਕਰੀਬ ਦੁਆਬੇ ਦਾ ਅੱਧਾ ਇਲਾਕਾ ਪਾਣੀ ਵਿੱਚ ਡੁੱਬਾ ਪਿਆ ਹੈ ਅਤੇ ਸਤਲੁਜ ਦੇ ਧਾਰਨ ਕੀਤੇ ਜਾ ਰਹੇ ਵਿਰਾਟ ਰੂਪ ਵੱਲ ਵੇਖਦੇ ਹੋਏ ਮਾਲਵੇ ਵਿੱਚ ਵੀ ਪੂਰਾ ਖ਼ਤਰਾ ਬਣਿਆ ਹੋਇਆ ਹੈ । ਛੋਟੇ -ਛੋਟੇ ਨਦੀਆਂ, ਨਾਲਿਆਂ ਵਿੱਚ ਆਇਆ ਹੜ੍ਹ ਬਹੁਤ ਹੀ ਵੱਡੇ ਨੁਕਸਾਨ ਕਰ ਰਿਹਾ ਹੈ । ਡੈਮਾਂ ਦੇ ਅੰਦਰ ਭਰਿਆ ਹੋਇਆ ਪਾਣੀ ਛੱਡਿਆ ਜਾ ਰਿਹਾ ਹੈ ਅਤੇ ਉਸ ਦੇ ਨਾਲ ਅੱਗੇ ਹੋ ਰਹੀ ਤਬਾਹੀ ਦਾ ਮੰਜ਼ਰ ਦੇਖਿਆ ਨਹੀਂ ਜਾ ਰਿਹਾ । ਜਿੱਥੇ ਇਹ ਕੁਦਰਤੀ ਭਾਣਾ ਹੈ, ਉਥੇ ਇਸ ਦੇ ਵਿੱਚ ਮਨੁੱਖੀ ਗਲਤੀਆਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ । ਡੈਮਾਂ ਦੇ ਅੰਦਰ ਫਲੱਡ ਗੇਟਾਂ ਦਾ ਟੁੱਟ ਜਾਣਾ ਅਤੇ ਉਹਨਾਂ ਦਾ ਅਜੇ ਤੱਕ ਵੀ ਬਦਲ ਨਾ ਕੀਤਾ ਜਾ ਸਕਣਾ, ਸਮਝ ਤੋਂ ਬਾਹਰ ਹੈ ।

ਭਾਰਤੀ ਫੌਜ ਏਨੀ ਸਮਰੱਥ ਹੈ ਕਿ ਅਜਿਹਾ ਕਾਰਜ ਅਗਰ ਉਸ ਨੂੰ ਦੇ ਦਿੱਤਾ ਜਾਵੇ ਤਾਂ ਉਹ ਮਹੀਨਿਆਂ ਦਾ ਕੰਮ ਦਿਨਾਂ ਵਿੱਚ ਅਤੇ ਦਿਨਾਂ ਦਾ ਕੰਮ ਘੰਟਿਆਂ ਵਿੱਚ ਕਰ ਸਕਦੀ ਹੈ । ਅਜਿਹੀਆਂ ਉਦਾਹਰਣਾਂ ਸਾਹਮਣੇ ਹਨ ਕਿ ਘੰਟਿਆਂ ਦੇ ਅੰਦਰ ਹੀ ਫੌਜ ਨੇ ਆਰਜ਼ੀ ਪੁਲ ਬਣਾ ਦਿੱਤੇ । ਜੰਮੂ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਹੋਈਆਂ ਘਟਨਾਵਾਂ ਦੇ ਦੌਰਾਨ ਫੌਜ ਦੀਆਂ ਸੇਵਾਵਾਂ ਨੂੰ ਸਲਾਹਿਆ ਗਿਆ ਹੈ ਅਤੇ ਇਹ ਕਾਰਜ ਇਥੇ ਵੀ ਫੌਜ ਦੇ ਸਪੁਰਦ ਕੀਤਾ ਜਾ ਸਕਦਾ ਸੀ । ਪ੍ਰਸ਼ਾਸਨ ਨੂੰ ਚਾਹੀਦਾ ਸੀ ਕਿ ਆਪਣੀ ਫੌਜ ਦੀ ਮਦਦ ਲੈ ਕੇ ਇਸ ਤਰਾਸਦੀ ਨੂੰ ਜਿੰਨਾ ਘੱਟ ਕੀਤਾ ਜਾ ਸਕੇ, ਘੱਟ ਕਰ ਲਿਆ ਜਾਵੇ । ਅਜੇ ਤੱਕ ਇੰਝ ਹੀ ਲੱਗ ਰਿਹਾ ਹੈ ਕਿ ਪੰਜਾਬ ਆਪਣਾ ਦਰਦ ਖੁਦ ਆਪ ਹੀ ਆਪਣੇ ਪਿੰਡੇ 'ਤੇ ਹੰਢਾ ਰਿਹਾ ਹੈ। ਦੇਸ਼ ਦੇ ਅੰਦਰ ਤਾਂ ਇੰਝ ਲੱਗਦਾ ਹੈ, ਜਿਵੇਂ ਪੰਜਾਬ ਦਾ ਕੋਈ ਬੇਲੀ ਹੀ ਨਹੀਂ ਹੁੰਦਾ । ਇਥੋਂ ਤੱਕ ਕਿ ਅੱਜ ਦੇ ਸਮੇਂ ਐਕਸ ਮੀਡੀਆ, ਯੂ ਟਿਊਬ , ਸੋਸ਼ਲ ਮੀਡੀਆ, ਛਪਾਈ ਅਤੇ ਬਿਜਲਈ (ਪ੍ਰਿੰਟ ਅਤੇ ਇਲੈਕਟਰੋਨਿਕ) ਸੰਚਾਰ ਸਾਧਨ, ਪਤਾ ਨਹੀਂ ਕਿੰਨੇ ਕੁ ਸਰੋਤ ਹਨ ਜਿਹੜੇ ਕਿ ਸਮੁੱਚੀਆਂ ਖਬਰਾਂ, ਜਿਹੜੀਆਂ ਹਨ ਉਹ ਲੋਕਾਂ ਤੱਕ ਲੈ ਕੇ ਜਾ ਰਹੇ ਹਨ, ਪਰ ਸ਼ਾਇਦ ਇਹ ਖਬਰਾਂ ਦਿੱਲੀ ਸਰਕਾਰ ਤੱਕ ਨਹੀਂ ਪੁੱਜੀਆਂ ।ਦਿੱਲੀ ਦੇ ਵਿੱਚ ਇਕੱਲੀ ਸਰਕਾਰ ਹੀ ਨਹੀਂ ਬੈਠੀ, ਉੱਥੇ ਸਮੁੱਚੇ ਦੇਸ਼ ਦੇ ਅੰਦਰ ਵੱਖ-ਵੱਖ ਸੂਬਿਆਂ ਵਿੱਚ ਚਲਾਉਣ ਵਾਲੀਆਂ ਸਰਕਾਰਾਂ ਦੇ ਸਾਰੇ ਹੀ ਮੁਖੀ ਬੈਠੇ ਹਨ, ਪਰ ਕਿਸੇ ਨੂੰ ਤਾਂ ਨਹੀਂ ਯਾਦ ਕਿ ਪੰਜਾਬ ਵੀ ਭਾਰਤ ਦਾ ਹਿੱਸਾ ਹੈ । ਅੱਜ ਅਗਰ ਉਸ ਦੇ ਉੱਤੇ ਕੋਈ ਬਿਪਤਾ ਆ ਪਈ ਹੈ ਤਾਂ ਆਪਾਂ ਜਾ ਕੇ ਉਸ ਦੀ ਬਾਂਹ ਫੜੀਏ । ਸ਼ਾਇਦ ਸਭ ਨੂੰ ਇਹ ਭੁੱਲ ਹੀ ਜਾਂਦਾ ਹੈ ਕਿ ਦੇਸ਼ ਦੇ ਅੰਦਰ ਜਦ ਵੀ ਕੋਈ ਤਰਾਸਦੀ ਵਾਪਰਦੀ ਹੈ, ਅਣਹੋਣੀ ਹੁੰਦੀ ਜਾਂ ਅਜਿਹਾ ਭਾਣਾ ਵਾਪਰਦਾ ਹੈ ਕਿ ਜਿਸ ਦੇ ਵਿੱਚ ਸਾਨੂੰ ਇੱਕ-ਦੂਸਰੇ ਦੀ ਮਦਦ ਦੀ ਲੋੜ ਹੁੰਦੀ ਹੈ ਤਾਂ ਪੰਜਾਬ ਹਮੇਸ਼ਾ ਹੀ ਸਭ ਤੋਂ ਅੱਗੇ ਨਜ਼ਰ ਆਉਂਦਾ ਹੈ । ਪੰਜਾਬ ਲਈ ਹਮੇਸ਼ਾ ਹੀ ਦਿੱਲੀ ਦੂਰ ਰਹੀ ਹੈ, ਇਸ ਦਾ ਇਤਿਹਾਸ ਵੀ ਗਵਾਹ ਹੈ । ਪੰਜਾਬ ਦੀ ਆਰਥਿਕਤਾ ਨੂੰ ਕਿੰਨੀ ਢਾਹ ਲੱਗੀ ਹੈ, ਇਸ ਦਾ ਅੰਦਾਜ਼ਾ ਲਗਾਉਣਾ ਏਨਾ ਆਸਾਨ ਨਹੀਂ ਹੈ । ਇਸ ਔਖੇ ਸਮੇਂ ਕਿਸੇ ਨੇ ਵੀ ਆ ਕੇ ਪੰਜਾਬ ਦੇ ਜ਼ਖ਼ਮਾਂ ਦੇ ਉੱਤੇ ਮਲ੍ਹਮ ਨਹੀਂ ਲਾਈ ।

ਹੜ੍ਹਾਂ ਉਪਰੰਤ ਜਦ ਪਾਣੀ ਲਹਿ ਜਾਣਾ ਹੈ ਤਾਂ ਜੋ ਹਾਲਾਤ ਬਣਨੇ ਹਨ, ਉਹ ਤਾਂ ਇਸ ਤੋਂ ਹੋਰ ਵੀ ਜ਼ਿਆਦਾ ਭਿਆਨਕ ਹੋਣਗੇ, ਕਿਉਂਕਿ ਬਿਮਾਰੀਆਂ ਫੈਲ ਰਹੀਆਂ ਹੋਣਗੀਆਂ , ਜਾਨਵਰਾਂ ਅਤੇ ਪਸ਼ੂਆਂ ਦੀਆਂ ਪਈਆਂ ਲਾਸ਼ਾਂ ਦੀ ਬਦਬੂ ਫੈਲ ਚੁੱਕੀ ਹੋਵੇਗੀ ਅਤੇ ਉਸ ਦੇ ਨਾਲ ਜਿਊਣਾ ਦੁਸ਼ਵਾਰ ਹੋ ਗਿਆ ਹੋਵੇਗਾ । ਢਹਿ-ਢੇਰੀ ਹੋਏ ਘਰਾਂ ਨੂੰ ਦੇਖ ਕੇ ਉਸ ਵਿੱਚ ਰਹਿਣ ਵਾਲੇ ਵਾਸੀਆਂ ਦਾ ਲੱਕ ਟੁੱਟ ਚੁੱਕਾ ਹੋਵੇਗਾ । ਇਹ ਚੀਜ਼ਾਂ ਨੂੰ ਠੀਕ ਕਰਨ ਵਾਸਤੇ ਬਹੁਤ ਜ਼ਿਆਦਾ ਸਮਾਂ ਲੱਗੇਗਾ । ਅੱਜ ਪੰਜਾਬ ਵਾਸੀ ਆਪ-ਮੁਹਾਰੇ , ਆਪ ਹੀ ਪੱਬਾਂ ਭਾਰ ਹੋ ਕੇ ਆਪਣੇ ਭਰਾਵਾਂ ਦਾ ਸਹਾਰਾ ਬਣ ਰਹੇ ਹਨ । ਨਿੱਜੀ ਤੌਰ 'ਤੇ ਵੀ ਅਤੇ ਵੱਖ-ਵੱਖ ਸੰਸਥਾਵਾਂ ਰਾਹੀਂ ਵੀ ਹਰ ਥਾਂ ਦੇ ਉੱਤੇ ਖਾਣਾ, ਵਸਤਰ ਅਤੇ ਪਸ਼ੂਆਂ ਲਈ ਚਾਰਾ ਤਾਂ ਪਹੁੰਚਾਇਆ ਜਾ ਰਿਹਾ ਹੈ । ਵੈਸੇ ਵੀ ਇਹ ਗੱਲ ਮੰਨਣੀ ਚਾਹੀਦੀ ਹੈ, ਕਿਉਂਕਿ ਪੰਜਾਬ ਵੱਸਦਾ ਗੁਰਾਂ ਦੇ ਨਾਂਅ 'ਤੇ ਹੈ, ਇਸ ਕਰਕੇ ਇਹ ਤਾਂ ਕਦੇ ਨਹੀਂ ਹੋ ਸਕਦਾ ਕਿ ਇਸ ਧਰਤੀ ਦੇ ਉੱਤੇ ਭਾਵੇਂ ਜਿੰਨੀ ਮਰਜ਼ੀ ਕੋਈ ਤਕਲੀਫ ਵਿੱਚ ਹੋਵੇ ਕੋਈ ਭੁੱਖਾ ਸੌਂਵੇਂ ਜਾਂ ਭੁੱਖਾ ਮਰੇ ।ਪੰਜਾਬੀ ਆਪਣੀ ਬਿਪਤਾ ਆਪ ਤਾਂ ਦੂਰ ਕਰ ਲੈਣਗੇ, ਪਰ ਜਿਨ੍ਹਾਂ ਤੋਂ ਆਸ ਰੱਖੀ ਜਾਂਦੀ ਹੈ, ਉਹ ਕਿਉਂ ਦੜ ਵੱਟੀ ਬੈਠੇ ਹਨ । ਉਹਨਾਂ ਨੇ ਮੂੰਹ ਦੇ ਵਿੱਚ ਕਿਉਂ ਘੁੰਗਣੀਆਂ ਪਾਈਆਂ ਹੋਈਆਂ ਹਨ ਜਾਂ ਉਹਨਾਂ ਵਾਸਤੇ ਪੰਜਾਬ ਕਿਸੇ ਗਿਣਤੀ ਵਿੱਚ ਹੀ ਨਹੀਂ ਹੈ, ਇਹ ਗੱਲ ਸਮਝ ਨਹੀਂ ਆ ਰਹੀ । ਹਾਲਾਤ ਦਾ ਸਾਹਮਣਾ ਕਰ ਰਹੇ ਲੋਕਾਂ ਵਿੱਚ ਜਾ ਕੇ ਪਤਾ ਲੱਗਦਾ ਹੈ ਕਿ ਉਹ ਲੋਕ ਜਿਨ੍ਹਾਂ ਦਾ ਆਪਣਾ ਸਭ ਕੁਝ ਬਰਬਾਦ ਹੋ ਗਿਆ, ਚਾਹੇ ਘਰ ਹਨ , ਚਾਹੇ ਫਸਲਾਂ ਪਰ ਉਹ ਫਿਰ ਆਪਣਾ ਬਰਬਾਦੀ ਦਾ ਸਮਾਨ ਪਿੱਛੇ ਛੱਡ ਕੇ ਜਿਨ੍ਹਾਂ ਦਾ ਬਚਾਅ ਹੋ ਸਕਦਾ ਹੈ, ਉਹਨਾਂ ਦੀ ਮਦਦ ਦੇ ਵਾਸਤੇ ਲੱਗੇ ਹੋਏ ਹਨ । ਇਸ ਤੋਂ ਵੱਡੀ ਹੋਰ ਕੀ ਉਦਾਹਰਣ ਦਿੱਤੀ ਜਾ ਸਕਦੀ ਹੈ । ਪੰਜਾਬ ਵਾਸੀਆਂ ਨੇ ਇੱਕ-ਦੂਸਰੇ ਦੀ ਮਦਦ ਕਰਨ ਦੇ ਵਿੱਚ ਕੋਈ ਕਸਰ ਨਹੀਂ ਛੱਡੀ । ਇੰਝ ਲੱਗਦਾ ਹੈ ਕਿ ਇਸ ਵਾਪਰੀ ਤ੍ਰਾਸਦੀ ਨੇ ਪੰਜਾਬੀ ਭਰਾਵਾਂ ਨੂੰ ਇੱਕ-ਦੂਜੇ ਦੇ ਨਾਲ ਗਲ ਲੱਗ ਕੇ ਆਪਣੇ ਦੁੱਖ ਵੰਡਾਉਣ ਦਾ ਇੱਕ ਐਸਾ ਮੌਕਾ ਦਿੱਤਾ ਹੈ, ਜਿਸ ਦੇ ਨਾਲ ਇਹ ਅਹਿਸਾਸ ਹੋਇਆ ਹੈ ਕਿ ਫਿਰ ਵੀ ਕੰਮ ਆਪਣਿਆਂ ਨੇ ਹੀ ਆਉਣਾ ਹੈ । ਇਹ ਗੱਲ ਕਹਿਣ ਵਿੱਚ ਕੋਈ ਅੱਤਕਥਨੀ ਨਹੀਂ ਕਿ ਇਸ ਵਾਰ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਦੀ ਸਟੇਜਾਂ ਤੋਂ ਗੱਲ ਕਰਨ ਵਾਲੇ ਪੰਜਾਬੀ ਕਲਾਕਾਰਾਂ ਨੇ ਚਾਹੇ ਉਹ ਗਾਇਕ ਹਨ , ਚਾਹੇ ਉਹ ਪੰਜਾਬੀ ਸਿਨਮਾ ਦੇ ਨਾਲ ਜੁੜੇ ਹੋਏ ਹਨ , ਚਾਹੇ ਉਹ ਬਾਲੀਵੁੱਡ ਵਿੱਚ ਵੀ ਹਨ, ਉਹਨਾਂ ਨੇ ਕੁੱਲ ਮਿਲਾ ਕੇ ਇਹ ਆਪਣੇ ਆਪ ਨੂੰ ਸਾਬਿਤ ਕਰਨ ਦਾ ਯਤਨ ਕੀਤਾ ਹੈ ਕਿ ਸੱਚਮੁੱਚ ਹੀ ਉਹ ਆਪਣੇ ਪੰਜਾਬ ਦੇ ਨਾਲ ਖੜ੍ਹੇ ਹਨ, ਆਪਣੀ ਬੋਲੀ ਨੂੰ ਪਿਆਰ ਕਰਦੇ ਹਨ ਅਤੇ ਪੰਜਾਬੀਅਤ ਦੀ ਖ਼ਾਤਿਰ ਉਹ ਹਮੇਸ਼ਾ ਆਪਣੇ ਭਰਾਵਾਂ ਦੇ ਨਾਲ ਉਹਨਾਂ ਦੇ ਦੁੱਖ ਦੇ ਵਿੱਚ ਖੜੇ ਹਨ । ਇਨ੍ਹਾਂ ਕਲਾਕਾਰਾਂ ਦੀ ਮਿਹਨਤ ਨੂੰ ਸਲਾਮ ਕਰਨੀ ਬਣਦੀ ਹੈ । ਪੰਜਾਬ ਦੀਆਂ ਉਹ ਸੰਸਥਾਵਾਂ, ਜਿਹੜੀਆਂ ਕਿ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਵੀ ਆਪਣੀ ਸੇਵਾਵਾਂ ਦੇ ਨਾਲ ਜਾਣੀਆਂ ਜਾਂਦੀਆਂ ਹਨ ਅਤੇ ਸਮੁੱਚਾ ਸੰਸਾਰ ਉਹਨਾਂ ਦੇ ਉੱਤੇ ਮਾਣ ਵੀ ਕਰਦਾ ਹੈ, ਚਾਹੇ ਉਹ ਖਾਲਸਾ ਏਡ ਹੈ, ਗਲੋਬਲ ਸਿੱਖ ਵਾਲੇ ਹਨ , ਸਾਂਝ ਫਾਊਂਡੇਸ਼ਨ ਹੈ , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਸੰਸਥਾਵਾਂ ਆਦਿ ਉਹਨਾਂ ਪੰਜਾਬ ਵਾਸੀਆਂ ਨਾਲ ਖੜਕੇ ਆਪਣਾ ਫਰਜ਼ ਨਿਭਾਇਆ ਹੈ । ਉਹ ਜਾਣਦੇ ਹਨ ਕਿ ਅਗਰ ਦੁਨੀਆ ਦੇ ਵਿੱਚ ਉਹਨਾਂ ਦੀ ਕੋਈ ਪਹਿਚਾਣ ਹੈ ਜਾਂ ਉਹਨਾਂ ਦੀ ਸੇਵਾ ਨੂੰ ਸਮੁੱਚਾ ਸੰਸਾਰ ਮੰਨਦਾ ਹੈ ਤਾਂ ਇਸ ਦੇ ਪਿੱਛੇ ਪੰਜਾਬੀਆਂ ਦਾ ਪਿਆਰ ਅਤੇ ਪੰਜਾਬੀਆਂ ਦੀ ਵਿਰਾਸਤ ਅਤੇ ਪੰਜਾਬ ਦਾ ਇਤਿਹਾਸ ਖੜ੍ਹਾ ਹੈ । ਅੱਜ ਉਨ੍ਹਾਂ ਇਹ ਸਾਬਿਤ ਕੀਤਾ ਹੈ ਕਿ ਅਗਰ ਉਹ ਕਿਸੇ ਦੂਸਰੇ ਦੀ ਜਾਨ ਵਾਰ ਕੇ ਵੀ ਮਦਦ ਕਰ ਸਕਦੇ ਹਨ ਤਾਂ ਆਪਣੇ ਭਰਾਵਾਂ ਵਾਸਤੇ ਤਾਂ ਉਹ ਦਿਨ-ਰਾਤ ਇੱਕ ਕਰ ਦੇਣਗੇ । ਉਹ ਦਿਨ ਦੂਰ ਨਹੀਂ ਆਪਾਂ ਜਦ ਦੇਖਾਂਗੇ ਕਿ ਚਾਹੇ ਕੋਈ ਆਵੇ ਚਾਹੇ ਨਾ ਆਵੇ, ਪਰ ਪੰਜਾਬ ਨੇ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਜਾਣਾ ਹੈ । ਅਜਿਹਾ ਅਤੀਤ ਵਿੱਚ ਹੁੰਦਾ ਆਇਆ ਹੈ ਅਤੇ ਭਵਿੱਖ ਵਿੱਚ ਹੁੰਦਾ ਵੀ ਰਹੇਗਾ। ਇੱਥੇ ਇਹ ਗੱਲ ਜ਼ਰੂਰ ਕਹਿਣੀ ਬਣਦੀ ਹੈ ਕਿ ਆਪਣੇ-ਆਪਣੇ ਫਰਜ਼ਾਂ ਦੀ ਪਹਿਚਾਣ ਕਰਦੇ ਹੋਏ ਚਾਹੇ ਉਹ ਪੰਜਾਬ ਸਰਕਾਰ ਹੈ , ਚਾਹੇ ਕੇਂਦਰ ਸਰਕਾਰ ਹੈ, ਸਭ ਨੂੰ ਚਾਹੀਦਾ ਹੈ ਕਿ ਉਹ ਪੰਜਾਬੀਆਂ ਨੂੰ ਬੇਗ਼ਾਨਗੀ ਦਾ ਅਹਿਸਾਸ ਨਾ ਕਰਾਉਣ । ਸਮੇਂ ਦੀ ਲੋੜ ਹੈ ਕਿ ਪੰਜਾਬੀ ਇਹ ਗੱਲ ਜ਼ਰੂਰ ਮਹਿਸੂਸ ਕਰਨ ਕਿ ਉਹਨਾਂ ਵਾਸਤੇ ਦਿੱਲੀ ਦੂਰ ਨਹੀਂ ।

ਪੰਜਾਬੀ ਬਹੁਤ ਹੀ ਫ਼ਰਾਕ ਦਿਲ ਹੁੰਦੇ ਹਨ, ਕੋਈ ਵੀ ਛੋਟਾ ਜਿਹਾ ਉਹਨਾਂ ਵੱਲ ਕਦਮ ਪੁੱਟ ਕੇ ਦਿਖਾਵੇ ਪੰਜਾਬੀ ਉਸ ਨੂੰ ਗਲ ਨਾਲ ਲਾ ਲੈਂਦੇ ਹਨ ਅਤੇ ਹਮੇਸ਼ਾ ਵਾਸਤੇ ਇਹ ਅਹਿਸਾਸ ਦਿਲਾਂ ਵਿੱਚ ਬਣਾਈ ਰੱਖਦੇ ਹਨ ਕਿ ਮੁਸ਼ਕਲ ਸਮੇਂ ਦੇ ਉੱਤੇ ਕਿਸੇ ਨੇ ਉਨ੍ਹਾਂ ਦੀ ਮਦਦ ਕੀਤੀ ਸੀ । ਇਸ ਕਰਕੇ ਹੁਣ ਸਮਾਂ ਹੈ ਕਿ ਪੰਜਾਬ ਦੇ ਇਸ ਦਰਦ ਨੂੰ ਸਮਝਦੇ ਹੋਏ ਸਮੁੱਚੇ ਰੂਪ ਵਿੱਚ ਚਾਹੇ ਉਹ ਨਿੱਜੀ ਹੈ, ਸੰਸਥਾਪਕ ਰੂਪ 'ਚ ਹੈ ਜਾਂ ਸਰਕਾਰੀ ਹੈ, ਪੰਜਾਬੀਆਂ ਦੀ ਇਸ ਵਕਤ ਵੱਡੇ ਪੱਧਰ ਉੱਤੇ ਮਦਦ ਕਰਨ ਦੀ ਲੋੜ ਹੈ । ਇਸ ਮੁਸ਼ਕਲ ਘੜੀ ਵਿੱਚ ਪੰਜਾਬ ਇਸ ਵਕਤ ਸੱਚਮੁੱਚ ਇਕੱਲਾ ਖੜਾ ਨਜ਼ਰ ਆ ਰਿਹਾ ਹੈ। ਇਹ ਬੇਗ਼ਾਨਗੀ ਅਤੇ ਇਹ ਇਕੱਲੇਪਣ ਦੀ ਜਿਹੜੀ ਅੱਜ ਖ਼ਬਰ ਬਣੀ ਹੋਈ ਹੈ, ਇਸ ਨੂੰ ਦੂਰ ਕਰਨਾ ਅੱਜ ਸਮੁੱਚੇ ਦੇਸ਼ ਵਾਸੀਆਂ ਦਾ ਫਰਜ਼ ਬਣਦਾ ਹੈ।

# ਸੰਪਰਕ : 98775-04957

# ਝੰਬੋ ਵਾਲੀ ਚੋਅ 'ਚ ਪਏ ਪਾੜ ਨੂੰ ਫੌਜ ਦੇ ਜਵਾਨਾਂ ਨੇ ਬੰਨ੍ਹਿਆ

## ਸੈਂਕੜੇ ਏਕੜ ਫਸਲ ਪਾਣੀ 'ਚ ਡੁੱਬੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਬ ਡਵੀਜ਼ਨ ਪਾਤੜਾਂ ਵਿੱਚੋਂ ਲੰਘਦੀ ਝੰਬੋ ਵਾਲੀ ਚੋਅ (ਭੁਪਿੰਦਰਾ ਸਾਗਰ ਡਰੇਨ) ਵਿੱਚ ਵੱਡੀ ਪੱਧਰ ਤੇ ਆਏ ਬਰਸਾਤੀ ਪਾਣੀ ਕਰਕੇ ਕਿਸਾਨਾਂ ਦੀ ਸੈਂਕੜੇ ਏਕੜ ਫ਼ਸਲ ਪਾਣੀ ਵਿੱਚ ਡੁੱਬ ਕੇ ਤਬਾਹ ਹੋ ਗਈ ਹੈ।ਸ਼ਹਿਰ ਦੇ ਨਾਲ ਲੱਗਦੇ ਪਿੰਡ ਦੁਗਾਲ ਦੇ ਨਜ਼ਦੀਕ ਅੱਜ ਸਵੇਰੇ ਤੜਕਸਾਰ ਡਰੇਨ ਵਿੱਚ ਕਰੀਬ 30 ਫੁੱਟ ਦੇ ਕਰੀਬ ਪਏ ਪਾੜ ਕਰਕੇ ਝੋਨੇ ਦੀ ਫਸਲ ਪਾਣੀ ਵਿੱਚ ਡੁੱਬ ਗਈ।ਡਰੇਨ ਵਿੱਚ ਪਏ ਪਾੜ ਦਾ ਪਤਾ ਲੱਗਦਿਆਂ ਹੀ ਸਬ ਡਿਵੀਜ਼ਨ ਪਾਤੜਾਂ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਰਾਹਤ ਕਾਰਜਾਂ ਲਈ ਕਰਨਲ ਵਿਨੋਦ ਸਿੰਘ ਰਾਵਤ ਦੀ ਅਗਵਾਈ ਵਿੱਚ ਪੁੱਜੀ ਭਾਰਤੀ ਫੌਜ ਦੇ ਜਵਾਨਾਂ ਨੇ ਕਾਫੀ ਮੁਸ਼ੱਕਤ ਮਗਰੋਂ ਬੰਨ੍ਹ ਨੂੰ ਬੰਨਿਆਂ, ਦੂਜੇ ਪਾਸੇ ਡਰੇਨ ਦੇ ਘੱਗਰ ਦਰਿਆ ਵਿੱਚ ਡਿੱਗਣ ਵਾਲੀ ਥਾਂ ਉੱਤੇ ਘੱਗਰ ਦੇ ਓਵਰਫਲੋ ਹੋਏ ਪਾਣੀ ਨੂੰ ਰੋਕਣ ਲਈ ਲਗਾਏ ਗਏ ਰੈਗੂਲੇਟਰ ਦੇ ਗੇਟ ਬੰਦ ਕਰ ਦਿੱਤੇ ਜਾਣ ਕਰਕੇ ਵਧੇ ਪਾਣੀ ਵਿੱਚ ਪਿੰਡ ਖੇੜੀ ਨਿਗਾਈਆਂ, ਦਿਓਗੜ੍ਹ ਤੇ ਹਰਿਆਊ ਖੁਰਦ ਦੇ ਕਿਸਾਨਾਂ ਦੀ ਸੈਂਕੜੇ ਏਕੜ ਫਸਲ ਪਾਣੀ ਦੀ ਭੇਟ ਚੜ੍ਹ ਗਈ।

ਪਿੰਡ ਦੁਗਾਲ ਵਾਸੀ ਦਰਸ਼ਨ ਸਿੰਘ ਕਾਲੇਕਾ, ਪਰਮਜੀਤ ਸਿੰਘ, ਕਿਸਾਨ ਆਗੂ ਸੁਖਦੇਵ ਸਿੰਘ ਹਰਿਆਊ, ਭਗਵੰਤ ਸਿੰਘ, ਮੁਖਤਿਆਰ ਸਿੰਘ, ਬਲਵੀਰ ਸਿੰਘ, ਨਾਹਰ ਸਿੰਘ ਦਿਉਗੜ, ਲਾਭ ਸਿੰਘ ਦੁਗਾਲ ਆਦਿ ਨੇ ਦੱਸਿਆ ਕਿ ਘੱਗਰ ਦਰਿਆ ਵਿੱਚ ਆਉਣ ਵਾਲੇ ਹੜ੍ਹ ਕਰਕੇ ਹਰ ਸਾਲ ਝੰਬੋ ਵਾਲੀ ਚੋਅ ਦੇ ਪਿੰਡ ਖਾਨੇਵਾਲ ਦੀ ਨਜ਼ਦੀਕ ਜਿੱਥੋਂ ਡਰੇਨ ਘੱਗਰ ਦਰਿਆ ਵਿੱਚ ਡਿੱਗਦੀ ਹੈ, ਉੱਥੇ ਘੱਗਰ ਦਰਿਆ ਦਾ ਪਾਣੀ ਡਰੇਨ ਰਾਹੀਂ ਵਾਪਸ ਆ ਕੇ ਲੋਕਾਂ ਦਾ ਨੁਕਸਾਨ ਨਾ ਕਰੇ ਇਸ ਮਕਸਦ ਨਾਲ ਡਰੇਨਜ਼ ਵਿਭਾਗ ਵੱਲੋਂ ਲਗਾਏ ਗਏ ਰੈਗੂਲੇਟਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ ਕਰਕੇ ਭੁਪਿੰਦਰਾ ਸਾਗਰ ਡਰੇਨ ਵਿੱਚ ਆਉਣ ਵਾਲਾ ਪਾਣੀ ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਹਰ ਸਾਲ ਤਬਾਹ ਕਰ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਸਮੇਤ ਉਪਰਲੇ ਇਲਾਕਿਆਂ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਭਾਰੀ ਬਾਰਿਸ਼ ਕਰਕੇ ਝੰਬੋ ਵਾਲੀ ਚੋਅ ਪਾਣੀ ਲਗਾਤਾਰ ਵੱਧ ਗਿਆ ਹੈ, ਜਿਸ ਨਾਲ ਅੱਧੀ ਦਰਜਨ ਦੇ ਕਰੀਬ ਪਿੰਡਾਂ ਵਿੱਚ ਕਿਸਾਨਾਂ ਦੀ ਸੈਂਕੜੇ ਏਕੜ ਝੋਨੇ ਦੀ ਪੁੱਤਾਂ ਵਾਂਗ ਪਾਲੀ ਫਸਲ ਪਾਣੀ ਵਿੱਚ ਡੁੱਬ ਗਈ ਹੈ, ਜਦੋਂ ਕਿ ਹਜ਼ਾਰਾਂ ਏਕੜ ਹੋਰ ਫਸਲ ਉੱਤੇ ਖਤਰੇ ਦੇ ਬੱਦਲ ਮੰਡਰਾ ਰਹੇ ਹਨ।ਉਨ੍ਹਾਂ ਮੰਗ ਕੀਤੀ ਕਿ ਡਰੇਨ ਦੇ ਦੋਨੇ ਪਾਸੇ ਬੰਨਿਆਂ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿ ਹਰ ਸਾਲ ਹੋਣ ਵਾਲੇ ਨੁਕਸਾਨ ਤੋਂ ਕਿਸਾਨਾਂ ਨੂੰ ਬਚਾਇਆ ਜਾ ਸਕੇ

# ਅੰਮ੍ਰਿਤ ਇਲੈਕਟ੍ਰੋਹੋਮਿਓਪੈਥਿਕ ਐਂਡ ਹੋਲਿਸਟਿਕ ਹੈਲਥ ਸੈਂਟਰ ਗੋਨਿਆਣਾ ਦਾ ਆਗਾਜ਼

■ ਇਲੈਕਟ੍ਰੋਹੋਮਿਉਪੈਥੀ ਰਾਹੀਂ ਗੰਭੀਰ ਬਿਮਾਰੀਆਂ ਦਾ ਇਲਾਜ ਸੰਭਵ : ਡਾ. ਸੇਖੋਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਇਲੈਕਟ੍ਰੋਹੋਮਿਉਪੈਥੀ ਇੱਕ ਅਜਿਹੀ ਇਲਾਜ ਪ੍ਰਣਾਲੀ ਹੈ, ਜਿਸ ਨਾਲ ਬਹੁਤ ਸਾਰੀਆਂ ਗੰਭੀਰ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ।ਇਸ ਵਿੱਚ ਕੁਦਰਤ ਵੱਲੋਂ ਦਿੱਤੇ ਹੋਏ ਅਨਮੁੱਲੇ ਪੌਦਿਆਂ ਦਾ ਅਰਕ ਕੱਢ ਕੇ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ, ਜੋ ਕਿ ਬਿਮਾਰੀਆਂ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀਆਂ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਲੈਕਟ੍ਰੋਹੋਮਿਉਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਡਾ. ਅੰਮ੍ਰਿਤ ਪਾਲ ਸਿੰਘ ਤੇ ਡਾ. ਕੁਲਦੀਪ ਕੌਰ ਵੱਲੋਂ ਨਵਨਿਰਮਾਣ ਕੀਤੇ ਅੰਮ੍ਰਿਤ ਇਲੈਕਟ੍ਰੋਹੋਮਿਉਪੈਥਿਕ ਐਂਡ ਹੋਲਿਸਟਿਕ ਹੈਲਥ ਸੈਂਟਰ ਗੋਨਿਆਣਾ ਮੰਡੀ ਦਾ ਰੀਬਨ ਕੱਟ ਕੇ ਉਦਘਾਟਨ ਕਰਨ ਸਮੇਂ ਕੀਤਾ।ਇਸ ਉਦਘਾਟਨ ਦੀ ਰਸਮ ਸਮੇਂ ਉਨ੍ਹਾਂ ਨਾਲ ਸਮੂਹ ਇਲੈਕਟ੍ਰੋਹੋਮਿਉਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਆਹੁਦੇਦਾਰ ਮੈਂਬਰਾਂ ਦੀ ਹਾਜ਼ਰ ਸਨ।ਇਸ ਸਮਾਗਮ ਦੌਰਾਨ ਈ ਡੀ ਐਮ ਏ ਪੰਜਾਬ ਤੇ ਹਰਿਆਣਾ ਦੇ ਡਾਕਟਰਾਂ ਦੀਆਂ ਟੀਮਾਂ, ਗੋਨਿਆਣਾ ਮੰਡੀ ਦੇ ਲਾਇਨਜ਼ ਕਲੱਬ, ਗ੍ਰੀਨ ਸਿਟੀ ਕਲੱਬ, ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤੇ, ਰਿਸ਼ਤੇਦਾਰਾਂ ਨੇ ਹਾਜ਼ਰੀ ਲਗਵਾਈ।

ਇਸ ਪ੍ਰੋਗਰਾਮ ਵਿੱਚ ਡਾ. ਜਗਮੋਨ ਸਿੰਘ ਧੂੜਕੋਟ ਪ੍ਰਧਾਨ, ਡਾ. ਜਸਵਿੰਦਰ ਸਿੰਘ ਸਮਾਧ ਭਾਈ ਕੋਰ ਕਮੇਟੀ, ਡਾ. ਮਨਪ੍ਰੀਤ ਸਿੰਘ ਨਿਹਾਲ ਸਿੰਘ ਵਾਲਾ ਕੋਰ ਕਮੇਟੀ, ਡਾ. ਪਰਮਿੰਦਰ ਪਾਠਕ ਰਾਏਕੋਟ ਜਨ ਸੈਕਟਰੀ, ਡਾ. ਜਸਵੀਰ ਸ਼ਰਮਾ ਭਗਤਾ ਸਹਾਇਕ ਸੈਕਟਰੀ, ਡਾ. ਜਗਜੀਤ ਸਿੰਘ ਗਿੱਲ ਮੋਗਾ, ਡਾ. ਐੱਸ. ਕੇ. ਕਟਾਰੀਆ ਬਠਿੰਡਾ ਮੀਤ ਪ੍ਰਧਾਨ, ਡਾ. ਅਵਤਾਰ ਸਿੰਘ ਦੇਵਗਨ ਮੋਗਾ ਪ੍ਰੈੱਸ ਸਕੱਤਰ, ਡਾ. ਰੋਬਿਨ ਅਰੋੜਾ ਬਠਿੰਡਾ ਸਹਾਇਕ ਪ੍ਰੈੱਸ ਸਕੱਤਰ, ਡਾ. ਕਮਲਜੀਤ ਕੌਰ ਸੇਖੋਂ ਮੋਗਾ ਆਫਿਸ ਸਕੱਤਰ, ਡਾ. ਸੰਤੋਖ ਸਿੰਘ ਤਰਨ ਤਾਰਨ ਖਜ਼ਾਨਚੀ, ਡਾ. ਸੰਜੀਵ ਜੁਨੇਜਾ ਫਰੀਦਕੋਟ ਐਗਜ਼ੈਕਟਿਵ ਮੈਂਬਰ, ਡਾ. ਕਿਸ਼ੋਰ ਚੰਦ ਬਠਿੰਡਾ ਐਗਜ਼ੈਕਟਿਵ ਮੈਂਬਰ, ਡਾ. ਰਮੇਸ਼ ਸ਼ਰਮਾ ਬਠਿੰਡਾ, ਡਾ. ਰਾਜੇਸ਼ ਕੁਮਾਰ ਸਿਰਸਾ, ਡਾ. ਕੰਵਰਜੀਤ ਕੌਰ ਮੁਹਾਲੀ ਤੋਂ ਇਲਾਵਾ ਹੋਰ ਵੀ ਡਾਕਟਰ ਸ਼ਾਮਲ ਹੋਏ।

# ਸ਼ਹੀਦ ਮੇਜਰ ਭੁਪਿੰਦਰ ਸਿੰਘ ਦਾ ਬੁੱਤ ਭਾਰਤ ਨਗਰ ਚੌਕ ਵਿਖੇ ਲਾਇਆ ਜਾਵੇ : ਸੀ ਪੀ ਆਈ



**ਲੁਧਿਆਣਾ (ਐੱਮ ਐੱਸ ਭਾਟੀਆ)**-ਜਦੋਂ ਭਾਰਤ ਨਗਰ ਚੌਂਕ ਦਾ ਗੋਲ ਚੱਕਰ ਖਤਮ ਕਰਕੇ ਲਾਈਟਾਂ ਲਾਈਆਂ ਗਈਆਂ ਸਨ ਤਾਂ ਇਹ ਬੁੱਤ ਇਥੋਂ ਹਟਾ ਦਿੱਤਾ ਗਿਆ ਸੀ ਅਤੇ ਇਸ ਨੂੰ ਪਹਿਲਾਂ ਲੜਕੀਆਂ ਦੇ ਗੌਰਮਿੰਟ ਕਾਲਜ ਕੋਲ ਤੇ ਫੇਰ ਰੋਜ਼ ਗਾਰਡਨ ਦੇ ਬਾਹਰ ਲਗਾਇਆ ਗਿਆ ਹੈ, ਜਿਸ ਜਗ੍ਹਾ ਤੇ ਇਹ ਬੁੱਤ ਲਗਾਇਆ ਗਿਆ ਹੈ, ਉਹ ਜਗ੍ਹਾ ਬਿਲਕੁਲ ਵੀ ਇਸ ਬੁੱਤ ਲਈ ਯੋਗ ਨਹੀਂ ਹੈ।ਭਾਰਤੀ ਕਮਿਊਨਿਸਟ ਪਾਰਟੀ ਲੁਧਿਆਣਾ ਸ਼ਹਿਰੀ ਦੇ ਸਕੱਤਰ ਐੱਮ ਐੱਸ ਭਾਟੀਆ ਨੇ ਮੰਗ ਕੀਤੀ ਹੈ ਕਿ ਹੁਣ, ਜਦੋਂ ਕਿ ਭਾਰਤ ਨਗਰ ਚੌਂਕ ਵਿਖੇ ਦੁਬਾਰਾ ਗੋਲ ਚੱਕਰ ਬਣਾਇਆ ਗਿਆ ਹੈ ਤੇ ਪ੍ਰਸ਼ਾਸਨ ਉਸ ਨੂੰ ਸਜਾਉਣਾ ਵੀ ਚਾਹੁੰਦਾ ਹੈ ਤਾਂ ਸਾਡੀ ਮੰਗ ਹੈ ਕਿ ਮੇਜਰ ਭੁਪਿੰਦਰ ਸਿੰਘ ਦੇ ਬੁੱਤ ਨੂੰ ਤੇ ਉਸ ਵੱਲੋਂ ਪਾਕਿਸਤਾਨ ਦੇ ਲਿਆਂਦੇ ਗਏ ਟੈਂਕ ਨੂੰ ਉਸੇ ਸਥਾਨ ਤੇ ਸੁਸ਼ੋਭਤ ਕਰਕੇ ਬਣਦਾ ਸਨਮਾਨ ਦਿੱਤਾ ਜਾਵੇ। ਇਸ ਮੰਗ ਨੂੰ ਮੰਨਣ ਨਾਲ ਤੇ ਬੁੱਤ ਨੂੰ ਦੁਬਾਰਾ ਉਥੇ ਸੁਸ਼ੋਭਿਤ ਕਰਨ ਨਾਲ ਲੁਧਿਆਣਾ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਵੇਗੀ।

# ਗੈਸ ਟੈਂਕਰ ਤੇ ਕਾਰ ਦੀ ਟੱਕਰ 'ਚ ਇੱਕ ਦੀ ਮੌਤ, ਇੱਕ ਗੰਭੀਰ ਜ਼ਖਮੀਂ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮੋਗਾ ਬਰਨਾਲਾ ਰਾਸ਼ਟਰੀ ਮਾਰਗ 'ਤੇ ਹਿੰਮਤਪੁਰਾ ਡਰੇਨ ਦੇ ਪੁਲ ਨਜ਼ਦੀਕ ਗੈਸ ਟੈਂਕਰ ਤੇ ਤੇਜ਼ ਰਫ਼ਤਾਰ ਕਾਰ ਦੀ ਟੱਕਰ 'ਚ ਇੱਕ ਵਿਅਕਤੀ ਦੀ ਮੌਤ ਹੋ ਜਾਣ ਅਤੇ ਇੱਕ ਦੇ ਗੰਭੀਰ ਰੂਪ 'ਚ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮਿਲੀ ਜਾਣਕਾਰੀ ਅਨੁਸਾਰ ਬਰਨਾਲਾ ਤੋਂ ਮੋਗਾ ਰਾਸ਼ਟਰੀ ਮਾਰਗ 'ਤੇ ਆ ਰਹੇ ਗੈਸ ਟੈਂਕਰ ਦੇ ਪਿੱਛੇ ਆ ਰਹੀ ਇਕ ਤੇਜ਼ ਰਫ਼ਤਾਰ ਸਵਿਫਟ ਕਾਰ ਗੈਸ ਟੈਂਕਰ ਦੇ ਪਿੱਛੇ ਪੂਰੀ ਜ਼ੋਰ ਨਾਲ ਟਕਰਾਉਣ 'ਤੇ ਇੱਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਦੂਸਰਾ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ।ਇਸ ਮੌਕੇ ਪੁੱਜੀ ਪੁਲਸ ਨੇ ਦੱਸਿਆ ਕਿ ਕਾਰ ਸਵਾਰ ਵਿਅਕਤੀਆਂ 'ਚ ਮ੍ਰਿਤਕ ਰਣਧੀਰ ਸਿੰਘ ਪੁੱਤਰ ਮੇਹਰ ਸਿੰਘ ਤੇ ਜ਼ਖ਼ਮੀ ਵਿਅਕਤੀ ਜਸ਼ਨਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਨੈਣੇਵਾਲ (ਬਰਨਾਲਾ) ਦੇ ਰਹਿਣ ਵਾਲੇ ਹਨ। ਉਨ੍ਹਾਂ ਦੱਸਿਆ ਕਿ ਤੁਰੰਤ ਐਂਬੂਲੈਂਸ ਨੂੰ ਬੁਲਾ ਕੇ ਜ਼ਖ਼ਮੀ ਵਿਅਕਤੀ ਨੂੰ ਮੋਗਾ ਇਲਾਜ ਲਈ ਭੇਜ ਦਿੱਤਾ ਗਿਆ ਹੈ।

## ਕਾਤਰਾਂ

### ਧੋਖਾਧੜੀ ਦੇ ਦੋਸ਼ 'ਚ ਪਰਵਾਰ ਦੇ ਤਿੰਨ ਮੈਂਬਰਾਂ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਮੀਨ ਦਾ ਬਿਆਨਾ ਲੈ ਕੇ ਰਜਿਸਟਰੀ ਨਾ ਕਰਵਾਉਣ ਦੇ ਇੱਕ ਕਥਿਤ ਮਾਮਲੇ 'ਚ ਬਸੀ ਪਠਾਨਾਂ ਪੁਲਸ ਵੱਲੋਂ ਇੱਕ ਪਰਵਾਰ ਦੇ ਤਿੰਨ ਮੈਂਬਰਾਂ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਹਰਦਿੱਤ ਸਿੰਘ ਵਾਸੀ ਪਿੰਡ ਸਾਰੰਗਪੁਰ (ਚੰਡੀਗੜ੍ਹ) ਨੇ ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਗਾਏ ਸਨ ਕਿ ਕਮਲ ਕੌਰ, ਮਨਪ੍ਰੀਤ ਸਿੰਘ ਤੇ ਬਚਿੱਤਰ ਸਿੰਘ ਵਾਸੀਆਨ ਪਿੰਡ ਜੋਧਪੁਰ ਨੇ ਉਸ ਨਾਲ ਜ਼ਮੀਨ ਦਾ ਸੌਦਾ ਕੀਤਾ ਸੀ, ਜਿਸ ਸਬੰਧੀ ਇਕਰਾਰਨਾਮਾ ਸੌਦਾ ਬੈ ਕਰਕੇ ਉਕਤ ਵਿਅਕਤੀਆਂ ਨੇ ਉਸ ਤੋਂ ਜ਼ਮੀਨ ਦੇ ਬਿਆਨੇ ਵਜੋਂ 50 ਲੱਖ ਰੁਪਏ ਦੀ ਰਕਮ ਵਸੂਲ ਲਈ, ਜਿਸ ਤੋਂ ਬਾਅਦ ਉਕਤ ਵਿਅਕਤੀ ਜ਼ਮੀਨ ਦੀ ਰਜਿਸਟਰੀ ਕਰਵਾਉਣ ਤੋਂ ਮੁਨਕਰ ਹੋ ਗਏ।ਦਰਖਾਸਤ ਦੀ ਪੜਤਾਲ ਕਰਵਾਉਣ ਉਪਰੰਤ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਮਾਮਲੇ 'ਚ ਉਪਰੋਕਤ ਤਿੰਨੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਕਮਲ ਕੌਰ, ਮਨਪ੍ਰੀਤ ਸਿੰਘ ਤੇ ਬਚਿੱਤਰ ਸਿੰਘ ਵਿਰੁੱਧ ਅ/ਧ 420, 120(ਬੀ) ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਬਸੀ ਪਠਾਨਾਂ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

### ਭਾਖੜਾ ਦੀ ਨਰਵਾਣਾ ਬ੍ਰਾਂਚ 'ਚ ਸਰਾਲਾ ਹੈੱਡ ਨੇੜੇ ਪਿਆ ਪਾੜ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਘਨੌਰ 'ਚੋਂ ਲੰਘਦੀ ਭਾਖੜਾ ਨਹਿਰ ਦੀ ਨਰਵਾਣਾ ਬ੍ਰਾਂਚ ਦੀ ਨਹਿਰ ਦਾ ਕਿਨਾਰਾ ਟੁੱਟ ਗਿਆ, ਜਿਸ ਨਾਲ ਇਲਾਕੇ ਦੇ ਲੋਕਾਂ 'ਚ ਸਹਿਮ ਦਾ ਮਾਹੌਲ ਬਣ ਗਿਆ ਹੈ।ਘਨੌਰ ਤੋਂ ਅੰਬਾਲਾ ਵੱਲ ਜਾਂਦੀ ਭਾਖੜਾ ਨਹਿਰ 'ਚ ਸਰਾਲਾ ਹੈੱਡ ਨੇੜੇ ਘੱਗਰ ਦਾ ਪਾਣੀ ਓਵਰ ਫਲੋਅ ਹੋ ਕੇ ਨਹਿਰ 'ਚ ਦਾਖਲ ਹੋਣ ਲੱਗ ਪਿਆ ਹੈ, ਜਿਸ ਨਾਲ ਨਹਿਰ 'ਚ ਪਾੜ ਪੈਣ ਜਾਣ ਕਾਰਨ ਘੱਗਰ ਦਾ ਪਾਣੀ ਨਹਿਰ 'ਚ ਪੈਣਾ ਸ਼ੁਰੂ ਹੋ ਗਿਆ ਹੈ। ਇਸ ਇਲਾਕੇ 'ਚ ਪਹਿਲਾਂ ਤੋਂ ਹੀ ਘੱਗਰ ਦਾ ਪਾਣੀ ਕਹਿਰ ਮਚਾ ਰਿਹਾ ਹੈ ਤੇ ਹੁਣ ਨਹਿਰ ਟੁੱਟਣ ਕਾਰਨ ਇਸ ਤੋਂ ਅਗਲੇ ਪਿੰਡਾਂ ਲਈ ਵੀ ਖਤਰਾ ਬਣ ਗਿਆ ਹੈ, ਕਿਉਂਕਿ ਨਹਿਰ 'ਚ ਪਹਿਲਾਂ ਹੀ ਪਾਣੀ ਵੱਧ ਚੱਲ ਰਿਹਾ ਸੀ ਤੇ ਹੁਣ ਘੱਗਰ ਦਾ ਪਾਣੀ ਵੀ ਨਹਿਰ 'ਚ ਡਿੱਗਣਾ ਸ਼ੁਰੂ ਹੋ ਗਿਆ ਹੈ, ਜਿਸ ਨਾਲ ਨਹਿਰ ਦੀ ਪਟੜੀ ਵੀ ਖੁਰਨ ਦਾ ਡਰ ਬਣ ਗਿਆ ਹੈ।ਪ੍ਰਸ਼ਾਸਨ ਵੱਲੋਂ ਰਾਹਤ ਕਾਰਜ ਜਾਰੀ ਹਨ, ਪਰ ਪਾਣੀ ਦਾ ਬਹਾਅ ਬਹੁਤ ਤੇਜ਼ ਹੈ।

### ਵਿਧਵਾ ਨਾਲ ਬਲਾਤਕਾਰ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਵਿਧਵਾ ਔਰਤ ਨਾਲ ਬਲਾਤਕਾਰ ਕਰਨ ਤੇ ਉਸ ਦੀ ਅਸ਼ਲੀਲ ਵੀਡੀਓ ਬਣਾ ਕੇ ਵਾਇਰਲ ਕਰਨ ਦੇ ਕਥਿਤ ਮਾਮਲੇ ਵਿੱਚ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਵਿਅਕਤੀ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਮਹਿਲਾ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਗਾਏ ਸਨ ਕਿ ਨਵਪ੍ਰੀਤ ਸਿੰਘ ਨਾਮਕ ਵਿਅਕਤੀ ਨੇ ਉਸ ਨੂੰ ਦੇਗ ਖਵਾ ਦਿੱਤੀ, ਜਿਸ ਨੂੰ ਖਾ ਕੇ ਉਹ ਬੇਹੋਸ਼ ਹੋ ਗਈ ਤਾਂ ਨਵਪ੍ਰੀਤ ਨੇ ਉਸ ਦਾ ਬਲਾਤਕਾਰ ਕਰ ਦਿੱਤਾ ਤੇ ਉਸ ਦੀ ਅਸ਼ਲੀਲ ਵੀਡੀਓ ਬਣਾ ਲਈ, ਜਿਸ ਤੋਂ ਬਾਅਦ ਉਕਤ ਅਸ਼ਲੀਲ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਉਹ ਉਸ ਨੂੰ ਬਲੈਕਮੇਲ ਕਰਨ ਲੱਗ ਪਿਆ, ਜਿਸ ਦੀ ਆੜ ਵਿੱਚ ਨਵਪ੍ਰੀਤ ਸਿੰਘ ਨੇ ਉਸ ਦੇ ਸੋਨੇ ਦੇ ਗਹਿਣੇ ਵਿਕਵਾ ਦਿੱਤੇ ਤੇ 6 ਲੱਖ ਰੁਪਏ ਲੈ ਗਿਆ।ਜਿਸ ਤੋਂ ਬਾਅਦ ਉਸ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਵਪ੍ਰੀਤ ਸਿੰਘ ਵਿਰੁੱਧ ਅ/ਧ 376 ਆਈ.ਪੀ.ਸੀ. ਅਤੇ ਆਈ.ਟੀ. ਐਕਟ ਦੀ ਧਾਰਾ 66 (ਈ) ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਨੂੰ ਇਕੱਲਾ ਪੰਜਾਬ ਹੀ ਬਚਾਵੇਗਾ, ਕੇਂਦਰ ਦੀ ਨਾ ਝਾਕ ਕਰੋ : ਬਾਦਲ



**ਸਮਰਾਲਾ (ਸੁਰਜੀਤ ਸਿੰਘ)**

ਪੰਜਾਬ ਨੂੰ ਇਕੱਲਾ ਪੰਜਾਬ ਹੀ ਬਚਾਵੇਗਾ, ਕੇਂਦਰ ਤੇ ਸੂਬਾ ਸਰਕਾਰ ਤੋਂ ਕੋਈ ਆਸ ਨਹੀਂ।ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਹੇ।ਸੁਖਬੀਰ ਬਾਦਲ ਅੱਜ ਲੁਧਿਆਣਾ ਤੇ ਰੋਪੜ ਨੂੰ ਜੋੜਦੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ 'ਤੇ ਇਲਾਕੇ ਦੇ ਲੋਕਾਂ ਵੱਲੋਂ ਸਤਲੁਜ ਦਰਿਆ ਦੇ ਬੰਨ੍ਹ ਨੂੰ ਟੁੱਟਣ ਤੋਂ ਰੋਕਣ ਲਈ ਚੱਲ ਰਹੇ ਬਚਾਅ ਕਾਰਜਾਂ ਦਰਮਿਆਨ ਉਨ੍ਹਾਂ ਦੀ ਹੌਸਲਾਅਫਜ਼ਾਈ ਲਈ ਹਾਜ਼ਰ ਹੋਏ ਸਨ।ਉਨ੍ਹਾਂ ਵੱਲੋਂ ਪਿੰਡ ਦੀ ਪੰਚਾਇਤ ਨੂੰ ਮੌਕੇ 'ਤੇ ਮਾਲੀ ਮਦਦ ਦਿੱਤੀ ਤੇ ਹੋਰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਨੂੰ ਕਿਹਾ ਕਿ ਮਦਦ ਵਿਚ ਕਿਸੇ ਤਰ੍ਹਾਂ ਦੀ ਘਾਟ ਨਾ ਰਹਿਣ ਦਿੱਤੀ ਜਾਵੇ।ਉਨ੍ਹਾਂ ਬਚਾਅ ਕਾਰਜਾਂ ਵਿਚ ਦਿਨ ਰਾਤ ਲੱਗੇ ਹਰ ਉਮਰ ਦੇ ਲੋਕਾਂ ਨੂੰ ਵਧਾਈ ਦਿੱਤੀ।ਉਨ੍ਹਾਂ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਸੰਕਟ ਦੀ ਘੜੀ ਮੌਕੇ ਸਾਰਿਆਂ ਨੂੰ ਇੱਕ ਜੁੱਟ ਹੋ ਕੇ ਬਚਾਅ ਕਾਰਜਾਂ ਵਿੱਚ ਜੁੜਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਇਸ ਮੌਕੇ ਇਲਾਕੇ ਦੇ ਉਦਯੋਗਪਤੀਆਂ ਨੂੰ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਲੋਕਾਂ ਨੂੰ ਇਸ ਵੇਲੇ ਖਾਦ ਸਮੱਗਰੀ, ਪਸ਼ੂਆਂ ਲਈ ਚਾਰਾ ਤੇ ਤਰਪਾਲਾਂ ਸਮੇਤ ਹੋਰ ਬਹੁਤ ਸਾਰੇ ਜ਼ਰੂਰੀ ਸਮਾਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਟਰੈਕਟਰ, ਟਿੱਪਰ ਤੇ ਜੇਸੀਬੀ ਦਿਨ-ਰਾਤ ਬਚਾਅ ਕਾਰਜਾਂ ਵਿਚ ਲੱਗੇ ਹੋਏ ਹਨ, ਉਨ੍ਹਾਂ ਨੂੰ ਡੀਜ਼ਲ ਦੀ ਲੋੜ ਪੈਂਦੀ ਹੈ।ਸੁਖਬੀਰ ਬਾਦਲ ਨੇ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹਨਾਂ ਦੀ ਸਰਕਾਰ ਆਉਣ 'ਤੇ ਸਤਲੁਜ ਦੇ ਬੰਨ੍ਹ ਪੱਕੇ ਕਰ ਦਿੱਤੇ ਜਾਣਗੇ, ਜਿਸ ਨਾਲ ਸਤਲੁਜ ਦਰਿਆ ਦੇ ਖਤਰੇ ਤੋਂ ਇਲਾਕੇ ਨੂੰ ਸਥਾਈ ਤੌਰ 'ਤੇ ਨਜਾਤ ਮਿਲ ਜਾਵੇਗੀ।

# ਹੜ੍ਹ ਪੀੜਤਾਂ ਦੀ ਮਦਦ ਕਰਨ ਦੇ ਨਾਲ-ਨਾਲ ਸੂਬਾ ਪੱਧਰ 'ਤੇ ਮਨਾਇਆ ਜਾਵੇਗਾ ਮਹਾਰਾਜ ਅਗਰਸੈਨ ਜਨਮ ਮਹਾਂ ਉਤਸਵ : ਅਗਰਵਾਲ ਸਭਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)** ਅਗਰਵਾਲ ਸਭਾ ਵੱਲੋਂ ਵੀਰਵਾਰ ਨੂੰ ਬਾਅਦ ਦੁਪਿਹਰ ਦੋ ਵਜੇ ਸਿਟੀ ਹੋਟਲ ਵਿਖੇ ਪ੍ਰੈੱਸ ਕਾਨਫਰੰਸ ਕੀਤੀ ਗਈ।

ਇਸ ਮੌਕੇ ਪੰਜਾਬ 'ਚ ਹੜ੍ਹਾਂ ਦੀ ਤਰਾਸਦੀ 'ਤੇ ਚਿੰਤਾ ਜ਼ਾਹਰ ਕਰਦਿਆਂ ਜਿੱਥੇ ਕੋਰੋਨਾ ਕਾਲ ਵਾਂਗ ਹੜ੍ਹ ਪੀੜਤਾਂ ਦੀ ਵੱਧ-ਚੜ੍ਹ ਕੇ ਮਦਦ ਕਰਨ ਦਾ ਫੈਸਾਲ ਕੀਤਾ ਗਿਆ, ਉੱਥੇ ਹੀ ਸ੍ਰੀ ਮੁਕਤਸਰ ਸਾਹਿਬ ਵਿਖੇ ਸੂਬਾ ਪੱਧਰੀ ਮਹਾਰਾਜ ਅਗਰਸੈਨ ਜਨਮ ਮਹਾਉਤਸਵ ਸਮਾਰੋਹ ਦੀਆਂ ਤਿਆਰੀਆਂ ਬਾਰੇ ਚਰਚਾ ਕੀਤੀ ਗਈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਤਰਸੇਮ ਗੋਇਲ ਤੇ ਚੇਅਰਮੈਨ ਬਲਦੇਵ ਸਹਾਏ ਗਰਗ ਨੇ ਕਿਹਾ ਕਿ ਕੁੱਝ ਲੋਕ ਮਹਾਰਾਜ ਅਗਰਸੈਨ ਸਮਾਰੋਹ ਨਾ ਕੀਤੇ ਜਾਣ ਸਬੰਧੀ ਗਲਤ ਪ੍ਰਚਾਰ ਕਰ ਰਹੇ ਨੇ, ਪਰ ਉਨ੍ਹਾਂ ਵੱਲੋਂ ਜਿੱਥੇ ਹੜ੍ਹ ਪੀੜਤਾਂ ਦੀ ਮਦਦ ਤਾਂ ਕੀਤੀ ਹੀ ਜਾਵੇਗੀ, ਉੱਥੇ ਹੀ ਮਹਾਰਾਜ ਅਗਰਸੈਨ ਜਨਮ ਉਤਸਵ ਵੀ ਧੂੰਮਧਾਮ ਨਾਲ ਮਨਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਉਤਸਵ ਨੂੰ ਲੈ ਕੇ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਨੇ ਤੇ ਮਲੋਟ ਰੋਡ ਸਥਿਤ ਚਹਿਲ ਪੈਲੇਸ ਵਿਖੇ 21 ਸਤੰਬਰ (ਐਤਵਾਰ) ਨੂੰ ਸੂਬਾ ਪੱਧਰੀ ਮਹਾਰਾਜਾ ਅਗਰਸੈਨ ਜਨਮ ਸਮਾਰੋਹ ਦਾ ਆਯੋਜਨ ਹੋਵੇਗਾ।ਇਸ ਮੌਕੇ ਹਰੀਪਾਲ ਬਾਂਸਲ, ਅਨਿਲ ਕੁਮਾਰ ਸਿੰਗਲਾ, ਪ੍ਰਦੀਪ ਜੈਨ, ਸੁਨੀਲ ਜੈਨ, ਸ਼ਾਮ ਲਾਲ ਬਾਂਸਲ, ਮਨੋਜ ਗਰਗ, ਪ੍ਰਿੰਸੀਪਲ ਸੰਜੀਵ ਜਿੰਦਲ, ਰਮੇਸ਼ ਕੁਮਾਰ, ਅਸ਼ੋਕ ਖਿੱਲਾ, ਹੈਪੀ ਬਾਂਸਲ ਸਮੇਤ ਹੋਰ ਲੋਕ ਹਾਜ਼ਰ ਸਨ।



# ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਇਆ ਜੈ ਮਿਲਾਪ, ਮੁੱਖ ਮੰਤਰੀ ਰਾਹਤ ਕੋਸ਼ 'ਚ ਦਿੱਤੇ 2 ਲੱਖ ਰੁਪਏ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ 'ਚ ਆਈ ਹੜ੍ਹ ਦੀ ਸਥਿਤੀ ਨੂੰ ਵੇਖਦੇ ਹੋਏ ਪੰਜਾਬ ਮੈਡੀਕਲ ਲੈਬੋਰਟਰੀ ਐਸੋਸੀਏਸ਼ਨ (ਜੈ ਮਲਾਪ) ਦੀ ਸੂਬਾ ਕੋਰ ਕਮੇਟੀ ਨੇ ਚੰਡੀਗੜ੍ਹ ਵਿਖੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਮੁੱਖ ਮੰਤਰੀ ਰਾਹਤ ਕੋਸ਼ ਲਈ 2 ਲੱਖ ਰੁਪਏ ਦਾ ਚੈੱਕ ਭੇਟ ਕੀਤਾ।ਇਹ ਚੈੱਕ ਸੂਬਾ ਪ੍ਰਧਾਨ ਜਗਦੀਪ ਭਾਰਦਵਾਜ (ਸੁਨਾਮ), ਜਰਨਲ ਸਕੱਤਰ ਰਾਜਨ ਬੈਕਟਰ ਤੇ ਖਜ਼ਾਨਚੀ ਸੁਰਜੀਤ ਸਿੰਘ ਚੰਦੀ ਦੀ ਅਗਵਾਈ ਹੇਠ ਜੈ ਮਲਾਪ ਸੰਗਠਨ ਦੇ ਮੈਂਬਰਾਂ ਨੇ ਸੌਂਪਿਆ।ਇਸ ਮੌਕੇ ਸੂਬਾ ਪ੍ਰਧਾਨ ਜਗਦੀਪ ਭਾਰਦਵਾਜ ਨੇ ਕਿਹਾ ਕਿ ਪੰਜਾਬ ਦੇ ਸਾਰੇ ਜੈ ਮਲਾਪ ਮੈਂਬਰ ਸਰਕਾਰ ਦੇ ਨਾਲ ਖੜ੍ਹੇ ਹਨ ਤੇ ਨਿੱਜੀ ਪੱਧਰ 'ਤੇ ਵੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ।ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਜੇਕਰ ਸਰਕਾਰ ਨੂੰ ਕਿਸੇ ਵੀ ਥਾਂ ਜੈ ਮਲਾਪ ਮੈਂਬਰਾਂ ਦੀ ਵਲੰਟੀਅਰ ਵਜੋਂ ਲੋੜ ਪਈ ਤਾਂ ਸੰਗਠਨ ਪੂਰੀ ਤਰ੍ਹਾਂ ਸਹਿਯੋਗ ਦੇਵੇਗਾ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਜੈ ਮਲਾਪ ਪੰਜਾਬ ਦੀ ਇਸ ਮਨੁੱਖਤਾ ਭਰੀ ਪਹਿਲ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਉਹ ਸੰਗਠਨ ਦੇ ਇਸ ਕਦਮ ਨਾਲ ਬਹੁਤ ਪ੍ਰਭਾਵਿਤ ਹੋਏ ਹਨ।ਉਨ੍ਹਾਂ ਸੰਗਠਨ ਤੇ ਇਸ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਭਰੋਸਾ ਜਤਾਇਆ ਕਿ ਇਸ ਤਰ੍ਹਾਂ ਦੇ ਸਹਿਯੋਗ ਨਾਲ ਹੀ ਪੰਜਾਬ ਇਸ ਆਪਦਾ ਦੀ ਘੜੀ ਤੋਂ ਬਾਹਰ ਨਿਕਲੇਗਾ।

# ਦੁੱਲੇਵਾਲਾ ਦਾ ਸਾਬਕਾ ਸਰਪੰਚ ਤੇ ਸਾਥੀ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ

■ ਭਗਤਾ ਭਾਈਕਾ ਵਿਖੇ ਪੈਟਰੋਲ ਪੰਪ ਦੀ ਵਾਰਦਾਤ ਵੀ ਕਬੂਲੀ

■ ਰਿਮਾਂਡ ਦੌਰਾਨ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ : ਡੀ.ਐੱਸ.ਪੀ.



**ਬਠਿੰਡਾ (ਰਾਜੀਵ ਗੋਇਲ)**

ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਵਿਖੇ ਸਿਰੀਏਵਾਲਾ ਦੀ ਹੱਦ 'ਤੇ ਬਣੇ ਐੱਚ ਪੀ ਦੇ ਪੈਟਰੋਲ ਪੰਪ 'ਤੇ ਬੀਤੇ ਦਿਨੀਂ ਵਾਪਰੀ ਲੁੱਟ ਖੋਹ ਦੀ ਘਟਨਾ ਦਾ ਮਾਮਲਾ ਹੱਲ ਕਰਦੇ ਹੋਏ ਥਾਣਾ ਭਗਤਾ ਭਾਈ ਕਾ ਦੀ ਪੁਲਸ ਵੱਲੋਂ ਦੋ ਲੋਕਾਂ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ ਵਾਰਦਾਤ ਵਿੱਚ ਵਰਤਿਆ ਚੋਰੀ ਦਾ ਪਲਟੀਨਾ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ. ਫੂਲ ਪ੍ਰਦੀਪ ਸਿੰਘ ਨੇ ਦੱਸਿਆ ਕਿ ਜਿਸ ਦਿਨ ਪੈਟਰੋਲ ਪੰਪ 'ਤੇ ਇਹ ਲੁੱਟ ਦੀ ਘਟਨਾ ਵਾਪਰੀ, ਉਸੇ ਸਮੇਂ ਤੋਂ ਪੁਲਸ ਇਨ੍ਹਾਂ ਦੀ ਪੈੜ ਨੱਪ ਰਹੀ ਸੀ ਤੇ ਆਖੀਰ ਇਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਅਤੇ ਇਨ੍ਹਾਂ ਵੱਲੋਂ ਪੰਪ ਦੀ ਵਾਰਦਾਤ ਨੂੰ ਕਬੂਲ ਕਰ ਲਿਆ ਗਿਆ।

ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ ਇੱਕ ਸਲਾਬਤਪੁਰਾ ਦੇ ਨੇੜਲੇ ਪਿੰਡ ਦੁੱਲੇਵਾਲਾ ਦਾ ਸਾਬਕਾ ਸਰਪੰਚ ਸੁਰਿੰਦਰ ਸਿੰਘ ਸ਼ਾਮਲ ਹੈ ਅਤੇ ਦੂਜਾ ਸੁਖਵੀਰ ਸਿੰਘ ਵਾਸੀ ਭਾਈਰੂਪਾ ਦਾ ਰਹਿਣ ਵਾਲਾ ਹੈ। ਇਨ੍ਹਾਂ ਲੋਕਾਂ ਉੱਪਰ ਪਹਿਲਾਂ ਵੀ ਇਰਾਦਾ ਕਤਲ ਵਰਗੇ ਸੰਗੀਨ ਮੁਕੱਦਮੇ ਸਮੇਤ ਹੋਰ ਵੀ ਮਾਮਲੇ ਦਰਜ ਹਨ ਅਤੇ ਜਿਹੜਾ ਮੋਟਰਸਾਈਕਲ ਵਾਰਦਾਤ ਲਈ ਵਰਤਿਆ ਗਿਆ, ਉਹ ਦੋ-ਤਿੰਨ ਦਿਨ ਪਹਿਲਾਂ ਬਠਿੰਡਾ ਤੋਂ ਚੋਰੀ ਕੀਤਾ ਗਿਆ ਸੀ, ਜਿਸ ਸੰਬੰਧੀ ਥਾਣਾ ਕੈਂਟ ਵਿਖੇ ਮੁਕੱਦਮਾ ਵੀ ਦਰਜ ਹੈ। ਗ੍ਰਿਫਤਾਰ ਕੀਤੇ ਵਿਅਕਤੀਆਂ ਪਾਸੋਂ ਇੱਕ ਰਿਵਾਲਵਰ .32 ਬੋਰ, 6 ਰੌਂਦ, 2000 ਰੁਪਏ ਨਗਦੀ ਤੇ ਪੰਪ ਦੀਆਂ ਚਾਰ ਪਰਚੀਆਂ ਸਮੇਤ ਪਲਟੀਨਾ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਉਧਰ ਡੀ.ਐੱਸ.ਪੀ. ਫੂਲ ਦਾ ਕਹਿਣਾ ਸੀ ਕਿ ਰਿਮਾਂਡ ਦਰਮਿਆਨ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਦੱਸਣਾ ਬਣਦਾ ਹੈ ਕਿ ਉਕਤ ਸੁਰਿੰਦਰ ਸਿੰਘ 2003 ਤੋਂ 2008 ਦੇ ਵਕਫੇ ਦਰਮਿਆਨ ਦੁੱਲੇਵਾਲਾ ਦਾ ਸਰਪੰਚ ਰਹਿ ਚੁੱਕਿਆ ਹੈ ਤੇ ਪਿੰਡ ਦੇ ਲੋਕਾਂ ਦੇ ਦੱਸਣ ਮੁਤਾਬਿਕ ਉਕਤ ਪਾਸੋਂ ਜੇਕਰ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਥਾਣਾ ਭਗਤਾ ਦੇ ਸਮੂਹ ਪੁਲਸ ਮੁਲਾਜ਼ਮ ਹਾਜ਼ਰ ਸਨ।

## ਪਸਸਫ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਕਰਨ ਦਾ ਫੈਸਲਾ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680, ਸੈਕਟਰ 22 ਬੀ ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ ਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਪਿਛਲੇ ਕਈ ਦਿਨਾਂ ਤੋਂ ਪੰਜਾਬ ਵਿੱਚ ਲਗਾਤਾਰ ਪੈ ਰਹੀ ਭਾਰੀ ਬਾਰਸ਼ ਤੇ ਡੈਮਾਂ ਤੋਂ ਛੱਡੇ ਜਾ ਰਹੇ ਵਾਧੂ ਪਾਣੀ ਕਾਰਨ ਪੰਜਾਬ ਅੰਦਰ ਨਾਜ਼ੁਕ ਸਥਿਤੀ ਬਣੀ ਹੋਈ ਹੈ ਅਤੇ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਹੋ ਗਿਆ ਹੈ।ਜਥੇਬੰਦੀ ਵੱਲੋਂ ਇਸ ਸਥਿਤੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਫੈਸਲਾ ਕੀਤਾ ਗਿਆ ਹੈ ਕਿ ਆਪਣੀਆਂ ਪੂਰੀਆਂ ਕੋਸ਼ਿਸ਼ਾਂ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਪ੍ਰੇਰਿਤ ਕਰਕੇ ਫੰਡ ਇਕੱਠਾ ਕੀਤਾ ਜਾਵੇ ਅਤੇ ਆਪਣੇ ਪੱਧਰ 'ਤੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾਵੇ।ਇਸ ਤੋਂ ਇਲਾਵਾ ਆਗੂਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਨੂੰ ਹੜ੍ਹ ਪ੍ਰਭਾਵਿਤ ਖੇਤਰ ਐਲਾਨ ਕਰਨ ਕਰਕੇ ਵਿਸ਼ੇਸ਼ ਪੈਕੇਜ ਦਿੱਤਾ ਜਾਵੇ, ਪੰਜਾਬ ਸਰਕਾਰ ਵੱਲੋਂ ਵੀ ਵੱਡੇ ਪੱਧਰ 'ਤੇ ਰਾਹਤ ਕਾਰਜ ਅਰੰਭੇ ਜਾਣ ਤਾਂ ਜੋ ਲੋਕਾਂ ਦੀ ਸੁਰੱਖਿਆ ਯਕੀਨੀ ਹੋ ਸਕੇ ਤੇ ਮਹਾਂਮਾਰੀ ਤੋਂ ਬਚਾਅ ਹੋ ਸਕੇ।

# ਸਾਬਕਾ ਵਿਧਾਇਕ ਵੱਲੋਂ ਹੜ੍ਹ ਪ੍ਰਭਾਵਤ ਇਲਾਕਿਆਂ ਦਾ ਦੌਰਾ

■ ਮਸਲਾ ਬਿਆਨਾਂ ਨਾਲ ਨਹੀਂ, ਸਾਥ ਦੇਣ ਨਾਲ ਹੱਲ ਹੋਵੇਗਾ : ਰਾਜਿੰਦਰ ਸਿੰਘ



**ਪਟਿਆਲਾ/ਸਮਾਣਾ (ਰਾਜਿੰਦਰ ਥਿੰਦ/ਇਕਬਾਲ ਸਿੰਘ)**-ਕਾਂਗਰਸੀ ਆਗੂ ਅਤੇ ਸਮਾਣਾ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਨੇ ਆਪਣੇ ਦਰਜਨਾਂ ਸਾਥੀਆਂ ਸਮੇਤ ਹਲ਼ਕਾ ਸਮਾਣਾ 'ਚ ਪੈਂਦੇ ਦਰਜਨ ਘੱਗਰ ਦੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦਿਆਂ ਪਿੰਡ ਧਰਮੇੜੀ ਵਿਖੇ ਕਿਸਾਨਾਂ ਦਾ ਹਾਲ ਚਾਲ ਪੁੱਛਦੇ ਹੋਏ ਕਿਹਾ ਕਿ ਲੋਕਾਂ ਦੇ ਦੁੱਖ-ਦਰਦ ਨੂੰ ਸਿਰਫ਼ ਬਿਆਨਾਂ ਨਾਲ ਨਹੀਂ, ਬਲਕਿ ਮੈਦਾਨੀ ਪੱਧਰ 'ਤੇ ਉਨ੍ਹਾਂ ਨਾਲ ਖੜ੍ਹ ਕੇ ਹੀ ਘਟਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ ਤੇ ਕਸਬਿਆਂ ਵਿੱਚ ਹੜ੍ਹ ਕਾਰਨ ਨੁਕਸਾਨ ਹੋਇਆ ਹੈ, ਉੱਥੇ ਉਹ ਤੇ ਉਨ੍ਹਾਂ ਦੀ ਟੀਮ ਨਿਰੰਤਰ ਰਾਹਤ ਕਾਰਜਾਂ ਵਿੱਚ ਜੁਟੇ ਹੋਏ ਹਨ ਅਤੇ ਲੋਕਾਂ ਦੀ ਸੇਵਾ 'ਚ 24 ਘੰਟੇ ਮੱਦਦ ਲਈ ਤਿਆਰ ਬਰ ਤਿਆਰ ਹਨ।

ਉਨ੍ਹਾਂ ਨੇ ਕਿਹਾ ਕਿ ਹੜ੍ਹ ਦੀ ਮਾਰ ਸਹਿ ਰਹੇ ਲੋਕਾਂ ਲਈ ਤੁਰੰਤ ਸਹਾਇਤਾ ਪਹੁੰਚਾਉਣਾ ਸਭ ਤੋਂ ਵੱਡੀ ਲੋੜ ਹੈ।ਇਸ ਲਈ ਉਹ ਖੁਦ ਜ਼ਮੀਨੀ ਹਾਲਾਤ ਵੇਖ ਰਹੇ ਹਨ ਤੇ ਲੋਕਾਂ ਦੀਆਂ ਅਸਲੀ ਲੋੜਾਂ ਨੂੰ ਸਮਝ ਕੇ ਮਦਦ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਕੁਝ ਆਗੂ ਸਿਰਫ਼ ਅਖ਼ਬਾਰਾਂ ਤੇ ਸੋਸ਼ਲ ਮੀਡੀਆ ਵਿੱਚ ਬਿਆਨ ਦੇ ਕੇ ਆਪਣਾ ਚਿਹਰਾ ਚਮਕਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਸਲ ਲੀਡਰਸ਼ਿਪ ਉਹੀ ਹੈ ਜੋ ਲੋਕਾਂ ਦੇ ਨਾਲ ਦੁੱਖ-ਸੁਖ ਵਿੱਚ ਖੜ੍ਹੀ ਰਹੇ।ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਹੜ੍ਹ ਨਾਲ ਬਰਬਾਦ ਹੋਈਆਂ ਫਸਲਾਂ, ਘਰਾਂ ਤੇ ਰੋਜ਼ਗਾਰ ਦੇ ਨੁਕਸਾਨ ਲਈ ਸਰਕਾਰ ਨੂੰ ਜ਼ਿੰਮੇਵਾਰੀ ਨਾਲ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਵਿੱਤੀ ਸਹਾਇਤਾ ਦੇ ਐਲਾਨਾਂ ਤੋਂ ਇਲਾਵਾ, ਲੋਕਾਂ ਤੱਕ ਤੁਰੰਤ ਮਦਦ ਪਹੁੰਚਾਉਣ ਲਈ ਪੱਕਾ ਮਕੈਨਿਜ਼ਮ ਬਣਾਇਆ ਜਾਵੇ।

ਉਨ੍ਹਾ ਕਿਹਾ ਕਿ ਪਟਿਆਲਾ ਰੂਰਲ ਵਿੱਚ ਹੜ੍ਹ ਪੀੜਤਾਂ ਲਈ ਉਨ੍ਹਾਂ ਦੀ ਪਾਰਟੀ ਦੇ ਵਰਕਰ ਘਰ-ਘਰ ਤੱਕ ਪਹੁੰਚ ਰਹੇ ਹਨ।ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ, ਸਗੋਂ ਲੋਕਾਂ ਦੀ ਸੇਵਾ ਕਰਨ ਦਾ ਹੈ। ਹੜ੍ਹ ਨੇ ਗਰੀਬ ਲੋਕਾਂ ਦੀ ਕਮਾਈ ਤੇ ਉਨ੍ਹਾਂ ਦੇ ਸਪਨੇ ਤਬਾਹ ਕਰ ਦਿੱਤੇ ਹਨ।ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕੋਈ ਵੀ ਪਰਵਾਰ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਾ ਕਰੇ।ਰਾਜਿੰਦਰ ਸਿੰਘ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਸ਼ਕਲ ਘੜੀ ਵਿੱਚ ਲੋਕਾਂ ਦੀ ਸੇਵਾ ਨੂੰ ਆਪਣਾ ਧਰਮ ਸਮਝਣ।

ਉਨ੍ਹਾਂ ਕਿਹਾ ਕਿ ਹੜ੍ਹ ਦੀ ਤਬਾਹੀ ਤੋਂ ਬਾਅਦ ਲੋਕਾਂ ਨੂੰ ਹੌਸਲੇ ਦੀ ਲੋੜ ਹੈ ਤੇ ਇਹ ਹੌਸਲਾ ਕੇਵਲ ਉਨ੍ਹਾਂ ਦੀ ਸਾਥੀ ਭਾਵਨਾ ਨਾਲ ਹੀ ਮਿਲ ਸਕਦਾ ਹੈ।ਇਸ ਮੌਕੇ ਕਾਂਗਰਸੀ ਆਗੂ ਨਾਇਬ ਸਿੰਘ ਭਾਨਰੀ, ਬਲਾਕ ਪ੍ਰਧਾਨ ਹਰਪਾਲ ਸਿੰਘ ਧਰਮੇੜੀ, ਭੋਲਾ ਸਿੰਘ, ਪ੍ਰਧਾਨ ਬਲਾਕ ਸੰਮਤੀ ਸੁਖਦੇਵ ਨਿਜਾਮਨੀ ਵਾਲ਼ਾ, ਮੱਖਣ ਝੰਡੀ, ਗਿਆਨ ਬਠੋਈ, ਭੁਪਿੰਦਰ ਸਿੰਘ ਸੰਧੂ, ਪਰਮਿੰਦਰ ਰਾਮ ਨਗਰ, ਬਿੱਟੂ ਬਠੋਇ, ਬਲਦੇਵ ਸਰਪੰਚ, ਸੋਹਨ ਸੱਸਾ, ਸੇਵਕ ਸੱਸਾ ਤੇ ਅਵਤਾਰ ਮੋਮੀ ਉਨ੍ਹਾਂ ਦੇ ਨਾਲ ਸਨ।

# ਕੈਬਨਿਟ ਮੰਤਰੀ ਵੱਲੋਂ ਬਲਾਕ ਮਲੋਟ ਦੇ ਪਿੰਡਾਂ 'ਚ ਵਿਕਾਸ ਕੰਮਾਂ ਦੇ ਉਦਘਾਟਨ

■ ਪਿੰਡ ਦਾਨੇਵਾਲਾ ਵਿਖੇ ਲਗਾਇਆ ਲੋਕ ਭਲਾਈ ਕੈਂਪ



**ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਓਮ ਪ੍ਰਕਾਸ਼ ਸ਼ੇਖੂ/ਪੂਜਾ)**-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ ਨਿਰਦੇਸ਼ ਹੇਠ ਵੀਰਵਾਰ ਮਲੋਟ ਹਲਕੇ ਦੇ ਪਿੰਡ ਦਾਨੇਵਾਲਾ ਵਿਖੇ ਲੋਕਾਂ ਦੀ ਸੁਵਿਧਾ ਲਈ ਲੋਕ ਭਲਾਈ ਕੈਂਪ ਲਗਾਇਆ ਗਿਆ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਬਲਾਕ ਮਲੋਟ ਦੇ ਪਿੰਡਾਂ ਰੱਥੜੀਆਂ, ਭਲੇਰੀਆਂ, ਚੱਕ ਤਾਮਕੋਟ ਤੇ ਦਬੜਾ ਵਿਖੇ ਵੱਖ-ਵੱਖ ਕੰਮਾਂ ਦਾ ਉਦਘਾਟਨ ਕੀਤਾ।ਪਿੰਡ ਦਾਨੇਵਾਲਾ ਵਿਖੇ ਲਗਾਏ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਸ਼ਗਨ ਸਕੀਮ, ਬੁਢਾਪਾ ਪੈਨਸ਼ਨ, ਜਾਤੀ ਕਾਰਡ, ਉਡਾਨ ਸਕੀਮ, ਔਰਤਾਂ ਦਾ ਮੁਫ਼ਤ ਚੈੱਕਅਪ ਆਦਿ ਹੋਰ ਵੀ ਕਈ ਸਕੀਮਾਂ ਸਬੰਧੀ ਲੋਕ ਆਪਣੇ ਪਿੰਡ ਵਿੱਚ ਹੀ ਫ਼ਾਇਦਾ ਲੈ ਸਕਦੇ ਹਨ, ਉਨ੍ਹਾਂ ਨੂੰ ਦਫ਼ਤਰਾਂ ਵਿੱਚ ਜਾਣ ਦੀ ਲੋੜ ਨਹੀਂ ਹੈ।ਬਾਲ ਵਿਆਹ ਬਾਰੇ ਬੋਲਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਇੱਕ ਸ਼ਰਾਪ ਹੈ, ਜਿਸ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਅਸੀਂ ਇਹ ਨਹੀਂ ਹੋਣ ਦੇਵਾਂਗੇ, ਇਸ ਨਾਲ ਬੱਚਿਆਂ ਤੇ ਪਰਿਵਾਰਕ ਤੇ ਸਰੀਰਕ ਬੋਝ ਪੈਂਦਾ ਹੈ।ਉਨ੍ਹਾਂ ਪਿੰਡ ਦਾਨੇਵਾਲਾ ਬਾਰੇ ਹੋਰ ਗੱਲ ਕਰਦਿਆਂ ਕਿਹਾ ਕਿ ਪਿੰਡ ਵਿੱਚ ਭੈਣਾਂ ਲਈ ਸਿਲਾਈ ਸੈਂਟਰ ਵੀ ਖੋਲ੍ਹੇ ਜਾਣਗੇ ਤੇ ਪਿੰਡ 'ਚ 5-5 ਮਰਲਿਆਂ ਦੇ ਤਕਰੀਬਨ 100 ਪਲਾਟ ਵੀ ਕੱਟੇ ਜਾਣਗੇ।ਡਾ. ਬਲਜੀਤ ਕੌਰ ਨੇ ਪਿੰਡ ਰੱਥੜੀਆਂ ਵਿਖੇ ਗੁਰਦੁਆਰਾ ਸਾਹਿਬ ਵਾਲੀ ਗਲੀ ਵਿੱਚ ਇੰਟਰਲੌਕ ਟਾਇਲਾਂ ਲਗਾਉਣ, ਆਂਗਣਵਾੜੀ ਸੈਂਟਰ ਦੀ ਬਿਲਡਿੰਗ ਪੂਰੀ ਕਰਨ, 35 ਲੱਖ ਰੁਪਏ ਦੀ ਲਾਗਤ ਨਾਲ ਹੈਲਥ ਐਂਡ ਵੈੱਲਨੈੱਸ ਸੈਂਟਰ ਦੀ ਉਸਾਰੀ ਦੇ ਕੰਮ ਤੇ 5 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੀ ਨਵੇਂ ਬੱਸ ਅੱਡੇ ਦੀ ਇਮਾਰਤ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ।ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਪਿੰਡ ਭਲੇਰੀਆਂ ਤੇ ਚੱਕ ਤਾਮਕੋਟ ਵਿਖੇ ਇੰਟਰਲਾਕ ਟਾਇਲਾਂ ਲਗਾਉਣ, ਪਿੰਡ ਦਬੜਾ ਵਿਖੇ ਇੰਟਰਲਾਕ ਟਾਇਲਾਂ, ਐੱਸ. ਸੀ. ਧਰਮਸ਼ਾਲਾ ਦੀ ਮੁਰੰਮਤ ਤੇ ਰੂਮ ਦੀ ਉਸਾਰੀ ਕਰਨ ਦਾ ਨੀਂਹ ਪੱਥਰ ਰੱਖਿਆ।ਇਸੇ ਦੌਰਾਨ ਉਨ੍ਹਾਂ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਨਦੀਪ ਸੰਧੂ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਡਾ. ਸ਼ਿਵਾਨੀ ਨਾਗਪਾਲ, ਜ਼ਿਲ੍ਹਾ ਭਲਾਈ ਅਫ਼ਸਰ ਜਗਮੋਹਨ ਸਿੰਘ ਮਾਨ, ਬੀ.ਡੀ.ਪੀ.ਓ. ਭੁਪਿੰਦਰ ਸਿੰਘ, ਨਿੱਜੀ ਸਕੱਤਰ ਅਰਸ਼ਦੀਪ ਸਿੰਘ ਸਿੱਧੂ, ਸਰਪੰਚ ਦਾਨੇਵਾਲਾ ਸੁੱਖਪਾਲ ਸਿੰਘ, ਸਰਪੰਚ ਰੱਥੜੀਆਂ ਕਰਮਜੀਤ ਕੌਰ, ਸਰਪੰਚ ਭਲੇਰੀਆਂ ਜਗਰਾਜ ਸਿੰਘ, ਸਰਪੰਚ ਚੱਕ ਤਾਮਕੋਟ ਵੀਰਪਾਲ ਕੌਰ, ਸਰਪੰਚ ਦਬੜਾ ਗੁਰਜੰਟ ਸਿੰਘ ਤੇ ਪੰਚਾਇਤ ਮੈਂਬਰ ਹਾਜ਼ਰ ਸਨ।

# ਅਲੱਗ ਸ਼ਬਦ ਯੱਗ ਵੱਲੋਂ ਡਾ. ਸਰੂਪ ਸਿੰਘ ਅਲੱਗ ਦੀਆਂ ਪੁਸਤਕਾਂ ਦਾ ਲੰਗਰ

**ਲੁਧਿਆਣਾ (ਨ ਜ਼ ਸ)**-ਅਲੱਗ ਸ਼ਬਦ ਯੱਗ ਲੁਧਿਆਣਾ, ਜੋ ਕਿ ਪਿਛਲੇ ਲਗਭਗ 30 ਸਾਲ ਤੋਂ ਸਿੱਖ ਪੰਥ ਦੇ ਮਹਾਨ ਵਿਦਵਾਨ, ਲਿਖਾਰੀ ਤੇ ਵਕਤਾ ਡਾ. ਸਰੂਪ ਸਿੰਘ ਅਲੱਗ ਦੀਆਂ ਲਿਖੀਆਂ ਗੁਰਮਤਿ ਅਧਾਰਤ 110 ਪੁਸਤਕਾਂ ਨੂੰ ਸਾਰੇ ਸੰਸਾਰ ਵਿੱਚ ਛਾਪ ਕੇ ਸ਼ਬਦ ਲੰਗਰ ਵਜੋਂ ਮੁਫਤ ਵੰਡ ਰਿਹਾ ਹੈ।

ਅੱਜ ਅਲੱਗ ਸ਼ਬਦ ਯਗ ਟਰੱਸਟ ਲੁਧਿਆਣਾ ਦੀ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਗੁਰੂ ਸਾਹਿਬ ਨੂੰ ਅਰਦਾਸ ਰੂਪ ਵਿੱਚ ਬੇਨਤੀ ਕੀਤੀ ਗਈ ਕਿ ਪੰਜਾਬ ਵਿੱਚ ਜੋ ਹੜ੍ਹ ਆਏ ਹੋਏ ਹਨ, ਗੁਰੂ ਸਾਹਿਬ ਆਪ ਕਿਰਪਾ ਕਰਕੇ ਪੰਜਾਬ, ਪੰਜਾਬੀਆਂ ਦੀ ਰੱਖਿਆ ਕਰਨ ਤੇ ਹੜ੍ਹਾਂ ਨੂੰ ਠੱਲ੍ਹ ਪਾਉਣ। ਮੀਟਿੰਗ ਵਿੱਚ ਸਕੱਤਰ ਜਨਰਲ ਸੁਖਿੰਦਰ ਪਾਲ ਸਿੰਘ ਅਲੱਗ ਨੇ ਹੜ੍ਹਾਂ ਲਈ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦੁਆਰਾ ਚਲਾਏ ਗਏ ਰਿਲੀਫ ਫੰਡ ਵਿੱਚ ਟਰੱਸਟ ਵੱਲੋਂ ਬਣਦਾ ਯੋਗਦਾਨ ਪਾਉਣ ਦਾ ਐਲਾਨ ਕੀਤਾ ਤੇ ਨਾਲ ਹੀ ਆਪਣੇ ਪੱਧਰ 'ਤੇ ਵੀ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਕਰਨ ਦਾ ਪ੍ਰਣ ਲਿਆ। ਟਰੱਸਟ ਦੀ ਮੀਟਿੰਗ ਵਿੱਚ ਪਬਲੀਕੇਸ਼ਨ ਸਕੱਤਰ ਡਾ. ਰਮਿੰਦਰ ਦੀਪ ਸਿੰਘ ਅਲੱਗ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਟਰੱਸਟ ਵੱਲੋਂ ਕਾਰਵਾਈ ਆਰੰਭ ਕਰ ਦਿੱਤੀ ਗਈ ਤੇ ਗੁਰੂ ਸਾਹਿਬ ਦੇ ਜੀਵਨ ਫਲਸਫੇ ਤੇ ਲਾਮਿਸਾਲ ਸ਼ਹੀਦੀ ਨਾਲ ਸੰਬੰਧਤ ਟਰੱਸਟ ਦੀਆਂ ਤਿੰਨ ਪੁਸਤਕਾਂ 'ਤੇਗ ਬਹਾਦਰ ਸਿਮਰਿਐ (ਪੰਜਾਬੀ), ਤੇਗ ਬਹਾਦਰ ਹਿੰਦ ਦੀ ਚਾਦਰ (ਹਿੰਦੀ), ਗੁਰੂ ਤੇਗ ਬਹਾਦਰ ਦਿ ਚੈਂਪੀਅਨ ਆਫ ਹਿਊਮਨ ਰਾਈਟਸ (ਅੰਗਰੇਜ਼ੀ)' ਵਿੱਚ ਵੱਡੀ ਗਿਣਤੀ ਵਿੱਚ ਛਾਪ ਕੇ ਮੁਫ਼ਤ ਵੰਡਣ ਦੀ ਰੂਪ ਰੇਖਾ ਤਿਆਰ ਕਰਕੇ ਕਾਰਵਾਈ ਆਰੰਭ ਦਿੱਤੀ ਗਈ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਡਾ. ਸਰੂਪ ਸਿੰਘ ਅਲੱਗ ਦੀਆਂ ਇਹ ਤਿੰਨ ਪੁਸਤਕਾਂ ਜ਼ਰੂਰ ਹੀ ਪਾਠਕਾਂ ਵਿੱਚ ਨਵੀਂ ਚੇਤਨਾ, ਬੇਦਾਰੀ ਤੇ ਗੁਰੂ ਸਾਹਿਬ ਦੇ ਜੀਵਨ ਪ੍ਰਤੀ ਹੋਰ ਵਧੇਰੇ ਸਤਿਕਾਰ ਸਹਿਤ ਜਾਣਕਾਰੀ ਪ੍ਰਾਪਤ ਕਰ ਸਕਣਗੀਆਂ।

# ਨਿਗਮ ਮੁਲਾਜ਼ਮਾਂ ਵੱਲੋਂ ਕੀਤੀ ਵਾਇਰਲ ਵੀਡੀਓ ਨੂੰ ਮੇਅਰ ਨੇ ਕੀਤਾ ਸਿਰਿਓਂ ਖ਼ਾਰਜ

■ ਲੋਕਾਂ ਵੱਲੋਂ ਵਿਕਾਸ ਲਈ ਭਰੇ ਟੈਕਸ ਦੀ ਦੁਰਵਰਤੋਂ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ : ਗੋਗੀਆ

■ ਹਿਸਾਬ ਲੱਖਾਂ ਦਾ ਨਹੀਂ, ਕਰੋੜਾਂ ਦਾ ਲੈਣਾ ਬਾਕੀ : ਮੇਅਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਨਗਰ ਨਿਗਮ ਵਿੱਚ ਚੱਲ ਰਹੇ ਮਾਮਲਿਆਂ ਨੇ ਅੱਜ ਨਵਾਂ ਰੁੱਖ ਲੈ ਲਿਆ, ਜਦੋਂ ਕੁਝ ਮੁਲਾਜ਼ਮਾਂ ਵਲੋਂ ਜਾਰੀ ਕੀਤੀ ਗਈ ਵਾਇਰਲ ਵੀਡੀਓ ਨੇ ਸਵਾਲ ਖੜ੍ਹੇ ਕੀਤੇ।ਮੇਅਰ ਕੁੰਦਨ ਗੋਗੀਆ ਨੇ ਇਸ ਵੀਡੀਓ ਨੂੰ ਸਿਰੇ ਤੋਂ ਖ਼ਾਰਜ ਕਰਦਿਆਂ ਪੱਤਰਕਾਰਾਂ ਨੂੰ ਸਪੱਸ਼ਟ ਕੀਤਾ ਕਿ ਇਹ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ।ਉਨ੍ਹਾਂ ਕਿਹਾ ਕਿ ਜਦੋਂ ਉਹ ਵਿਜੀਲੈਂਸ ਵਿਭਾਗ ਕੋਲ ਕਾਰਵਾਈ ਲਈ ਪਹੁੰਚੇ, ਉਸ ਤੋਂ ਬਾਅਦ ਹੀ ਇਹ ਵੀਡੀਓ ਸਾਹਮਣੇ ਆਈ, ਜਦਕਿ ਮੁਲਾਜ਼ਮਾਂ ਕੋਲੋਂ ਡੇਢ ਮਹੀਨੇ ਪਹਿਲਾਂ ਤੋਂ ਹੀ ਇਸ ਸਬੰਧੀ ਜਾਣਕਾਰੀ ਮੰਗੀ ਜਾ ਰਹੀ ਸੀ।

ਮੇਅਰ ਗੋਗੀਆ ਨੇ ਕਿਹਾ ਕਿ ਉਹ ਲੋਕਾਂ ਵੱਲੋਂ ਵਿਕਾਸ ਲਈ ਭਰੇ ਟੈਕਸ ਦੇ ਪੈਸੇ ਦੀ ਇਕ ਇਕ ਪੈਸੇ ਦੀ ਜਾਂਚ ਕਰਵਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ, ਇਹ ਹਿਸਾਬ ਲੱਖਾਂ ਦਾ ਨਹੀਂ, ਸਗੋਂ ਕਰੋੜਾਂ ਰੁਪਏ ਦਾ ਬਾਕੀ ਹੈ। ਇਸ ਲਈ ਕੋਈ ਵੀ ਅਧਿਕਾਰੀ ਜਾਂ ਮੁਲਾਜ਼ਮ ਜੇਕਰ ਗੜਬੜ ਵਿੱਚ ਸ਼ਾਮਲ ਮਿਲਦਾ ਹੈ ਤਾਂ ਉਸਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਮੁਲਾਜ਼ਮਾਂ ਵੱਲੋਂ ਵੀਡੀਓ ਜਾਰੀ ਕਰਨਾ ਸਿਰਫ਼ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ।ਜਦੋਂ ਸਾਡੇ ਵੱਲੋਂ ਵਿਜੀਲੈਂਸ ਦਫਤਰ ਪਹੁੰਚ ਕੀਤੀ ਗਈ, ਤਦੋਂ ਹੀ ਇਹ ਕਦਮ ਚੁੱਕਿਆ ਗਿਆ, ਜੋ ਆਪਣੇ ਆਪ ਸਵਾਲ ਖੜ੍ਹੇ ਕਰਦਾ ਹੈ।

ਉਨ੍ਹਾਂ ਦੱਸਿਆ ਕਿ ਹਿਸਾਬ ਸਿਰਫ਼ ਵਿਜੀਲੈਂਸ ਹੀ ਨਹੀਂ, ਸਗੋਂ ਟੈਕਨੀਕਲ ਟੀਮ ਨੂੰ ਨਾਲ ਲੈ ਕੇ ਕੀਤਾ ਜਾਵੇਗਾ ਤਾਂ ਜੋ ਪੂਰੀ ਪਾਰਦਰਸ਼ੀ ਜਾਂਚ ਹੋ ਸਕੇ।ਇਸ ਦੌਰਾਨ ਪਿਛਲੇ ਕੁਝ ਸਾਲਾਂ ਦੇ ਲੋਕਾਂ ਵੱਲੋਂ ਸ਼ਹਿਰ ਦੇ ਵਿਕਾਸ ਲਈ ਭਰੇ ਕਰੋੜਾ ਦੇ ਟੈਕਸ ਸਬੰਧੀ ਵਾਊਚਰਾਂ ਦੀ ਵੀ ਤਫ਼ਤੀਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਭਰਿਆ ਗਿਆ ਟੈਕਸ ਸ਼ਹਿਰ ਦੀਆਂ ਸੜਕਾਂ, ਸਫਾਈ, ਪਾਣੀ ਤੇ ਹੋਰ ਸੁਵਿਧਾਵਾਂ ਲਈ ਵਰਤਿਆ ਜਾਣਾ ਚਾਹੀਦਾ ਹੈ।ਜੇਕਰ ਕੋਈ ਇਸ ਫ਼ਰਜ਼ ਨਾਲ ਧੋਖਾ ਕਰਦਾ ਹੈ ਤਾਂ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।

# ਘਨੌਰ 'ਚ ਵਿਗੜਨ ਲੱਗੇ ਹਾਲਾਤ, ਰੈਸਕਿਊ ਅਪ੍ਰੇਸ਼ਨ ਸ਼ੁਰੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਘੱਗਰ ਦਰਿਆ ਨੇ ਪਟਿਆਲਾ ਜ਼ਿਲ੍ਹੇ ਦੇ ਹਲਕਾ ਘਨੌਰ ਦੇ ਪਿੰਡਾਂ 'ਚ ਕਹਿਰ ਮਚਾਉਣਾ ਸ਼ੁਰੂ ਕਰ ਦਿੱਤਾ ਹੈ।ਘੱਗਰ ਦਾ ਪਾਣੀ ਲਗਾਤਾਰ ਵਧਣ ਕਾਰਨ ਪ੍ਰਭਾਵਿਤ ਪਿੰਡਾਂ ਵਿੱਚੋਂ ਪਾਣੀ 'ਚ ਘਿਰੇ ਵਿਅਕਤੀਆਂ ਨੂੰ ਬਚਾਉਣ ਲਈ ਐੱਨ ਡੀ ਆਰ ਐੱਫ ਤੇ ਫੌਜ ਦੀਆਂ ਟੀਮਾਂ ਨੇ ਰੈਸਕਿਊ ਆਪ੍ਰੇਸ਼ਨ ਸ਼ੁਰੂ ਕਰ ਦਿੱਤਾ ਹੈ।ਜਾਣਕਾਰੀ ਅਨੁਸਾਰ ਕਿਨ੍ਹਾਂ ਵਿੱਚ ਚਮਾਰੂ, ਕਾਮੀ ਕਲਾਂ, ਕਾਮੀ ਖੁਰਦ, ਉਂਟਸਰ ਸਮੇਤ ਕਈ ਪਿੰਡਾਂ 'ਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ ਤੇ ਹਾਲਾਤ ਖਰਾਬ ਹੁੰਦੇ ਨਜ਼ਰ ਆ ਰਹੇ ਹਨ।ਪ੍ਰਭਾਵਿਤ ਪਿੰਡਾਂ ਦੇ ਵਸਨੀਕਾਂ ਦਾ ਦੱਸਣਾ ਹੈ ਕਿ ਘੱਗਰ ਦਾ ਪਾਣੀ ਬੀਤੀ ਰਾਤ ਨਾਲੋਂ ਕਾਫੀ ਵਧ ਗਿਆ ਹੈ ਤੇ ਪਾਣੀ ਨਾਲ ਫਸਲਾਂ ਪੂਰੀ ਤਰ੍ਹਾਂ ਡੁੱਬ ਚੁੱਕੀਆਂ ਹਨ ਤੇ ਪਿੰਡਾਂ ਵੱਲ ਪਾਣੀ ਵਧਦਾ ਜਾ ਰਿਹਾ ਹੈ।ਇਸ ਦੌਰਾਨ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਉਣ ਦਾ ਕਾਰਜ ਜਾਰੀ ਹੈ।ਇਸ ਮੌਕੇ ਪਿੰਡ ਚਮਾਰੂ ਦੇ ਲੋਕਾਂ ਨੇ ਕਿਹਾ ਕਿ ਇੱਕ ਵਿਅਕਤੀ ਨੂੰ ਡੰਗ ਲਿਆ ਹੈ, ਜਿਸ ਨੂੰ ਫੌਜ ਵੱਲੋਂ ਕਿਸ਼ਤੀ ਰਾਹੀਂ ਰੈਸਕਿਊ ਕਰਕੇ ਪਿੰਡ ਲਾਛੜੂ ਤੱਕ ਪਹੁੰਚਾਇਆ ਗਿਆ, ਜਿੱਥੇ ਉਸ ਨੂੰ ਐਂਬੂਲੈਂਸ ਰਾਹੀਂ ਹਸਪਤਾਲ 'ਚ ਸ਼ਿਫਟ ਕੀਤਾ ਗਿਆ ਹੈ।

# ਭਾਰੀ ਬਾਰਸ਼ ਕਾਰਨ ਜੰਮੂ-ਕੱਟੜਾ ਐਕਸਪ੍ਰੈੱਸ ਦਾ ਹਿੱਸਾ ਧਸਿਆ, ਉਸਾਰੀ ਪ੍ਰਬੰਧਾਂ ਦੀ ਜਾਂਚ ਕਰਵਾਉਣ ਦੀ ਮੰਗ



**ਧੂਰੀ (ਮਹਿੰਦਰ ਗਰਗ, ਬਿੰਨੀ ਗਰਗ)**-ਪਿਛਲੇ ਕਈ ਦਿਨਾਂ ਤੋਂ ਧੂਰੀ ਹਲਕੇ ਵਿੱਚ ਹੋ ਰਹੀ ਲਗਾਤਾਰ ਤੇਜ਼ ਬਾਰਸ਼ ਨੇ ਇਲਾਕੇ ਦੇ ਲੋਕਾਂ ਦੀ ਜ਼ਿੰਦਗੀ ਮੁਸ਼ਕਲ ਕਰ ਦਿੱਤੀ ਹੈ।ਬਾਰਸ਼ ਕਾਰਨ ਨਾ ਸਿਰਫ਼ ਸ਼ਹਿਰ ਦੀਆਂ ਗਲੀਆਂ ਤੇ ਬਾਜ਼ਾਰਾਂ ਵਿੱਚ ਪਾਣੀ ਭਰ ਗਿਆ ਹੈ, ਸਗੋਂ ਵੱਡੇ ਵਿਕਾਸ ਪ੍ਰੋਜੈਕਟਾਂ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ।ਮਿਲੀ ਜਾਣਕਾਰੀ ਅਨੁਸਾਰ, ਹਾਲ ਹੀ ਦੌਰਾਨ ਬਣਾਈ ਗਈ ਜੰਮੂ-ਕੱਟੜਾ ਐਕਸਪ੍ਰੈੱਸ ਵੇਅ ਦਾ ਇੱਕ ਹਿੱਸਾ ਨੇੜਲੇ ਪਿੰਡ ਮੀਰਹੇੜੀ ਦੇ ਖੇਤਾਂ ਵਿੱਚੋਂ ਲੰਘਦਿਆਂ ਅਚਾਨਕ ਧਸ ਗਿਆ।ਗੰਭੀਰ ਗੱਲ ਇਹ ਹੈ ਕਿ ਇਹ ਸੜਕ ਹਾਲ ਹੀ ਵਿੱਚ ਤਿਆਰ ਹੋਈ ਸੀ ਤੇ ਲੋਕਾਂ ਵੱਲੋਂ ਇਸ ਦੇ ਰਾਹੀਂ ਯਾਤਰਾ ਕੀਤੀ ਜਾ ਰਹੀ ਸੀ।ਖੇਤਾਂ 'ਤੋਂ ਕਰੀਬ 25/30 ਫੁੱਟ ਤੱਕ ਇਹ ਸੜਕ ਦਾ ਹਿੱਸਾ ਕਿਵੇਂ ਧਸਿਆ? ਇਹ ਮਹਿਕਮੇ ਦੀ ਕਾਰਜ ਪ੍ਰਣਾਲੀ 'ਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ ? ਇਸ 'ਤੋਂ ਇਲਾਵਾ ਇਹ ਸੜਕ ਕਈ ਹੋਰ ਥਾਵਾਂ 'ਤੇ ਵੀ ਧਸਣ ਦਾ ਸਾਮਣਾ ਕਰ ਰਹੀ ਹੈ।ਇਸ ਘਟਨਾ ਤੋਂ ਬਾਅਦ ਨੇੜਲੇ ਪਿੰਡਾਂ ਦੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ, ਕਿਉਂਕਿ ਉਨ੍ਹਾਂ ਨੂੰ ਖਤਰਾ ਹੈ ਕਿ ਬਾਰਿਸ਼ ਜਾਰੀ ਰਹੀ ਤਾਂ ਹੋਰ ਹਿੱਸੇ ਵੀ ਨੁਕਸਾਨੇ ਹੋ ਸਕਦੇ ਹਨ।ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਬਣਾਏ ਜਾ ਰਹੇ ਵੱਡੇ ਪ੍ਰੋਜੈਕਟਾਂ ਦੀ ਗੁਣਵੱਤਾ 'ਤੇ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਅਜਿਹੀਆਂ ਘਟਨਾਵਾਂ ਆਮ ਹੋ ਜਾਣਗੀਆਂ।ਇਲਾਕਾ ਵਾਸੀਆਂ ਨੇ ਸਰਕਾਰ ਤੇ ਸੰਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ, ਨੁਕਸਾਨ ਦੀ ਮੁਰੰਮਤ ਤੇ ਭਵਿੱਖ ਵਿੱਚ ਐਸੀ ਘਟਨਾਵਾਂ ਤੋਂ ਬਚਾਅ ਲਈ ਮਜ਼ਬੂਤ ਪ੍ਰਣਾਲੀ ਬਣਾਉਣ ਦੀ ਅਪੀਲ ਕੀਤੀ ਹੈ ਅਤੇ ਇਨਕੁਆਇਰੀ ਲੋਕਾਂ ਨੇ ਇਸ ਪ੍ਰੋਜੈਕਟ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਬੂਟਾ ਸਿੱਧੂ ਨੇ ਨਿੱਜੀ ਖਰਚੇ 'ਤੇ ਡਰੇਨ 'ਚੋਂ ਬੂਟੀ ਕਢਵਾਈ, ਪ੍ਰਸ਼ਾਸਨ ਨੇ ਸਾਡੀ ਕੋਈ ਮਦਦ ਨਹੀਂ ਕੀਤੀ



**ਬਠਿੰਡਾ (ਰਾਜੀਵ ਗੋਇਲ)**-ਪਿਛਲੇ ਕਾਫੀ ਦਿਨਾਂ ਤੋਂ ਸੂਬੇ ਅੰਦਰ ਪੈ ਰਹੇ ਮੀਂਹ ਨੇ ਜਿੱਥੇ ਸਾਰੇ ਅੰਦਰ ਹਾਲਾਤ ਬਦ ਤੋਂ ਬਦਤਰ ਕੀਤੇ ਹੋਏ ਹਨ, ਉੱਥੇ ਹੀ ਸੂਬੇ ਦੇ ਦੂਜਿਆਂ ਹਿੱਸਿਆਂ ਵਿੱਚ ਵੀ ਹਾਲਾਤ ਕੋਈ ਜ਼ਿਆਦਾ ਚੰਗੇ ਨਹੀਂ ਹਨ। ਪਿਛਲੇ ਕਾਫੀ ਸਮਿਆਂ ਤੋਂ ਡਰੇਨਾਂ ਨਾਲਿਆਂ ਦੀ ਸਫਾਈ ਨਾ ਹੋਣ ਕਾਰਨ ਹੜ੍ਹ ਵਰਗਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ ਅਤੇ ਇਸੇ ਹੀ ਲੜੀ ਤਹਿਤ ਜ਼ਿਲ੍ਹੇ ਦੇ ਕਸਬਾ ਭੁਚਾਲ ਸ਼ਹਿਰ ਵਿਚਲੀ ਗੁਰੂਸਰ ਚੰਦਭਾਨ ਡਰੇਨ ਵਿੱਚ ਵੀ ਕਾਫੀ ਦਰੱਖਤ ਤੇ ਬੂਟੀ ਫਸੀ ਹੋਈ ਸੀ, ਜਿਸ ਦੀ ਸਫਾਈ ਨੂੰ ਲੈ ਕੇ ਨਗਰ ਪੰਚਾਇਤ ਦੇ ਪ੍ਰਧਾਨ ਬੂਟਾ ਸਿੰਘ ਸਿੱਧੂ ਵੱਲੋਂ ਆਪਣੇ ਨਿੱਜੀ ਖਰਚੇ 'ਤੇ ਪਿੰਡ ਦੇ ਸਮਾਜਸੇਵੀ ਨੌਜਵਾਨਾਂ ਦੇ ਸਹਿਯੋਗ ਨਾਲ ਪਹਿਲਾਂ ਤਾਂ ਡਰੇਨ 'ਚ ਡਿੱਗੇ ਦਰੱਖਤ ਕਢਵਾਏ ਗਏ ਤੇ ਅੱਜ ਆਧੁਨਿਕ ਮਸ਼ੀਨ ਦਾ ਇੰਤਜ਼ਾਮ ਕਰਵਾ ਕੇ ਡਰੇਨ ਦੇ ਪੁਲਾਂ ਹੇਠ ਫਸੀ ਬੂਟੀ ਨੂੰ ਪੁਟਵਾਇਆ ਗਿਆ ਤਾਂ ਜੋ ਪਾਣੀ ਦੀ ਰੁਕੀ ਹੋਈ ਸਪਲਾਈ ਚਾਲੂ ਕਰਵਾਈ ਜਾ ਸਕੇ ਕਿ ਡਰੇਨ ਵਿੱਚ ਬੰਨ੍ਹ ਪੈਣ ਨਾਲ ਸ਼ਹਿਰ ਤੇ ਪਿੰਡ ਵਾਸੀਆਂ ਨੂੰ ਕੋਈ ਸਮੱਸਿਆ ਨਾ ਆ ਸਕੇ। ਉਧਰ ਡਰੇਨਸੇਵਕ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਮਹਿਕਮੇ ਦੇ ਕੁਝ ਕੁ ਅਧਿਕਾਰੀਆਂ ਵੱਲੋਂ ਬੂਟਾ ਸਿੱਧੂ ਵੱਲੋਂ ਨਿੱਜੀ ਖਰਚੇ 'ਤੇ ਕਰਵਾਏ ਗਏ ਇਸ ਕੰਮ ਦੀ ਲਾਗਤ ਦਿਖਾ ਕੇ ਵਿਭਾਗ ਤੇ ਸਰਕਾਰ ਨੂੰ ਚੂਨਾ ਲਗਾਉਣ ਦੀ ਯੋਜਨਾ ਵੀ ਤਿਆਰ ਕੀਤੀ ਜਾ ਰਹੀ ਹੈ। ਉਧਰ ਦੂਜੇ ਪਾਸੇ ਬੂਟਾ ਸਿੰਘ ਦਾ ਕਹਿਣਾ ਸੀ ਕਿ ਪ੍ਰਸ਼ਾਸਨ ਵੱਲੋਂ ਇਸ ਕੰਮ ਵਿੱਚ ਉਨ੍ਹਾਂ ਦੀ ਕੋਈ ਮੱਦਦ ਨਹੀਂ ਕੀਤੀ ਗਈ, ਜਦਕਿ ਪ੍ਰਸ਼ਾਸਨ ਦਾ ਇਹ ਫਰਜ਼ ਬਣਦਾ ਸੀ।

# ਮਹਿਲਾ ਸਮਗਲਰ ਰੋੜੀ ਪੁਲਸ ਵੱਲੋਂ ਗ੍ਰਿਫਤਾਰ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਜ਼ਿਲ੍ਹਾ ਪੁਲਸ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਨਸ਼ਾ ਮੁਕਤ ਮੁਹਿੰਮ ਤਹਿਤ ਥਾਣਾ ਰੋੜੀ ਪੁਲਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ 30 ਗ੍ਰਾਮ 59 ਮਿਲੀਗ੍ਰਾਮ ਹੈਰੋਇਨ ਤਸਕਰੀ ਕਰਨ ਵਾਲੀ ਮੁੱਖ ਮੁਲਜ਼ਮ ਸੁਦੇਸ਼ ਰਾਣੀ ਪਤਨੀ ਲਕਸ਼ਣ ਦਾਸ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਰੋੜੀ ਦੇ ਇੰਸਪੈਕਟਰ ਦਵਿੰਦਰ ਸਿੰਘ ਨੇ ਦੱਸਿਆ ਕਿ ਉਪਰੋਕਤ ਮਾਮਲੇ ਵਿੱਚ ਦੋ ਮੁਲਜ਼ਮ ਅੰਗਰੇਜ਼ ਸਿੰਘ ਪੁੱਤਰ ਛਿੰਦਾ ਸਿੰਘ ਨਿਵਾਸੀ ਬਾਜੀਗਰ ਬਸਤੀ ਰਾਣੀਆਂ ਚੁੰਗੀ ਸਿਰਸਾ ਤੇ ਇੱਕ ਨਾਬਾਲਗ ਲੜਕੇ ਨੂੰ ਪਹਿਲਾਂ ਮੋਟਰਸਾਈਕਲ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਦੀ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਬਰਾਮਦ ਕੀਤੀ ਹੈਰੋਇਨ ਸਾਡੇ ਤੋਂ ਸੁਦੇਸ਼ ਰਾਣੀ ਪਤਨੀ ਲਕਸ਼ਣ ਦਾਸ ਨਿਵਾਸੀ ਚੋਰਮਾਰ ਖੇੜਾ ਤੋਂ ਖਰੀਦ ਕੇ ਮੰਗਵਾਈ ਗਈ ਸੀ। ਹੁਣ ਗੁਪਤ ਸੂਚਨਾ ਦੇ ਆਧਾਰ 'ਤੇ ਮੁੱਖ ਮੁਲ ਸੁਦੇਸ਼ ਰਾਣੀ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

# ਹੜ੍ਹ ਪੀੜਤਾਂ ਲਈ ਰਾਸ਼ਨ/ਸਮੱਗਰੀ ਕੀਤੀ ਇਕੱਠੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪਿੰਡ ਰਾਮਪੁਰਾ (ਬਠਿੰਡਾ) ਵੱਲੋਂ ਹੜ੍ਹ ਪੀੜਤਾਂ ਪਰਿਵਾਰਾਂ ਦੀ ਮਦਦ ਕਰਨ ਲਈ ਪਹਿਲਾਂ ਪਿੰਡ ਦੇ ਗੁਰਦੁਆਰਾ ਸਾਹਿਬ 'ਚੋਂ ਅਨਾਊਂਸਮੈਂਟ ਕਰਕੇ ਘਰ ਘਰ ਜਾ ਕੇ ਰਾਸ਼ਨ/ਸਮੱਗਰੀ ਇਕੱਠੀ ਕੀਤੀ ਗਈ ਤੇ ਨਗਰ ਨਿਵਾਸੀਆਂ ਨੇ ਵੀ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਦਿਲ ਖੋਲ੍ਹ ਕੇ ਦਾਨ ਦਿੱਤਾ।ਸਾਰੇ ਨਗਰ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇੱਕਜੁੱਟ ਹੋ ਕੇ ਮੁਸੀਬਤ ਦੀ ਘੜੀ 'ਚ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਕਰਨ ਲਈ ਪੂਰੀ ਵਾਹ ਲਾ ਦਿੱਤੀ ਤੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਕਰਨ ਲਈ ਚੱਲ ਰਹੀ ਸੇਵਾ ਵਿੱਚ ਬਜ਼ੁਰਗ, ਨੌਜਵਾਨਾਂ, ਔਰਤਾਂ ਤੇ ਬੱਚਿਆਂ ਨੇ ਵੀ ਅਹਿਮ ਯੋਗਦਾਨ ਪਾਇਆ। ਇਸ ਸੇਵਾ ਵਿੱਚ ਨਗਰ ਪੰਚਾਇਤ, ਕਲੱਬਾਂ ਤੇ ਧਾਰਮਿਕ ਸੰਸਥਾਵਾਂ ਆਦਿ ਸ਼ਾਮਲ ਹਨ।

# ਮੋਦੀ ਸਰਕਾਰ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਕੌਮੀ ਆਫਤ ਐਲਾਨ ਕਰੇ : ਸੀ ਪੀ ਆਈ

## ਪੰਜਾਬ ਨੂੰ ਤੁਰੰਤ ਰਾਹਤ ਪੈਕੇਜ ਦਿੱਤਾ ਜਾਵੇ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)**
ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫ਼ਰੀਦਕੋਟ ਵੱਲੋਂ ਜਾਰੀ ਕੀਤੇ ਇੱਕ ਬਿਆਨ ਵਿੱਚ ਹੜ੍ਹਾਂ ਕਾਰਨ ਹੋਏ ਭਾਰੀ ਜਾਨੀ ਤੇ ਮਾਲੀ ਨੁਕਸਾਨ 'ਤੇ ਭਾਰੀ ਚਿੰਤਾ ਪ੍ਰਗਟ ਕੀਤੀ ਗਈ।ਪਾਰਟੀ ਦੇ ਜ਼ਿਲ੍ਹਾ ਸੈਕਟਰੀ ਅਸ਼ੋਕ ਕੌਸ਼ਲ, ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ ਸਰਪੰਚ, ਹਰਪਾਲ ਮਚਾਕੀ, ਮਾਸਟਰ ਗੁਰਚਰਨ ਸਿੰਘ ਮਾਨ, ਵੀਰ ਸਿੰਘ ਕੰਮੇਆਣਾ ਤੇ ਗੋਰਾ ਸਿੰਘ ਪਿਪਲੀ ਨਰੇਗਾ ਮਜ਼ਦੂਰ ਯੂਨੀਅਨ ਤੇ ਸੁਖਜਿੰਦਰ ਸਿੰਘ ਤੂੰਬੜਭੰਨ ਕਿਸਾਨ ਆਗੂ ਨੇ ਕਿਹਾ ਕਿ ਪੰਜਾਬ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਵਿੱਚ ਜਿੱਥੇ ਬਦਲ ਫਟਣ, ਢਿੱਗਾਂ ਡਿੱਗਣ ਤੇ ਡੈਮਾਂ ਦੇ ਗੇਟ ਖੋਲ੍ਹਣ ਕਾਰਨ ਦਰਿਆਵਾਂ ਵਿੱਚ ਆਏ ਹੜ੍ਹਾਂ ਦੇ ਸ਼ੂਕਦੇ ਪਾਣੀ ਨਾਲ ਸੜਕਾਂ, ਪੁਲਾਂ, ਮਕਾਨਾਂ ਤੇ ਦੁਕਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ, ਉੱਥੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਫਸਲ ਦੇ ਨਾਲ-ਨਾਲ ਪਸ਼ੂਆਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ, ਪਰ ਅਫਸੋਸ ਦੀ ਗੱਲ ਹੈ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਨੇ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ। ਕਮਿਊਨਿਸਟ ਆਗੂਆਂ ਨੇ ਮੰਗ ਕੀਤੀ ਕਿ ਉੱਤਰੀ ਰਾਜਾਂ ਵਿੱਚ ਹੋਈ ਜਾਨ-ਮਾਲ ਦੀ ਇਸ ਵਿਆਪਕ ਤਬਾਹੀ ਨੂੰ ਕੌਮੀ ਆਫਤ ਐਲਾਨ ਕੀਤਾ ਜਾਵੇ ਤੇ ਸਾਰੇ ਦੇਸ਼ ਲਈ ਅਨਾਜ ਪੈਦਾ ਕਰਨ ਵਾਲੇ ਪੰਜਾਬ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

ਉਨ੍ਹਾਂ ਪੂਰੀ ਤਬਾਹ ਹੋਈ ਖੇਤੀ ਜ਼ਮੀਨ ਲਈ ਇਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ, ਖੇਤ ਮਜ਼ਦੂਰ ਪਰਵਾਰਾਂ ਲਈ ਤੀਹ ਹਜ਼ਾਰ ਰੁਪਏ ਤੇ ਨੁਕਸਾਨੇ ਗਏ ਮਕਾਨਾਂ ਲਈ ਵੀ ਇੱਕ ਲੱਖ ਰੁਪਏ ਤੁਰੰਤ ਮਦਦ ਦੀ ਮੰਗ ਕੀਤੀ।ਇਸ ਸਮੇਂ ਕਾਮਰੇਡ ਮੁਖਤਿਆਰ ਸਿੰਘ ਭਾਣਾ, ਬਲਕਾਰ ਸਿੰਘ ਸਹੋਤਾ ਨੇ ਮੰਗ ਕੀਤੀ ਕਿ ਲਗਾਤਾਰ ਬਾਰਸ਼ਾਂ ਕਾਰਨ, ਜਿਨ੍ਹਾਂ ਮਜ਼ਦੂਰ ਪਰਵਾਰਾਂ ਦੇ ਮਕਾਨਾਂ ਦੀ ਛੱਤ ਡਿੱਗਣ ਜਾਂ ਹੋਰ ਨੁਕਸਾਨ ਹੋਇਆ ਹੈ, ਉਨ੍ਹਾਂ ਦੀ ਰਜਿਸਟਰੀ ਦੀ ਸ਼ਰਤ ਬਿਨਾਂ ਇੱਕ ਲੱਖ ਰੁਪਏ ਮਦਦ ਕੀਤੀ ਜਾਵੇ।ਇੱਕ ਮਤਾ ਪਾਸ ਕਰਕੇ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਅਣਗਹਿਲੀ ਦੇ ਦੋਸ਼ੀ ਪਾਏ ਗਏ ਅਧਿਕਾਰੀਆਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ ਗਈ।

# ਦੋਹਰੀ ਮਾਰ ਝੱਲ ਰਹੀਆਂ ਨੇ ਆਸ਼ਾ ਵਰਕਰ ਅਤੇ ਫੈਸਿਲੀਟੇਟਰ : ਪੰਜੋਲਾ

## 10 ਤੱਕ ਪੇਮੈਂਟ ਨਾ ਪਈ ਤਾਂ ਸੰਘਰਸ਼ ਲਈ ਹੋਣਗੀਆਂ ਮਜਬੂਰ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਹੜ੍ਹਾਂ ਦੀ ਮਾਰ ਕਾਰਨ ਪੰਜਾਬ ਬਹੁਤ ਹੀ ਮੁਸ਼ਕਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ।ਅਜਿਹੀ ਵਿੱਚ ਸੂਬੇ ਭਰਦੀਆਂ ਆਸ਼ਾ ਵਰਕਰ ਤੇ ਫੈਸਿਲੀਟੇਟਰਾਂ ਵੱਲੋਂ ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਦੇ ਨਾਲ ਨਿਭਾਈਆਂ ਜਾ ਰਹੀਆਂ ਹਨ।ਇਹ ਪ੍ਰਗਟਾਵਾ ਆਸ਼ਾ ਵਰਕਰ ਤੇ ਫੈਸਲੀਟੇਟਰ ਯੂਨੀਅਨ ਪੰਜਾਬ ਦੀ ਪ੍ਰਧਾਨ ਕਿਰਨਦੀਪ ਕੌਰ ਪੰਜੋਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸੂਬੇ ਭਰ ਦੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਲੋਕਾਂ ਦੇ ਨਾਲ ਖੜੀਆਂ ਹਨ, ਪ੍ਰਭਾਵਿਤ ਹੋਏ ਜ਼ਿਲਿਆਂ ਵਿੱਚ ਜਿਵੇਂ ਕਿ ਫਿਰੋਜ਼ਪੁਰ, ਫਾਜ਼ਿਲਕਾ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਕਪੂਰਥਲਾ ਆਦਿ ਇਲਾਕਿਆਂ ਵਿੱਚ 24 ਘੰਟੇ ਆਪਣੀਆਂ ਸੇਵਾਵਾਂ ਨਿਭਾਅ ਰਹੀਆਂ ਹਨ।ਜਿੱਥੇ ਸਿਹਤ ਵਿਭਾਗ ਦਿਨ-ਰਾਤ ਸੇਵਾ ਕਰ ਰਿਹਾ ਹੈ, ਉੱਥੇ ਮੁੱਢਲੀ ਕਤਾਰ ਵਿੱਚ ਆਸ਼ਾ ਵਰਕਰ ਤੇ ਫੈਸਿਲੀਟੇਟਰਾਂ ਸਿਹਤ ਸੇਵਾਵਾਂ ਤੇ ਹਰ ਤਰ੍ਹਾਂ ਦੀਆਂ ਸੇਵਾਵਾਂ ਮੁਹੱਈਆ ਕਰਵਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਉੱਤੇ ਕਿਸੇ ਵੀ ਤਰ੍ਹਾਂ ਦਾ ਮੁਸ਼ਕਲ ਦੌਰ ਆਇਆ ਹੋਵੇ, ਭਾਵੇਂ ਕਿ ਕੋਰੋਨਾ ਮਹਾਂਮਾਰੀ, ਸੰਧੂਰ ਵਰਗੀ ਜੰਗ ਵਿੱਚ ਵੀ ਆਸ਼ਾ ਵਰਕਰਾਂ ਮੁੱਢਲੀ ਕਤਾਰ ਵਿੱਚ ਡਿਊਟੀ ਨਿਭਾਉਂਦੀਆਂ ਰਹੀਆਂ, ਪ੍ਰੰਤੂ ਅਫਸੋਸ ਦੀ ਗੱਲ ਹੈ ਕਿ ਸੇਵਾ ਕਰਨ ਵਾਲੀਆਂ ਇਨ੍ਹਾਂ ਵਰਕਰਾਂ ਨੂੰ ਪਿਛਲੇ ਦੋ ਮਹੀਨਿਆਂ ਤੋਂ ਤਨਖਾਹ ਹੀ ਨਹੀਂ ਮਿਲੀ, ਜਿਸ ਕਾਰਨ ਆਸ਼ਾ ਵਰਕਰਾਂ ਦੂਹਰੀ ਮਾਰ ਝੇਲ ਰਹੀਆਂ ਹਨ।ਇਸ ਨਾਜ਼ੁਕ ਦੌਰ ਵਿੱਚ ਹਰ ਵਿਅਕਤੀ ਨੂੰ ਪੈਸੇ ਦੀ ਬਹੁਤ ਲੋੜ ਹੈ, ਜੇਕਰ ਆਸ਼ਾ ਨੂੰ ਤਨਖਾਹ ਹੀ ਨਹੀਂ ਮਿਲੇਗੀ, ਤਾਂ ਉਹ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਿਸ ਤਰ੍ਹਾਂ ਕਰੇਗੀ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਉਣ ਵਾਲੀ 10 ਸਤੰਬਰ ਤੱਕ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਾਂ ਦੀਆਂ ਤਨਖਾਹਾਂ ਪਾਈਆਂ ਜਾਣ, ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਹਾਲਾਤਾਂ ਨੂੰ ਦੇਖਦਿਆਂ ਉਨ੍ਹਾਂ ਨੇ ਹਰ ਤਰ੍ਹਾਂ ਦੇ ਧਰਨੇ ਮੁਜ਼ਾਹਰੇ ਮੁਲਤਵੀ ਕਰ ਦਿੱਤੇ ਸਨ, ਪ੍ਰੰਤੂ ਆਸ਼ਾ ਤੇ ਫੈਸਿਲੀਟੇਟਰਾਂ ਦੀ ਆਰਥਿਕ ਸਥਿਤੀ ਨੂੰ ਦੇਖਦਿਆਂ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।।ਇਸ ਤੋਂ ਇਲਾਵਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਪੰਜਾਬ ਦੇ ਜਾਏ ਵੀ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਅ ਰਹੇ ਹਨ, ਉਨ੍ਹਾਂ ਦਾ ਵੀ ਦੇਣ ਨਹੀਂ ਦਿੱਤਾ ਜਾ ਸਕਦਾ। ?ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨਦੀਪ ਦੀਦਾਰੇ ਵਾਲਾ, ਸੰਦੀਪ ਮੋਗਾ, ਬਲਜੀਤ ਕੋਟ ਈਸੇ ਖਾਂ, ਸਰਬਜੀਤ ਕੌਰ ਚੜਿੱਕ, ਬਲਵਿੰਦਰ ਕੌਰ, ਡਰੋਲੀ ਭਾਈ, ਪਰਮਜੀਤ ਕੌਰ ਸਮਾਧ, ਪ੍ਰਿਆ, ਕੋਮਲ, ਕਮਲਜੀਤ ਬੱਧਨੀ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਵਿਦਿਆਰਥੀ ਕੌਂਸਲ ਦੀਆਂ ਚੋਣਾਂ 'ਚ ਅਸ਼ਮੀਤ ਸਿੰਘ ਦੀ ਜਿੱਤ 'ਤੇ ਖੁਸ਼ੀ ਪ੍ਰਗਟ

**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੋਈਆਂ ਵਿਦਿਆਰਥੀ ਕੌਂਸਲ ਦੀਆਂ ਚੋਣਾਂ ਵਿੱਚ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੋਚ ਨੂੰ ਸਮਰਪਤ ਵਿਦਿਆਰਥੀ ਜਥੇਬੰਦੀ ਸੱਥ ਦੇ ਉੱਪ ਪ੍ਰਧਾਨ ਲਈ ਉਮੀਦਵਾਰ ਅਸ਼ਮੀਤ ਸਿੰਘ ਨੂੰ ਚੋਣ ਜਿੱਤਣ 'ਤੇ ਸੀਨੀਅਰ ਅਕਾਲੀ ਆਗੂ ਹਰਦੇਵ ਸਿੰਘ ਜਵੰਧਾ, ਗੁਰਵਿੰਦਰ ਸਿੰਘ ਗੋਗੀ ਖੰਗੂੜਾ, ਜਸਵੰਤ ਸਿੰਘ ਭੱਠਲ, ਅਵਤਾਰ ਸਿੰਘ ਔਲਖ, ਗਮਦੂਰ ਸਿੰਘ ਜਵੰਦਾ, ਸੁਖਪਾਲ ਸ਼ਰਮਾ ਸਾਬਕਾ ਸਰਪੰਚ, ਧਰਮਿੰਦਰ ਸਿੰਘ ਕੌਲਸੇੜੀ, ਹਰਿੰਦਰ ਸਿੰਘ ਪਲਾਸੌਰ ਆਦਿ ਆਗੂਆਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਮੁਬਾਰਕਬਾਦ ਦਿੱਤੀ ਤੇ ਉਮੀਦ ਪ੍ਰਟਾਉਂਦਿਆਂ ਕਿਹਾ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੋਚ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਸਮੇਂ ਦੀ ਮੁੱਖ ਲੋੜ ਹੈ। ਬਾਬਾ ਬੰਦਾ ਸਿੰਘ ਬਹਾਦਰ ਸੋਸ਼ਲ ਵੈੱਲਫੇਅਰ ਕਲੱਬ ਪੰਜਾਬ ਦੇ ਪ੍ਰਧਾਨ ਹਰਕਮਲਪ੍ਰੀਤ ਸਿੰਘ ਜਵੰਧਾ ਉੱਪ ਪ੍ਰਧਾਨ ਨਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਅਸ਼ਮੀਤ ਸਿੰਘ ਦੀ ਜਿੱਤ ਮਨੁੱਖੀ ਅਧਿਕਾਰਾਂ ਦੀ ਰਾਖੀ ਤੇ ਪਹਿਰਾ ਦੇਣ ਲਈ ਜਾਗਰੂਕਤਾ ਪੈਦਾ ਕਰੇਗੀ।ਉਨ੍ਹਾ ਕਿਹਾ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਵਿਚਾਰਧਾਰਾ ਨਾਲ ਸੰਬੰਧਤ ਜਥੇਬੰਦੀ ਦਾ ਜਿੱਤਣਾ ਪੰਜਾਬ ਲਈ ਸ਼ੁੱਭ ਸੰਕੇਤ ਹੈ।ਇਸ ਮੌਕੇ ਜ਼ਿਲ੍ਹਾ ਸੰਗਰੂਰ ਪ੍ਰਧਾਨ ਜਸਪ੍ਰੀਤ ਸਿੰਘ ਲਾਲੀ ਤੇ ਜ਼ਿਲ੍ਹਾ ਬਰਨਾਲਾ ਪ੍ਰਧਾਨ ਮਨਦੀਪ ਸਿੰਘ ਔਲਖ ਨੇ ਆਸ ਪ੍ਰਗਟਾਈ ਕਿ ਵਿਦਿਆਰਥੀ ਜਥੇਬੰਦੀ ਸੱਥ ਆਪਣੇ ਮੂਲ ਸਿਧਾਂਤਾਂ 'ਤੇ ਪਹਿਰਾ ਦਿੰਦੇ ਹੋਏ ਵਿਦਿਆਰਥੀ ਵਰਗ ਦੇ ਨਾਲ ਨਾਲ ਲੋਕ ਆਵਾਜ਼ ਵੀ ਬੁਲੰਦ ਕਰੇਗੀ।

# ਗੋਲਡੀ ਵੱਲੋਂ ਬਰਸਾਤੀ ਪਾਣੀ ਖੜਨ ਵਾਲੀਆਂ ਥਾਂਵਾਂ ਦਾ ਦੌਰਾ



**ਧੂਰੀ (ਮਨੋਹਰ ਸਿੰਘ ਸੱਗੂ)**-ਹਲਕੇ ਦੇ ਸੀਨੀਅਰ ਕਾਂਗਰਸ ਆਗੂ ਤੇ ਸਾਬਕਾ ਹਲਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੇ ਸ਼ਹਿਰ 'ਚ ਬਰਸਾਤੀ ਪਾਣੀ ਦੀ ਮਾਰ ਹੇਠ ਆਈਆਂ ਥਾਵਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਤਕਲੀਫਾਂ ਸੁਣੀਆਂ।ਦਲਬੀਰ ਸਿੰਘ ਗੋਲਡੀ ਨੇ ਆਪਣੇ ਸ਼ਹਿਰ ਦੇ ਦੌਰੇ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਇੱਕ ਪਾਸੇ ਸ਼ਹਿਰ ਦੇ ਲੋਕ ਚਾਰ ਘੰਟੇ ਪਈ ਭਾਰੀ ਬਰਸਾਤ ਕਾਰਨ ਗਲੀਆਂ, ਮੁਹੱਲਿਆਂ ਤੇ ਸੜਕਾਂ 'ਤੇ ਬਰਸਾਤੀ ਪਾਣੀ ਖੜਨ ਦੀ ਸਮੱਸਿਆ ਨਾਲ ਜੂਝਣ ਲਈ ਮਜਬੂਰ ਹੋ ਰਹੇ ਹਨ, ਪਰ ਦੂਜੇ ਪਾਸੇ ਅੱਜ ਉਨ੍ਹਾਂ ਨੂੰ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਸਮੇਤ ਕੋਈ ਵੀ ਪ੍ਰਸ਼ਾਸਨਕ ਅਧਿਕਾਰੀ ਬਰਸਾਤੀ ਪਾਣੀ ਦੀ ਮਾਰ ਹੇਠ ਆਏ ਇਲਾਕਿਆਂ 'ਚ ਕਿਸੇ ਦੀ ਸਾਰ ਲੈਂਦਾ ਨਜ਼ਰ ਨਹੀਂ ਆਇਆ।

ਉਨ੍ਹਾਂ ਸੱਤਾਧਾਰੀ ਧਿਰ 'ਤੇ ਤੰਜ ਕਸਦਿਆਂ ਕਿਹਾ ਕਿ ਜਿਹੜੇ ਪੰਜ-ਸੱਤ ਆਪ ਆਗੂ ਪਹਿਲਾਂ ਸ਼ਹਿਰ 'ਚ ਬਰਸਾਤੀ ਪਾਣੀ ਖੜਨ 'ਤੇ ਪਜਾਮੇ ਚੜ੍ਹਾ ਕੇ ਪਾਣੀ 'ਚ ਆ ਜਾਂਦੇ ਸੀ, ਪਰ ਅੱਜ ਉਹ ਕਿਧਰੇ ਵੀ ਲੋਕਾਂ ਦੀ ਸਾਰ ਲੈਂਦੇ ਨਜ਼ਰ ਨਹੀਂ ਆ ਰਹੇ।ਉਨ੍ਹਾਂ ਕਿਹਾ ਕਿ ਸਥਾਨਕ ਸਿਵਲ ਹਸਪਤਾਲ 'ਚ ਗੋਡੇ ਗੋਡੇ ਬਰਸਾਤੀ ਪਾਣੀ ਖੜਨ ਕਾਰਨ ਜਿੱਥੇ ਡਾਕਟਰੀ ਅਮਲਾ ਡਿਊਟੀ ਨਿਭਾਉਣ ਤੋਂ ਅਸਮਰੱਥ ਨਜ਼ਰ ਆਇਆ, ਉੱਥੇ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਨੂੰ ਬਰਸਾਤੀ ਪਾਣੀ ਖੜਨ ਦੀ ਸਮੱਸਿਆ ਕਾਰਨ ਮੁਸ਼ਕਲਾਂ ਝੱਲਣ ਲਈ ਮਜਬੂਰ ਹੁੰਦੇ ਦੇਖਿਆ ਗਿਆ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਦੇ ਉਨ੍ਹਾਂ ਮੁਹੱਲਿਆਂ 'ਚ ਜਾ ਕੇ ਦੇਖਣ, ਜਿੱਥੇ ਲੋਕ ਬਰਸਾਤੀ ਪਾਣੀ ਖੜਨ ਦੀ ਸਮੱਸਿਆ ਨਾਲ ਜੂਝਣ ਲਈ ਮਜਬੂਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਭਵਿੱਖ ਵਿੱਚ ਅਜਿਹੀ ਸਮੱਸਿਆ ਤੋਂ ਬਚਣ ਲਈ ਸ਼ਹਿਰ ਦੇ ਪਾਣੀ ਦੀ ਨਿਕਾਸੀ ਦੇ ਸਥਾਈ ਤੇ ਪੁਖਤਾ ਪ੍ਰਬੰਧ ਕੀਤੇ ਜਾਣ।

# ਡੀ ਸੀ ਤੇ ਐੱਸ ਐੱਸ ਪੀ ਬਰਨਾਲਾ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ

## ਲੋਕਾਂ ਨੂੰ ਅਸੁਰੱਖਿਅਤ ਇਮਾਰਤਾਂ ਛੱਡ ਕੇ ਰਾਹਤ ਕੈਂਪਾਂ 'ਚ ਜਾਣ ਦੀ ਅਪੀਲ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ੍ਰੀ ਟੀ ਬੈਨਿਥ ਡਿਪਟੀ ਕਮਿਸ਼ਨਰ ਤੇ ਸ੍ਰੀ ਸਰਫ਼ਰਾਜ਼ ਆਲਮ ਜ਼ਿਲ੍ਹਾ ਪੁਲਸ ਮੁਖੀ ਬਰਨਾਲਾ ਨੇ ਮਹਿਲ ਕਲਾਂ ਖੇਤਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ, ਜਿੱਥੇ ਭਾਰੀ ਮੀਂਹ ਕਾਰਨ ਇਮਾਰਤਾਂ, ਫਸਲਾਂ ਆਦਿ ਦਾ ਨੁਕਸਾਨ ਹੋਇਆ ਹੈ। ਨਾਲ ਹੀ ਉਨ੍ਹਾਂ ਨੇ ਇਨ੍ਹਾਂ ਪਿੰਡਾਂ 'ਚ ਸਥਾਪਤ ਕੀਤੇ ਰਾਹਤ ਕੈਂਪਾਂ ਦਾ ਦੌਰਾ ਕੀਤਾ।ਉਨ੍ਹਾਂ ਪਿੰਡ ਰਾਏਸਰ ਪੰਜਾਬ, ਚੰਨਣਵਾਲ ਤੇ ਸਹੌਰ ਦਾ ਦੌਰਾ ਕੀਤਾ।ਇਨ੍ਹਾਂ ਪਿੰਡਾਂ 'ਚ ਲਗਾਤਾਰ ਪੈ ਰਹੇ ਮੀਂਹ ਕਾਰਨ ਅਸੁਰੱਖਿਅਤ ਹੋਈਆਂ ਇਮਾਰਤਾਂ ਦਾ ਵੀ ਜਾਇਜ਼ਾ ਲਿਆ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਸੁਰੱਖਿਅਤ ਥਾਂਵਾਂ 'ਚ ਨਾ ਬੈਠਣ ਤੇ ਆਪਣੇ ਪਿੰਡਾਂ ਦੇ ਸਰਪੰਚ ਅਤੇ ਪੰਚਾਇਤ ਸਕੱਤਰ ਨਾਲ ਰਾਬਤਾ ਕਰਕੇ ਪਿੰਡਾਂ 'ਚ ਬਣੇ ਰਾਹਤ ਕੈਂਪਾਂ 'ਚ ਸ਼ਿਫਟ ਹੋ ਜਾਣ।ਇਸ ਸਬੰਧੀ ਪਿੰਡਾਂ 'ਚ ਮੁਨਿਆਦੀ ਵੀ ਕਰਵਾਈ ਜਾ ਰਹੀ ਹੈ, ਤਾਂ ਜੋ ਕੋਈ ਵੀ ਪਿੰਡ ਵਾਸੀ ਅਸੁਰੱਖਿਅਤ ਇਮਾਰਤ 'ਚ ਨਾ ਰਹੇ।ਉਨ੍ਹਾਂ ਪਿੰਡ ਚੰਨਣਵਾਲ ਦੇ ਸਰਕਾਰੀ ਸੀਨੀਅਰ ਸਕੂਲ ਵਿਖੇ ਬਣਾਏ ਗਏ ਰਾਹਤ ਕੈਂਪ ਦਾ ਦੌਰਾ ਕੀਤਾ ਤੇ ਕੈਂਪ 'ਚ ਰਹਿ ਰਹੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ।ਉਨ੍ਹਾਂ ਕਿਹਾ ਕਿ ਜਿਹੜੇ ਘਰ ਦੀਆਂ ਇਮਾਰਤਾਂ ਮੀਂਹ ਕਾਰਨ ਖ਼ਰਾਬ ਹੋ ਗਈਆਂ ਹਨ, ਇਨ੍ਹਾਂ ਨੂੰ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ।ਇਨ੍ਹਾਂ ਕੈਂਪਾਂ 'ਚ ਮੌਜੂਦ ਲੋਕਾਂ ਦਾ ਹਾਲ ਜਾਨਿਆ ਤੇ ਦੱਸਿਆ ਕਿ ਸਰਕਾਰ ਵੱਲੋਂ ਲੋਕਾਂ ਨੂੰ ਖਾਣ ਪੀਣ ਤੇ ਰਹਿਣ ਦੀ ਸੁਵਿਧਾ ਦਿੱਤੀ ਜਾ ਰਹੀ ਹੈ।ਸ੍ਰੀ ਟੀ ਬੈਨਿਥ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵੇਲੇ ਜ਼ਿਲ੍ਹਾ ਬਰਨਾਲਾ 'ਚ ਕੁੱਲ 30 ਕੈਂਪ ਸਥਾਪਤ ਕੀਤੇ ਗਏ ਹਨ ਤੇ ਇਨ੍ਹਾਂ ਵਿੱਚ 440 ਲੋਕਾਂ ਨੂੰ ਸ਼ਿਫਟ ਕੀਤਾ ਗਿਆ ਹੈ।ਸ੍ਰੀ ਸਰਫ਼ਰਾਜ਼ ਆਲਮ ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਬਰਨਾਲਾ ਪੁਲਸ ਵੱਲੋਂ ਨਿਰੰਤਰ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਜਾ ਰਿਹਾ ਹੈ।ਇਸ ਮੌਕੇ ਉੱਪ ਮੰਡਲ ਮੈਜਿਸਟ੍ਰੇਟ ਬਰਨਾਲਾ ਮੈਡਮ ਸੋਨਮ, ਉੱਪ ਮੰਡਲ ਮੈਜਿਸਟ੍ਰੇਟ ਮਹਿਲ ਕਲਾਂ ਸ਼੍ਰੀ ਸ਼ਿਵਾਂਸ਼ ਰਾਠੀ, ਗ੍ਰਾਮ ਪੰਚਾਇਤਾਂ ਤੇ ਹੋਰ ਅਫਸਰ ਮੌਜੂਦ ਸਨ।ਓਧਰ ਡਿਪਟੀ ਕਮਿਸ਼ਨਰ ਬਰਨਾਲਾ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੀਆਂ ਪੰਚਾਇਤਾਂ ਨੂੰ ਆਪਣੇ ਆਪਣੇ ਪਿੰਡਾਂ ਦੇ ਘਰ ਘਰ ਜਾ ਕੇ ਸਰਵੇ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਸਰਵੇ ਦੌਰਾਨ ਇਸ ਗੱਲ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ ਕਿ ਕਿਸੇ ਵੀ ਅਸੁਰੱਖਿਅਤ ਇਮਾਰਤ 'ਚ ਕੋਈ ਵੀ ਪਿੰਡ ਵਾਸੀ ਨਾ ਰਹੇ ਤੇ ਇਸ ਤਰ੍ਹਾਂ ਇਮਾਰਤਾਂ ਤੋਂ ਲੋਕਾਂ ਨੂੰ ਕੈਂਪਾਂ 'ਚ ਸ਼ਿਫਟ ਕੀਤਾ ਜਾਵੇ।ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਅਸੁਰੱਖਿਅਤ ਘਰ ਤੁਰਤ ਛੱਡ ਕੇ ਕੈਂਪਾਂ 'ਚ ਪੁੱਜਣ।

# ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਵੱਲੋਂ ਘੱਗਰ ਪ੍ਰਭਾਵਿਤ ਇਲਾਕਿਆਂ ਦਾ ਦੌਰਾ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਘੱਗਰ ਦਰਿਆ ਵਿੱਚ ਲਗਾਤਾਰ ਵੱਧ ਰਹੇ ਪਾਣੀ ਦੇ ਚਲਦਿਆਂ ਵਿਧਾਨ ਸਭਾ ਹਲਕਾ ਸ਼ੁਕਰਾਣਾ ਵਿੱਚ ਸਥਿਤੀ ਦਾ ਜਾਇਜ਼ਾ ਲੈਣ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਬਾਦਸ਼ਾਹਪੁਰ, ਹਰਚੰਦਪੁਰਾ ਵਿਖੇ ਘੱਗਰ ਦਾ ਦੌਰਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਘੱਗਰ ਦੇ ਕੰਢੇ ਵੱਸੇ ਲੋਕਾਂ ਨਾਲ ਗੱਲਬਾਤ ਕਰਕੇ ਫੀਡਬੈਕ ਹਾਸਲ ਕੀਤੀ। ਉਨ੍ਹਾਂ ਮੌਕੇ 'ਤੇ ਹਾਜ਼ਰ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਕਿਸੇ ਵੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਲੋਕਾਂ ਨੂੰ ਅਫਵਾਹਾਂ ਉੱਤੇ ਯਕੀਨ ਨਾ ਕਰਨ ਦੀ ਅਪੀਲ ਕਰਦਿਆਂ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਉਹ ਖੁਦ ਵੀ ਐਸਡੀਐਮ ਪਾਤੜਾਂ ਅਸ਼ੋਕ ਕੁਮਾਰ ਦੀ ਅਗਵਾਈ ਵਿੱਚ ਸਥਿਤੀ ਉੱਤੇ ਨਜ਼ਰ ਰੱਖਣ ਵਾਲੀਆਂ ਪ੍ਰਸ਼ਾਸਨ ਦੀਆਂ ਟੀਮਾਂ ਨਾਲ ਰਾਬਤਾ ਰੱਖਦੇ ਹੋਏ ਘੱਗਰ ਦੇ ਬੰਨ੍ਹਾਂ ਦੀ ਨਿਗਰਾਨੀ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਪਾਤੜਾਂ ਦੇ ਘੱਗਰ ਪ੍ਰਭਾਵਿਤ ਇਲਾਕਿਆਂ ਲਈ ਭਾਰਤੀ ਫੌਜ ਦੇ ਕਰਨਲ ਵਿਨੋਦ ਸਿੰਘ ਰਾਵਤ ਦੀ ਆਰਮੀ ਦੀ ਟੁਕੜੀ ਬੰਨ੍ਹ 'ਚ ਕਿਸੇ ਤਰ੍ਹਾਂ ਦੇ ਪਾੜ ਪੈਣ ਦੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਰੱਖੀ ਗਈ ਹੈ।

# ਬਾਬਾ ਸ਼ੇਖ ਫਰੀਦ ਆਗਮਨ ਪੁਰਬ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਾਫਟ/ਸੱਭਿਆਚਾਰਕ ਮੇਲਾ ਕੈਂਸਲ

## ਪੰਜਾਬ 'ਚ ਹੜ੍ਹਾਂ ਕਾਰਨ ਆਗਮਨ ਪੁਰਬ 'ਤੇ ਸਿਰਫ ਧਾਰਮਿਕ ਸਮਾਗਮ ਹੋਣਗੇ : ਡੀ ਸੀ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)**-ਪੰਜਾਬ ਵਿੱਚ ਹੜ੍ਹ ਕਾਰਨ ਪੈਦਾ ਹੋਈ ਸੰਕਟਮਈ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਇਸ ਵਾਰ ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ-2025 ਸਿਰਫ਼ ਸਾਦਗੀ ਤੇ ਸ਼ਰਧਾ ਨਾਲ ਮਨਾਇਆ ਜਾਵੇਗਾ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦਿੱਤੀ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਈ ਕੁਦਰਤੀ ਆਫ਼ਤ ਹੜ੍ਹਾਂ ਨਾਲ ਪੈਦਾ ਹੋਏ ਹਾਲਾਤਾਂ ਦੇ ਮੱਦੇਨਜ਼ਰ ਇਸ ਵਾਰ ਆਗਮਨ ਪੁਰਬ ਧਾਰਮਿਕ ਅਕੀਦੇ ਅਨੁਸਾਰ ਬਿਲਕੁਲ ਸਾਦੇ ਢੰਗ ਨਾਲ ਮਨਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਬਾਬਾ ਫਰੀਦ ਆਗਮਨ ਪੁਰਬ 'ਤੇ 19 ਤੋਂ 23 ਸਤੰਬਰ ਤੱਕ ਸਿਰਫ ਧਾਰਮਿਕ ਸਮਾਗਮ ਹੀ ਹੋਣਗੇ ਤੇ ਮਨੋਰੰਜਨ, ਸੱਭਿਆਚਾਰਕ ਵਾਲੇ ਸਮਾਗਮ ਨਹੀਂ ਹੋਣਗੇ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਕਲਚਰਲ ਸੁਸਾਇਟੀ ਵੱਲੋਂ ਇਸ ਵਾਰ ਦਾਨਾ ਮੰਡੀ ਫਿਰੋਜ਼ਪੁਰ ਰੋਡ ਵਿਖੇ 13 ਤੋਂ 23 ਸਤੰਬਰ ਤੱਕ ਲੱਗਣ ਵਾਲਾ ਕਰਾਫਟ ਮੇਲਾ ਨਹੀਂ ਹੋਵੇਗਾ।ਇਸ ਤੋਂ ਇਲਾਵਾ ਸੱਭਿਆਚਾਰਕ ਪ੍ਰੋਗਰਾਮ ਵੀ ਰੱਦ ਕਰ ਦਿੱਤੇ ਗਏ ਹਨ।ਡਿਪਟੀ ਕਮਿਸ਼ਨਰ ਨੇ ਸਮੂਹ ਸੰਸਥਾਵਾਂ, ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਸ਼ਕਲ ਘੜੀ ਵਿੱਚ ਇੱਕ-ਦੂਜੇ ਦਾ ਵੱਧ ਤੋਂ ਵੱਧ ਸਾਥ ਦੇਣ ਤੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਸਾਦਗੀ ਤੇ ਸ਼ਰਧਾ ਨਾਲ ਮਨਾਉਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ।


Form No. 3
[See Regulation-13(1)(a)]
**DEBTS RECOVERY TRIBUNAL CHANDIGARH (DRT-1)**
2nd FLOOR, SCO 33-34-35, SECTOR 17-A, CHANDIGARH

ਕੇਸ ਨੰ. ਓ ਏ/98/2025 ਈ ਐੱਕਸ ਐੱਚ : 29290
ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ
ਐਕਸਿਸ ਬੈਂਕ ਬਨਾਮ ਗੁਰਮੀਤ ਸਿੰਘ
ਸੇਵਾ 'ਚ,
(1) ਗੁਰਮੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਮੋਹਨ ਕੇ [illegible]

Form No. 3
[See Regulation-13(1)(a)]
**DEBTS RECOVERY TRIBUNAL CHANDIGARH (DRT-1)**
2nd FLOOR, SCO 33-34-35, SECTOR 17-A, CHANDIGARH

ਕੇਸ ਨੰ. ਓ ਏ/102/2025 ਈ ਐੱਕਸ ਐੱਚ : 29289
ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ
ਐਕਸਿਸ ਬੈਂਕ ਬਨਾਮ ਨਰਿੰਦਰ ਸਿੰਘ
ਸੇਵਾ 'ਚ,
(1) ਗੁਰਜਿੰਦਰ ਸਿੰਘ ਪੁੱਤਰ ਸ੍ਰੀ ਸੁਰਜੀਤ ਸਿੰਘ ਵਾਸੀ ਪਿੰਡ [illegible]

Form No. 3
[See Regulation-13(1)(a)]
**DEBTS RECOVERY TRIBUNAL CHANDIGARH (DRT-2)**
1ST FLOOR, SCO 33-34-35, SECTOR 17-A, CHANDIGARH
(Additional space allotted on 3rd & 4th Floor also)

ਕੇਸ ਨੰ. ਓ ਏ/697/2025 ਈ ਐੱਕਸ ਐੱਚ : 27228
ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ
ਐਕਸਿਸ ਬੈਂਕ ਬਨਾਮ ਰਜਿੰਦਰ ਕੁਮਾਰ ਸੂਦ ਪੁੱਤਰ ਜਗਤ ਰਾਮ ਸੂਦ (ਕਰਜ਼ਦਾਰ)
ਸੇਵਾ 'ਚ,
(1) ਜਵਾਬਦੇਹ (1) ਸ੍ਰੀ ਰਾਜਿੰਦਰ ਕੁਮਾਰ ਸੂਦ (ਕਰਜ਼ਦਾਰ) ਪੁੱਤਰ ਸ੍ਰੀ ਜਗਤ ਰਾਮ ਸੂਦ, ਵਾਸੀ ਫਲੈਟ ਨੰ. 108, ਟਾਵਰ 18, ਮੋਤੀਆਜ਼ ਰਾਇਲ ਸਿਟੀ, ਅੰਬਾਲਾ ਰੋਡ, ਜ਼ੀਰਕਪੁਰ, ਐੱਸ [illegible]

Form No. 3
[See Regulation-13(1)(a)]
**DEBTS RECOVERY TRIBUNAL CHANDIGARH (DRT-1)**
2nd FLOOR, SCO 33-34-35, SECTOR 17-A, CHANDIGARH

ਕੇਸ ਨੰ. ਓ ਏ/76/2025 ਈ ਐੱਕਸ ਐੱਚ : 29173
ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ
ਐਕਸਿਸ ਬੈਂਕ ਬਨਾਮ ਮੈਨਾ
ਸੇਵਾ 'ਚ,
(1) ਮੈਨਾ ਪੁੱਤਰੀ/ਪਤਨੀ/ਵਿਧਵਾ ਸ੍ਰੀ ਰਾਮ ਵਾਸੀ ਪਿੰਡ ਤੇ ਡਾਕਖਾਨਾ ਜੰਡਵਾਲਾ, ਹਨੂੰਮੰਤਾ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152123
(2) ਰਾਜਿੰਦਰ ਕੁਮਾਰ ਪੁੱਤਰ ਸ੍ਰੀ ਰਾਮ ਵਾਸੀ ਪਿੰਡ ਤੇ ਡਾਕਖਾਨਾ ਜੰਡਵਾਲਾ, ਹਨੂੰਮੰਤਾ ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152123
(3) ਮੀਨਾ ਕੁਮਾਰੀ ਪਤਨੀ ਸ੍ਰੀ ਰਾਜਿੰਦਰ ਕੁਮਾਰ ਵਾਸੀ ਪਿੰਡ ਤੇ ਡਾਕਖਾਨਾ ਜੰਡਵਾਲਾ, ਹਨੂੰਮੰਤਾ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152123
[illegible]



**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 26.08.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1.(ਐੱਚ ਐੱਲ ਵਿੱਚ ਕਰਜ਼ਦਾਰ) : ਸ੍ਰੀ ਬਖਸ਼ੀਸ਼ ਸਿੰਘ ਪੁੱਤਰ ਸ੍ਰੀ ਜੀਤ ਸਿੰਘ ਵਾਸੀ ਪਿੰਡ ਮੀਆਂਵਾਲ ਅਰਾਈਆਂ, ਮੀਆਂਵਾਲ ਅਰਾਈਆਂ, ਜਲੰਧਰ, ਪੰਜਾਬ-144702 (ਹੁਣ ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਿਸ
2. (ਬਖਸ਼ੀਸ਼ ਸਿੰਘ ਦੇ ਕਾਨੂੰਨੀ ਵਾਰਿਸ) : 1. ਸੀਮਾ ਪਤਨੀ ਬਖਸ਼ੀਸ਼ ਸਿੰਘ ਵਾਸੀ ਪਿੰਡ ਮੀਆਂਵਾਲ ਅਰਾਈਆਂ, ਮੀਆਂਵਾਲ ਅਰਾਈਆਂ, ਜਲੰਧਰ, ਪੰਜਾਬ-144702 ਨਾਲ ਹੀ : ਮਕਾਨ ਨੰ. 766 ਈ ਰੇਲ ਕੋਚ ਫੈਕਟਰੀ, ਕਪੂਰਥਲਾ
3. (ਬਖਸ਼ੀਸ਼ ਸਿੰਘ ਦੇ ਕਾਨੂੰਨੀ ਵਾਰਿਸ) : 2. ਹਰਸ਼ਿਕਾ ਪੁੱਤਰੀ ਬਖਸ਼ੀਸ਼ ਸਿੰਘ ਵਾਸੀ ਪਿੰਡ ਮੀਆਂਵਾਲ ਅਰਾਈਆਂ, ਮੀਆਂਵਾਲ ਅਰਾਈਆਂ, ਜਲੰਧਰ, ਪੰਜਾਬ-144702 (ਕੁਦਰਤੀ ਗਾਰਡੀਅਨ ਸੀਮਾਂ) ਨਾਲ ਹੀ : ਮਕਾਨ ਨੰ. 766 ਈ, ਰੇਲ ਕੋਚ ਫੈਕਟਰੀ, ਕਪੂਰਥਲਾ
4. (ਬਖਸ਼ੀਸ਼ ਸਿੰਘ ਦੇ ਕਾਨੂੰਨੀ ਵਾਰਿਸ) : 3. ਸ੍ਰੀ ਮੇਹਰ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਮੀਆਂਵਾਲ ਅਰਾਈਆਂ, ਮੀਆਂਵਾਲ ਅਰਾਈਆਂ, ਜਲੰਧਰ, ਪੰਜਾਬ-144702 (ਕੁਦਰਤੀ ਗਾਰਡੀਅਨ ਸੀਮਾਂ) ਨਾਲ ਹੀ : ਮਕਾਨ ਨੰ. 766 ਈ ਰੇਲ ਕੋਚ ਫੈਕਟਰੀ, ਕਪੂਰਥਲਾ
5. (ਬਖਸ਼ੀਸ਼ ਸਿੰਘ ਦੇ ਕਾਨੂੰਨੀ ਵਾਰਿਸ) : 4. ਸ੍ਰੀ ਏਸ਼ਤਰ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਮੀਆਂਵਾਲ ਅਰਾਈਆਂ, ਮੀਆਂਵਾਲ ਅਰਾਈਆਂ, ਜਲੰਧਰ, ਪੰਜਾਬ-144702 (ਕੁਦਰਤੀ ਗਾਰਡਿਅਨ ਸੀਮਾ) ਨਾਲ ਹੀ : ਮਕਾਨ ਨੰ. 766 ਈ ਰੇਲ ਕੋਚ ਫੈਕਟਰੀ, ਕਪੂਰਥਲਾ
6. (ਐੱਚ ਐੱਲ 'ਚ ਕਰਜ਼ਦਾਰ) : ਸ੍ਰੀਮਤੀ ਸੀਮਾਂ ਪਤਨੀ ਸਵਰਗੀ ਬਖਸ਼ੀਸ਼ ਸਿੰਘ ਵਾਸੀ ਪਿੰਡ ਮੀਆਂਵਾਲ ਅਰਾਈਆਂ, ਮੀਆਂਵਾਲ ਅਰਾਈਆਂ, ਜਲੰਧਰ, ਪੰਜਾਬ-144702 ਨਾਲ ਹੀ : ਮਕਾਨ ਨੰ. 766 ਈ ਰੇਲ ਕੋਚ ਫੈਕਟਰੀ, ਕਪੂਰਥਲਾ
7. (ਐੱਚ ਐੱਲ 'ਚ ਗਰੰਟਰ) : ਸ੍ਰੀ ਜਸਵਿੰਦਰ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ ਵਾਸੀ ਪਿੰਡ ਖੂਹ ਚਾਹ ਪਰਾਸੀਆ, ਫਿਰੋਜ਼ਪੁਰ ਪੰਜਾਬ 144702

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.08.2025 ਤੋਂ ਬਿਨਾਂ ਵਿਆਜ) |
|---|---|---|
| HL/049611000025 | Rs. 24,50,000/- | Rs. 23,75,832.30 |

ਪ੍ਰਾਇਮਰੀ ਸਕਿਊਰਿਟੀ : (ਏ) ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2020-21/30/1/267 ਮਿਤੀ 16-06-2020 ਅਨੁਸਾਰ ਸ੍ਰੀ ਬਖਸ਼ੀਸ਼ ਸਿੰਘ ਪੁੱਤਰ ਜੀਤ ਸਿੰਘ ਦੀ ਮਲਕੀਅਤ 4 ਮਰਲੇ (121 ਵਰਗ ਗਜ਼) ਹੱਦਬਸਤ ਨੰ. 124 ਪਿੰਡ ਸੈਦੋ ਭੁਲਾਣਾ ਤਹਿ. ਤੇ ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁੱਝ।

ਸਕਿਊਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਭੂਲਪੁਰ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਊਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਊਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਊਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਊਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਊਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਊਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਊਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਊਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 04.09.2025 ਅਧਿਕਾਰਤ ਅਫਸਰ



**Midland Microfin Limited**
CIN: U65921PB1988PLC008430
Registered Office: The AXIS, Plot No.1, R.B. Badri Dass Colony, BMC Chowk, G.T. Road, Jalandhar – 144001 (Punjab), Tel.:0181-5074000, Toll Free: 0181-5076000
E-mail: cs@midlandmicrofin.com| Website:www.midlandmicrofin.com

**37ਵੀਂ (ਸੈਂਤੀਵੀਂ) ਸਾਲਾਨਾ ਜਨਰਲ ਮੀਟਿੰਗ ਅਤੇ ਲਾਭਾਂਸ਼ ਵਾਸਤੇ ਰਿਕਾਰਡ ਮਿਤੀ ਸੰਬੰਧੀ ਜਾਣਕਾਰੀ**

ਨੋਟਿਸ ਦਿੱਤਾ ਜਾਂਦਾ ਹੈ ਕਿ ਮਿਡਲੈਂਡ ਮਾਈਕ੍ਰੋਫਿਨ ਲਿਮਟਿਡ ("ਦਾ ਕੰਪਨੀ") ਦੀ 37ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐੱਮ), ਕੰਪਨੀਜ਼ ਐਕਟ, 2013 ਦੀਆਂ ਵਿਵਸਥਾਵਾਂ, ਇਸ ਤਹਿਤ ਬਣੇ ਨਿਯਮਾਂ ਅਤੇ ਕਾਰਪੋਰੇਟ ਮਾਮਲੇ ਮੰਤਰਾਲਾ (ਐੱਮ ਸੀ ਏ), ਭਾਰਤ ਸਰਕਾਰ (ਸਾਂਝੇ ਤੌਰ 'ਤੇ "ਸਰਕੂਲਰਜ਼" ਵਜੋਂ ਹਵਾਲਾ) ਵੱਲੋਂ ਜਾਰੀ ਜਨਰਲ ਸਰਕੂਲਰ ਨੰ. 14/2020 ਮਿਤੀ 08 ਅਪ੍ਰੈਲ 2020, 17/2020 ਮਿਤੀ 13 ਅਪ੍ਰੈਲ 2020, 20/2020 ਮਿਤੀ 05 ਮਈ 2020, 02/2021 ਮਿਤੀ 13 ਜਨਵਰੀ 2021, 19/2021 ਮਿਤੀ 08 ਦਸੰਬਰ 2021, 21/2021 ਮਿਤੀ 14 ਦਸੰਬਰ 2021, 02/2022 ਮਿਤੀ 05 ਮਈ 2022, 10/2022 ਮਿਤੀ 28 ਦਸੰਬਰ 2022, 09/2023 ਮਿਤੀ 25 ਸਤੰਬਰ 2023 ਨਾਲ ਪੜ੍ਹੇ ਜਾਂਦੇ, ਅਤੇ 09/2024, ਮਿਤੀ 19 ਸਤੰਬਰ 2024 'ਚ ਏ ਜੀ ਐੱਮ ਦੇ ਸੱਦੇ 'ਤੇ ਨੋਟਿਸ 'ਚ ਉਲੇਖ ਸਧਾਰਨ ਕਾਰੋਬਾਰ ਅਤੇ ਨਾ ਟਾਲਣਯੋਗ ਵਿਸ਼ੇਸ਼ ਕਾਰੋਬਾਰ ਦੇ ਨਿਪਟਾਰੇ ਲਈ ਸੋਮਵਾਰ, 29 ਸਤੰਬਰ 2025 ਨੂੰ ਸ਼ਾਮ ਦੇ 3.00 ਵਜੇ (ਭਾਰਤੀ ਸਮੇਂ ਅਨੁਸਾਰ) ਵੀਡੀਓ ਕਾਨਫਰੰਸਿੰਗ (ਵੀ ਸੀ) ਹੋਰ ਆਡਿਓ ਵਿਜ਼ੂਅਲ ਮੀਨਜ਼ (ਓ ਏ ਵੀ ਐੱਮ) ਰਾਹੀਂ ਹੋਵੇਗੀ।

ਉਪਰੋਕਤ ਸਰਕੂਲਰਾਂ ਅਤੇ ਸੇਬੀ ਸਰਕੂਲਰ ਮਿਤੀ 3 ਅਕਤੂਬਰ, 2024 ਅਤੇ 5 ਜੂਨ 2025 ਦੀ ਪਾਲਣਾ 'ਚ ਏ ਜੀ ਐੱਮ ਦਾ ਨੋਟਿਸ ਸਮੇਤ 2024-25 ਨੂੰ ਖਤਮ ਹੋਏ ਵਿੱਤੀ ਵਰ੍ਹੇ ਦੀ ਰਿਪੋਰਟ ਇਲੈਕਟ੍ਰਾਨੀਕਲੀ ਸਾਰੇ ਸ਼ੇਅਰ ਹੋਲਡਰਾਂ ਨੂੰ ਭੇਜੀ ਜਾਵੇਗੀ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ ਜਾਂ ਉਨ੍ਹਾਂ ਡਿਪਾਜ਼ਟਰੀ ਪਾਰਟੀਸੀਪੈਂਟਸ ਕੋਲ ਰਜਿਸਟਰਡ ਹੋਣਗੇ। ਏ ਜੀ ਐੱਮ ਦਾ ਨੋਟਿਸ ਅਤੇ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.midlandmicrofin.com ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ ਬੀ ਐੱਸ ਈ ਲਿਮਟਿਡ www.bseindia.com. ਅਤੇ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ ਲਿਮਟਿਡ) ("ਸੀ ਡੀ ਐੱਸ ਐੱਲ") ਦੀ ਵੈੱਬਸਾਈਟ https://www.evotingindia.com 'ਤੇ ਵੀ ਉਪਲੱਬਧ ਹੋਵੇਗੀ।

ਜਿਨ੍ਹਾਂ ਮੈਂਬਰਾਂ ਨੂੰ ਸਾਲਾਨਾ ਜਨਰਲ ਮੀਟਿੰਗ ਦੇ ਨੋਟਿਸ ਭੇਜੇ ਜਾਣੇ ਹਨ, ਉਨ੍ਹਾਂ ਦੀ ਚੋਣ ਲਈ ਬੋਰਡ ਦੇ ਡਾਇਰੈਕਟਰਾਂ ਦੀ ਸੋਮਵਾਰ, 28 ਜੁਲਾਈ 2025 ਨੂੰ ਹੋਈ ਮੀਟਿੰਗ ਦੌਰਾਨ ਸ਼ੁੱਕਰਵਾਰ, 29 ਅਗਸਤ 2025 ਰਿਕਾਰਡ ਮਿਤੀ ਨਿਰਧਾਰਤ ਕੀਤੀ ਗਈ ਹੈ। ਇਸ ਅਨੁਸਾਰ ਨੋਟਿਸ ਉਨ੍ਹਾਂ ਮੈਂਬਰਾਂ ਨੂੰ ਭੇਜੇ ਜਾਣਗੇ, ਜਿਨ੍ਹਾਂ ਦੇ ਨਾਂਅ ਰਜਿਸਟਰਡ ਮੈਂਬਰ/ਲਾਭਪਾਤਰੀ ਮਾਲਕ ਵਜੋਂ ਕੰਪਨੀ ਦੇ ਰਜਿਸਟਰ ਜਾਂ ਆਰ ਟੀ ਏ, ਜੋ ਕਿ ਸਕਾਈਲਾਈਨ ਫਾਈਨੈਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ 'ਚ ਕਾਰੋਬਾਰ ਬੰਦ ਹੋਣ ਦੇ ਸਮੇਂ ਸ਼ੁੱਕਰਵਾਰ, 29 ਅਗਸਤ 2025 ਨੂੰ ਸ਼ਾਮ ਦੇ 5.30 ਵਜੇ ਤੋਂ ਪਹਿਲਾਂ ਰਜਿਸਟਰਡ ਹੋਣਗੇ।

ਈ-ਮੇਲ ਪਤੇ ਰਜਿਸਟਰ /ਅਪਡੇਟ ਕਰਨ ਦਾ ਢੰਗ :
(i) ਅੱਗੇ, ਡੀਮਟੀਰੇਲਾਈਜ਼ਡ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈ-ਮੇਲ ਪਤੇ ਅਤੇ ਉਨ੍ਹਾਂ ਦੇ ਸੰਬੰਧਤ ਡਿਪਾਜ਼ਟਰੀਜ਼ ਕੋਲ ਉਨ੍ਹਾਂ ਦੇ ਡਿਪਾਜ਼ਟਰੀ ਪਾਰਟੀਸੀਪੈਂਟਸ ਰਾਹੀਂ ਰਜਿਸਟਰ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਬੇਸ਼ੱਕ, ਇਸ ਨੋਟਿਸ ਦੀ ਪ੍ਰਾਪਤੀ ਲਈ ਮੈਂਬਰ ਆਰਜ਼ੀ ਰਜਿਸਟ੍ਰੇਸ਼ਨ ਲਈ ਆਪਣੀਆਂ ਈ-ਮੇਲ ਆਈਡੀਜ਼ ਸ੍ਰੀ ਕਪਿਲ ਕੁਮਾਰ ਰੁਹੇਲਾ, ਕੰਪਨੀ ਸੈਕਟਰੀ ਅਤੇ ਕੰਪਨੀ ਦੇ ਚੀਫ ਕੰਪਲਾਇੰਸ ਅਫਸਰ ਦੇ ਈਮੇਲ ਆਈ ਡੀ cs@midlandmicrofin.com 'ਤੇ ਲਿਖ ਕੇ ਕੰਪਨੀ ਕੋਲ ਰਜਿਸਟਰਡ ਕਰਵਾ ਸਕਦੇ ਹਨ।
(ii) ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈ-ਮੇਲ ਆਈਡੀਜ਼ ਸ੍ਰੀ ਕਪਿਲ ਕੁਮਾਰ ਰੁਹੇਲਾ, ਕੰਪਨੀ ਸੈਕਟਰੀ ਅਤੇ ਕੰਪਨੀ ਦੇ ਚੀਫ ਕੰਪਲਾਇੰਸ ਅਫਸਰ ਕੰਪਨੀ ਦੇ ਰਜਿਸਟਰਾਰ ਅਤੇ ਟਰਾਂਸਫਰ ਏਜੰਟ ਮੈਸ. ਸਕਾਈਲਾਈਨ ਫਾਈਨੈਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ (ਸਕਾਈਲਾਈਨ/ਆਰ ਟੀ ਏ) ਦੀ ਈ-ਮੇਲ ਆਈ ਡੀ contact@skyline.com ਨੂੰ ਉਸ ਦੀ ਈਮੇਲ ਆਈ ਡੀ cs@midlandmicrofin.com 'ਤੇ ਫੋਲੀਓ ਨੰਬਰ, ਸ਼ੇਅਰ ਹੋਲਡਰ ਦਾ ਨਾਂਅ, ਪੈਨ, ਮੋਬਾਇਲ ਨੰ. ਈ-ਮੇਲ ਆਈ ਡੀ ਸਮੇਤ ਪੈਨ ਕਾਰਡ, ਅਧਾਰ ਕਾਰਡ ਅਤੇ ਸ਼ੇਅਰ ਸਰਟੀਫਿਕੇਟ (ਅੱਗਿਓਂ ਅਤੇ ਪਿੱਛਿਓਂ) ਦੀ ਖੁਦ ਤਸਦੀਕਸ਼ੁਦਾ ਕਾਪੀ ਭੇਜ ਕੇ ਕੰਪਨੀ ਕੋਲ ਰਜਿਸਟਰ ਕਰਵਾਉਣ ਲਈ ਬੇਨਤੀ ਕੀਤੀ ਜਾਂਦੀ ਹੈ।

ਈ-ਵੋਟਿੰਗ ਰਾਹੀਂ ਵੋਟ ਪਾਉਣ ਦਾ ਢੰਗ :
ਏ ਜੀ ਐੱਮ ਦੌਰਾਨ ਈ ਵੋਟਿੰਗ ਅਤੇ ਏ ਜੀ ਐੱਮ 'ਚ ਵੀ ਸੀ/ਓ ਏ ਵੀ ਐੱਮ ਰਾਹੀਂ ਹਿੱਸਾ ਲੈਣ, ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾਉਣ ਦੀ ਸਹੂਲਤ ਲਈ ਕੰਪਨੀ ਨੇ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ (ਸੀ ਡੀ ਐੱਸ ਐੱਲ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ। ਡੀਮਟੀਰੇਲਾਈਜ਼ਡ ਮੋਡ, ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਅਤੇ ਜਿਨ੍ਹਾਂ ਮੈਂਬਰਾਂ ਦੇ ਈਮੇਲ ਪਤੇ ਰਜਿਸਟਰਡ ਨਹੀਂ ਹਨ, ਲਈ ਵੋਟਿੰਗ ਸਮੇਤ ਰਿਮੋਟ ਈ-ਵੋਟਿੰਗ ਦਾ ਢੰਗ ਏ ਜੀ ਐੱਮ ਦੇ ਨੋਟਿਸ 'ਚ ਮੁਹੱਈਆ ਕਰਵਾਇਆ ਗਿਆ ਹੈ। ਏ ਜੀ ਐੱਮ 'ਚ ਹਾਜ਼ਰ ਮੈਂਬਰ, ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟ ਨਹੀਂ ਪਾਈ, ਏ ਜੀ ਐੱਮ ਵਿਖੇ ਇਲੈਕਟ੍ਰਾਨੀਕਲੀ ਵੋਟ ਪਾਉਣ ਦੇ ਯੋਗ ਹੋਣਗੇ।

ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਸ਼ਾਮਲ ਹੋਣਾ :
ਵੀ ਸੀ/ਓ ਏ ਵੀ ਐੱਮ ਰਾਹੀਂ ਸਾਲਾਨਾ ਜਨਰਲ ਮੀਟਿੰਗ ਦੌਰਾਨ ਹਾਜ਼ਰੀ ਅਤੇ ਵੋਟ ਪਾਉਣ ਸੰਬੰਧੀ ਜ਼ਰੂਰੀ ਵੇਰਵੇ, ਇਲੈਕਟ੍ਰਾਨੀਕਲੀ ਭੇਜੇ ਜਾ ਰਹੇ ਏ ਜੀ ਐੱਮ ਨੋਟਿਸ 'ਚ ਦਰਸਾਏ ਜਾਣਗੇ।

ਲਾਭਾਂਸ਼ ਅਤੇ ਅਦਾਇਗੀ ਲਈ ਰਿਕਾਰਡ ਮਿਤੀ :
ਅੱਗੇ ਮੈਂਬਰ ਧਿਆਨ ਦੇਣ ਕਿ ਬੋਰਡ ਦੇ ਡਾਇਰੈਕਟਰਾਂ ਦੀ 28 ਜੁਲਾਈ 2025 ਨੂੰ ਹੋਈ ਮੀਟਿੰਗ 'ਚ ਕੰਪਨੀ ਦੇ ਬੋਰਡ ਦੇ ਡਾਇਰੈਕਟਰਾਂ ਵੱਲੋਂ, 31 ਮਾਰਚ 2025 ਨੂੰ ਖਤਮ ਹੋਏ ਵਿੱਤੀ ਵਰ੍ਹੇ ਲਈ ਲਾਭਾਂਸ਼ ਦੀ ਪਾਤਰਤਾ ਲਈ ਮੈਂਬਰਾਂ ਲਈ ਸੋਮਵਾਰ, 22 ਸਤੰਬਰ 2025 ਰਿਕਾਰਡ ਮਿਤੀ ਨਿਰਧਾਰਤ ਕੀਤੀ ਹੈ।
ਏ ਜੀ ਐੱਮ ਦੇ ਮੁਕੰਮਲ ਹੋਣ ਤੋਂ ਨਿਰਧਾਰਤ ਸਮੇਂ ਅੰਦਰ ਲਾਭਾਂਸ਼ ਇਲੈਕਟ੍ਰਾਨਿਕ ਮੋਡ ਰਾਹੀਂ ਅਦਾ ਕੀਤਾ ਜਾਵੇਗਾ। ਕਾਨੂੰਨ ਦੁਆਰਾ ਲਾਜ਼ਮੀ ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਲਾਭਾਂਸ਼ ਸਿਰਫ ਆਪਣੇ ਪੱਕਾ ਖਾਤਾ ਨੰ., ਸੰਪਰਕ ਵੇਰਵੇ (ਡਾਕ ਪਤਾ, ਮੋਬਾਇਲ ਨੰ. ਅਤੇ ਈ ਮੇਲ) ਬੈਂਕ ਖਾਤਾ ਵੇਰਵੇ, ਦਸਤਖਤਾਂ ਦਾ ਨਮੂਨਾ ਆਦਿ ਉਨ੍ਹਾਂ ਦੇ ਅਨੁਸਾਰੀ ਭੌਤਿਕ ਫੋਲੀਓਜ਼ ਵਾਸਤੇ ਪ੍ਰਦਾਨ ਕੀਤੇ ਜਾਣ 'ਤੇ ਇਲੈਕਟ੍ਰਾਨੀਕਲੀ ਅਦਾ ਕੀਤੇ ਜਾਣਗੇ।

ਲਾਭਾਂਸ਼ ਪ੍ਰਾਪਤ ਕਰਨ ਲਈ ਬੈਂਕ ਖਾਤਾ ਵੇਰਵੇ ਨੂੰ ਅਪਡੇਟ ਕਰਨ ਦਾ ਢੰਗ :-
ਮੈਂਬਰ ਜਿਨ੍ਹਾਂ ਨੇ ਲਾਭਾਂਸ਼ ਇਲੈਕਟ੍ਰਾਨਿਕ ਕਲੀਅਰਿੰਗ ਸਰਵਿਸ ਜਾਂ ਕਿਸੇ ਹੋਰ ਢੰਗ ਨਾਲ ਪ੍ਰਾਪਤ ਆਪਣੇ ਬੈਂਕ ਖਾਤੇ ਅਪਡੇਟ ਨਹੀਂ ਕਰਵਾਏ, ਨੂੰ ਹੇਠਾਂ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨੀ ਹੋਵੇਗੀ
ਮੈਂਬਰ ਜਿਨ੍ਹਾਂ ਦੇ ਸ਼ੇਅਰ ਭੌਤਿਕ ਰੂਪ 'ਚ ਹਨ :
ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਦਸਤਾਵੇਜ਼ ਕੰਪਨੀ ਦੇ ਰਜਿਸਟਰਡ ਦਫਤਰ ਜਾਂ ਈ-ਮੇਲ ਆਈ ਡੀ cs@midlandmicrofin.com/ਜਾਂ ਇਸ ਦੇ ਆਰ ਟੀ ਏ, ਸਕਾਈਲਾਈਨ ਫਾਇਨਾਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਡੀ-153 ਏ, ਪਹਿਲੀ ਮੰਜ਼ਲ, ਓਖਲਾ ਇੰਡਸਟ੍ਰੀਅਲ ਏਰੀਆ, ਫੇਜ਼-I, ਨਵੀਂ ਦਿੱਲੀ-110020 ਦੇ ਉਕਤ ਪਤੇ ਜਾਂ ਈ-ਮੇਲ ਆਈ ਡੀ contact@skyline.com 'ਤੇ 30 ਸਤੰਬਰ 2025 ਤੱਕ ਭੇਜਣ।
(ਏ) ਅਸਲੀ ਕੈਂਸਲ ਚੈੱਕ, ਜਿਸ 'ਤੇ ਮੈਂਬਰ ਜਾਂ ਪਹਿਲੇ ਮੈਂਬਰ ਦਾ ਨਾਂਅ। ਜੇਕਰ ਸ਼ੇਅਰ ਸਾਂਝੇ ਤੌਰ 'ਤੇ ਹਨ, ਜੇਕਰ ਚੈੱਕ 'ਤੇ ਸ਼ੇਅਰ ਧਾਰਕ ਦਾ ਨਾਂਅ ਉਪਲਬਧ ਨਹੀਂ ਹੈ, ਕਿਰਪਾ ਕਰਕੇ ਹੇਠ ਲਿਖੇ ਦਸਤਾਵੇਜ਼ ਜਮ੍ਹਾਂ ਕਰਵਾਏ ਜਾਣ : I) ਕੈਂਸਲ ਚੈੱਕ ਅਸਲੀ ਰੂਪ 'ਚ II) ਬੈਂਕ ਪਾਸਬੁੱਕ/ਬੈਂਕ ਸਟੇਟਮੈਂਟ ਜਿਸ 'ਤੇ ਖਾਤਾ ਧਾਰਕ ਦਾ ਨਾਂਅ, ਪਤਾ, ਉਹੀ ਬੈਂਕ ਖਾਤਾ ਨੰਬਰ ਜੋ ਚੈੱਕ 'ਤੇ ਹੈ ਅਤੇ ਬੈਂਕ ਸ਼ਾਖਾ ਦਾ ਪੂਰਾ ਪਤਾ ਦਰਸਾਉਂਦੇ ਬੈਂਕ ਦੀ ਪਹਿਲੇ ਸਫੇ ਦੀ ਸਾਫ-ਸਾਫ ਨਕਲ।
(ਬੀ) ਪੈਨ ਕਾਰਡ ਦੀ ਸਵੈ-ਤਸਦੀਕਸ਼ੁਦਾ ਕਾਪੀ ਅਤੇ
(ਸੀ) ਪਹਿਲੇ ਸ਼ੇਅਰ ਧਾਰਕ/ਮੈਂਬਰ, ਜੋ ਕੰਪਨੀ ਕੋਲ ਰਜਿਸਟਰਡ ਹੈ, ਦੇ ਕਿਸੇ ਦਸਤਾਵੇਜ਼ (ਜਿਵੇਂ ਆਧਾਰ ਕਾਰਡ, ਡਰਾਈਵਿੰਗ ਲਾਇਸੈਂਸ, ਵੋਟਰ ਕਾਰਡ, ਪਾਸਪੋਰਟ) ਦੀ ਸਵੈ-ਤਸਦੀਕਸ਼ੁਦਾ ਕਾਪੀ। ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਇਹ ਸੁਨਿਸ਼ਚਿਤ ਕਰ ਲੈਣ ਕਿ ਉਨ੍ਹਾਂ ਦਾ ਪੈਨ ਕਾਰਡ ਅਧਾਰ ਕਾਰਡ ਨਾਲ ਲਿੰਕ ਹੋਵੇ।
ਕਿਰਪਾ ਕਰਕੇ ਨੋਟ ਕੀਤਾ ਜਾਵੇ : ਯੋਗ ਸਰਕੂਲਰਜ਼ ਦੀ ਪਾਲਣਾਹਿਤ ਭੌਤਿਕ ਮੋਡ 'ਚ ਸ਼ੇਅਰ ਰੂਪ ਵਾਲੇ ਸ਼ੇਅਰ ਧਾਰਕ ਦੇ ਲਾਭਾਂਸ਼ ਕੰਪਨੀ ਵੱਲੋਂ ਇਲੈਕਟ੍ਰਾਨੀਕਲੀ ਮੋਡ 'ਚ ਹੀ ਅਦਾ ਕੀਤੇ ਜਾਣਗੇ। ਇਹ ਅਦਾਇਗੀ ਯੋਗ ਸ਼ੇਅਰ ਧਾਰਕਾਂ ਨੂੰ ਕੇਵਲ ਤਾਂ ਹੀ ਕੀਤੀ ਜਾਵੇਗੀ, ਜੇਕਰ ਉਨ੍ਹਾਂ ਦਾ ਆਪਣਾ ਡਾਕ ਪਤਾ ਅਤੇ ਮੋਬਾਇਲ ਨੰ., ਬੈਂਕ ਖਾਤੇ ਵੇਰਵੇ, ਦਸਤਾਵੇਜ਼ ਦੀ ਨਮੂਨਾ ਕਾਪੀ ਆਦਿ ਕੰਪਨੀ ਜਾਂ ਆਰ ਟੀ ਏ ਕੋਲ ਚਿੱਠੀ ਪੱਤਰ ਲਈ ਭੌਤਿਕ ਫੋਲੀਓਜ਼ ਹਨ।
ਡੀਮੈਟ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰ:
ਮੈਂਬਰ ਕਿਰਪਾ ਕਰਕੇ ਧਿਆਨ ਦੇਣ ਕਿ ਸਬੰਧਤ ਡੀਪੀਜ਼ ਦੁਆਰਾ ਕੰਪਨੀ ਨੂੰ ਦਿੱਤੇ ਗਏ ਉਨ੍ਹਾਂ ਦੇ ਬੈਂਕ ਵੇਰਵਿਆਂ ਨੂੰ ਡੀਪੀਜ਼ ਦੇ ਲਾਗੂ ਨਿਯਮਾਂ ਅਨੁਸਾਰ ਲਾਭਾਂਸ਼ ਭੇਜਣ ਲਈ ਵਿਚਾਰਿਆ ਜਾਵੇਗਾ ਅਤੇ ਕੰਪਨੀ ਅਜਿਹੇ ਮੈਂਬਰਾਂ ਦੁਆਰਾ ਅਜਿਹੇ ਬੈਂਕ ਵੇਰਵਿਆਂ ਵਿੱਚ ਤਬਦੀਲੀ/ਜੋੜ/ਮਿਟਾਉਣ ਲਈ ਕਿਸੇ ਵੀ ਸਿੱਧੀ ਬੇਨਤੀ ਨੂੰ ਸਵੀਕਾਰ ਨਹੀਂ ਕਰ ਸਕੇਗੀ। ਇਸ ਅਨੁਸਾਰ, ਡੀਮੈਟ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦਾ ਇਲੈਕਟਰਾਨਿਕ ਬੈਂਕ ਮੈਂਡੇਟ 30 ਸਤੰਬਰ, 2025 ਤੱਕ ਉਨ੍ਹਾਂ ਦੇ ਸਬੰਧਤ ਡੀਪੀਜ਼ ਨਾਲ ਅਪਡੇਟ ਕੀਤਾ ਗਿਆ ਹੈ।
ਮੈਂਬਰਾਂ ਨੂੰ ਏ ਜੀ ਐੱਮ ਦਾ ਨੋਟਿਸ ਅਤੇ ਖਾਸ ਕਰਕੇ ਏ ਜੀ ਐੱਮ 'ਚ ਸ਼ਾਮਲ ਹੋਣ ਦੀਆਂ ਹਦਾਇਤਾਂ ਅਤੇ ਰਿਮੋਟ ਈ-ਵੋਟਿੰਗ ਜਾਂ ਏ ਜੀ ਐੱਮ ਦੌਰਾਨ ਵੋਟ ਪਾਉਣ ਦਾ ਢੰਗ ਧਿਆਨ ਨਾਲ ਪੜ੍ਹੇ ਜਾਣ ਦੀ ਬੇਨਤੀ ਕੀਤੀ ਜਾਂਦੀ ਹੈ।

ਬਾ-ਹੁਕਮ ਬੋਰਡ ਫਾਰ ਮਿਡਲੈਂਡ ਮਾਈਕ੍ਰੋਫਿਨ ਲਿਮਟਿਡ
ਸਹੀ/-
ਕਪਿਲ ਕੁਮਾਰ ਰੁਹੇਲਾ
ਕੰਪਨੀ ਸੈਕਟਰੀ ਅਤੇ ਚੀਫ ਕੰਪਲਾਂਇਸ ਅਫਸਰ
ਮਿਤੀ : 4 ਸਤੰਬਰ, 2025
ਸਥਾਨ : ਜਲੰਧਰ

# ਅਰਵਿੰਦ ਕੇਜਰੀਵਾਲ ਨੇ ਹੜ੍ਹ ਪ੍ਰਭਾਵਤ ਇਲਾਕੇ ਮੰਡ ਦਾ ਕੀਤਾ ਦੌਰਾ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਹਨੀ)**-ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹੜ੍ਹ ਪ੍ਰਭਾਵਿਤ ਇਲਾਕੇ ਮੰਡ ਦਾ ਦੌਰਾ ਕੀਤਾ। ਬਾਅਦ ਦੁਪਹਿਰ ਬਾਊਪੁਰ ਪਹੁੰਚੇ ਅਰਵਿੰਦ ਕੇਜਰੀਵਾਲ ਨੂੰ ਜ਼ਮੀਨੀ ਹਕੀਕਤ ਤੋਂ ਜਾਣੂ ਕਰਵਾਉਣ ਲਈ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਵਾਇਤੀ ਸਿਆਸਤਦਾਨਾਂ ਤੋਂ ਹੱਟ ਕੇ ਨਵੀਂ ਪਿਰਤ ਪਾਈ। ਉਨ੍ਹਾਂ ਨੇ ਬਾਊਪੁਰ ਤੇ ਸਾਂਗਰਾ ਅਤੇ ਰਾਮਪੁਰ ਗੌਹਰਾ ਪਿੰਡਾਂ ਦੇ ਆਗੂਆਂ ਨੂੰ ਅਰਵਿੰਦ ਕੇਜਰੀਵਾਲ ਦੇ ਸਨਮੁੱਖ ਕੀਤਾ ਤਾਂ ਜੋ ਹੜ੍ਹਾਂ ਦੀ ਅਸਲ ਸਥਿਤੀ ਤੇ ਹੜ੍ਹ ਪੀੜਤਾਂ ਦੀਆਂ ਲੋੜਾਂ ਦਾ ਸਹੀ ਪਤਾ ਲੱਗ ਸਕੇ।ਆਪ ਦੇ ਕੌਮੀ ਕਨਵੀਨਰ ਅਰਵਿੰਦਰ ਕੇਜਰੀਵਾਲ ਦੇ ਸਾਂਗਰਾ ਪਿੰਡ ਪਹੁੰਚਣ ਤੋਂ ਪਹਿਲਾਂ ਹੀ ਇੰਨ੍ਹਾਂ ਆਗੂਆਂ ਨੂੰ ਇੱਕ ਵਿਸ਼ੇਸ਼ ਕਿਸ਼ਤੀ ਰਾਹੀ ਪਿੰਡ ਸਾਂਗਰਾ ਭੇਜਿਆ ਗਿਆ। ਕੁਲਦੀਪ ਸਿੰਘ ਸਾਂਗਰਾ ਨੇ ਉਥੇ ਕੇਜਰੀਵਾਲ ਨੂੰ ਮੰਗ ਪੱਤਰ ਦਿੰਦਿਆ ਕਿਹਾ

## ਕਿਸਾਨਾਂ ਨੇ ਕੇਜਰੀਵਾਲ ਅੱਗੇ ਰੱਖੀਆਂ ਮੰਗਾਂ



ਕਿ ਬਿਆਸ ਦਰਿਆ ਨੂੰ ਪੱਕਾ ਕਰਕੇ ਨਹਿਰ ਤਾਂ ਨਹੀਂ ਬਣਾ ਸਕਦੇ, ਇਸ ਲਈ ਦਰਿਆ ਨੂੰ ਦਰਿਆ ਹੀ ਰਹਿਣ ਦਿੱਤਾ ਜਾਵੇ ਅਤੇ ਇਸ ਦੇ ਹਿੱਸੇ ਦਾ ਪਾਣੀ ਵੱਗਦਾ ਰੱਖਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਇਹ ਗੱਲ ਦੁਹਰਾਈ ਕਿ ਮੰਡ ਵਿੱਚ ਕਿਸਾਨ ਦਰਿਆ ਦੀ ਜ਼ਮੀਨ ਤੇ ਨਹੀਂ ਬੈਠੇ ਸਗੋਂ ਦਰਿਆ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਆ ਗਿਆ ਹੈ।ਅਰਵਿੰਦ ਕੇਜਰੀਵਾਲ ਨੇ ਜਦੋਂ ਸੰਤ ਸੀਚੇਵਾਲ ਦੇ ਮੋਢੇ ਤੇ ਹੱਥ ਰੱਖਦਿਆ ਕਿਹਾ ਕਿ ਬਾਬਾ ਜੀ ਇਲਾਕੇ ਵਿੱਚ ਬਹੁਤ ਮਦਦ ਕਰ ਰਹੇ ਹਨ ਤਾਂ ਕਿਸਾਨ ਆਗੂ ਕੁਲਦੀਪ ਸਿੰਘ ਸਾਂਗਰਾ ਨੇ ਕਿਹਾ ਕਿ ਇਲਾਕੇ ਦੇ ਲੋਕ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਬਤੌਰ ਐਮ ਪੀ ਵੱਜੋਂ ਨਹੀਂ ਸਗੋਂ ਇਹ ਇਲਾਕੇ ਦੇ ਮਾਈ-ਬਾਪ ਦੇ ਰੂਪ ਵਿੱਚ ਦੇਖਦੇ ਹਨ। ਉਨ੍ਹਾਂ ਕੇਜਰੀਵਾਲ ਨੂੰ ਦੱਸਿਆ ਕਿ ਮੰਡ ਇਲਾਕੇ ਵਿੱਚ 10 ਅਗਸਤ ਦੀ ਰਾਤ ਨੂੰ ਐਡਵਾਂਸ ਬੰਨ੍ਹ ਟੁੱਟ ਗਿਆ ਸੀ ਤੇ ਸੰਤ ਸੀਚੇਵਾਲ 11 ਅਗਸਤ ਨੂੰ ਮੋਟਰ ਬੋਟ ਅਤੇ ਵੱਡੀ ਐਕਸਾਵੇਟਰ ਮਸ਼ੀਨ ਲੈਕੇ ਪਹੁੰਚ ਗਏ ਸਨ। ਉਸ ਦਿਨ ਤੋਂ ਲੈ ਕੇ ਉਹ ਸਾਡੇ ਨਾਲ ਹੀ ਹਨ। ਉਨ੍ਹਾਂ ਕੇਜਰੀਵਾਲ ਨੂੰ ਇਹ ਵੀ ਕਿਹਾ ਕਿ ਖਰਾਬੇ ਦਾ ਮੁਆਵਜ਼ਾ ਪੰਜ ਏਕੜ ਤੱਕ ਸੀਮਤ ਨਾ ਕੀਤਾ ਜਾਵੇ ਜਿਸ ਵੀ ਕਿਸਾਨ ਦੇ ਜਿੰਨ੍ਹੇ ਖੇਤ ਤਬਾਹ ਹੋਏ ਹਨ ਸਭ ਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁਆਵਜ਼ਾ ਕਾਸ਼ਤਕਾਰ ਨੂੰ ਮਿਲੇ।ਗੱਲਬਾਤ ਦੌਰਾਨ ਸੰਤ ਸੀਚੇਵਾਲ ਨੇ ਦੱਸਿਆ ਕਿ ਉਹ ਹੜ੍ਹ ਪੀੜਤਾਂ ਦੀ ਮੱਦਦ ਮਨੁੱਖਤਾ ਦੇ ਨਾਤੇ ਕਰ ਰਹੇ ਹਨ।ਇਸ ਕਾਰਜ ਵਿੱਚ ਕਿਸੇ ਵੀ ਰਾਜਸੀ ਧਿਰ ਨੂੰ ਰਾਜਨੀਤਿਕ ਲਾਭ ਦੇਖਕੇ ਨਹੀਂ ਸਗੋਂ ਬਾਬੇ ਨਾਨਕ ਦੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਧਿਆਨ ਵਿੱਚ ਰੱਖਕੇ ਸੇਵਾ ਕਰਨੀ ਚਾਹੀਦੀ ਹੈ।

## ਦੱਖਣ ਹਰਿਆਣਾ ਲਈ ਮੁਆਵਜ਼ਾ ਪੋਰਟਲ ਖੋਲ੍ਹਣ 'ਤੇ ਸਿਹਤ ਮੰਤਰੀ ਨੇ ਮੁੱਖ ਮੰਤਰੀ ਦਾ ਕੀਤਾ ਧੰਨਵਾਦ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੱਖਣੀ ਹਰਿਆਣਾ ਦੇ ਕਿਸਾਨਾਂ ਲਈ ਮੁਆਵਜ਼ਾ ਪੋਰਟਲ ਖੋਲਣ ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕੱਲ ਹੀ ਮੁੱਖ ਮੰਤਰੀ ਨੂੰ ਇਸ ਸਬੰਧ ਵਿੱਚ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਇਸ ਵਾਰ ਸਭ ਵਿੱਚ ਬਹੁਤਾ ਬਰਸਾਤ ਹੋਈ ਹੈ ਜਿਸ ਦੇ ਕਾਰਨ ਦੱਖਣੀ ਹਰਿਆਣਾ ਦੇ ਕਈ ਜ਼ਿਲ੍ਹਿਆਂ ਵਿੱਚ ਚਾਲੂ ਮੌਸਮ ਵਿੱਚ ਕਿਸਾਨਾਂ ਦੀ ਕਪਾਹ ਅਤੇ ਬਾਜਰਾ ਜਿਹੀ ਮੁੱਖ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਚੁੱਕੀਆਂ ਹਨ। ਫਸਲਾਂ ਨੂੰ ਹੋਏ ਨੁਕਸਾਨ ਦੀ ਗਿਰਦਾਵਰੀ ਅਪਲੋਡ ਕਰਨ ਲਈ ਮੁਆਵਜ਼ਾ ਪੋਰਟਲ ਖੋਲਣਾ ਜ਼ਰੂਰੀ ਹੈ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਉਚਿਤ ਮੁਆਵਜ਼ਾ ਦਿੱਤਾ ਜਾ ਸਕੇ। ਆਰਤੀ ਸਿੰਘ ਰਾਓ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਉਨ੍ਹਾਂ ਦੀ ਅਪੀਲ ਨੂੰ ਤੁਰੰਤ ਮੰਨਦੇ ਹੋਏ ਹੋਰ ਜ਼ਿਲ੍ਹਿਆਂ ਦੀ ਭਾਂਤੀ ਮਹਿੰਦਰਗੜ੍ਹ, ਭਿਵਾਨੀ ਅਤੇ ਸਿਰਸਾ ਵਿੱਚ ਵੀ ਕਿਸਾਨਾਂ ਲਈ ਮੁਆਵਜ਼ਾ ਪੋਰਟਲ ਖੋਲਣ ਦੇ ਨਿਰਦੇਸ਼ ਦਿੱਤੇ ਅਤੇ ਇਹ ਪੋਰਟਲ ਖੋਲ੍ਹ ਦਿੱਤਾ ਗਿਆ ਹੈ।

## ਸੂਰਤ ਤੇ ਸੀਰਤ ਪੱਖੋਂ ਖੂਬਸੂਰਤ ਮਨੁੱਖ ਸਨ ਗੁਰਦੀਪ ਸਿੰਘ ਆਹਲੂਵਾਲੀਆ



ਇੱਕ ਸਦੀ ਤੋਂ ਕੁਝ ਵਰ੍ਹੇ ਘੱਟ ਜੀਵਨ ਸਫ਼ਰ ਦਾ ਲੰਮਾ ਪੰਧ ਮੁਕਾ ਕੇ ਬੜੀਆਂ ਅਭੁੱਲ ਯਾਦਾਂ ਛੱਡ ਕੇ ਸ. ਗੁਰਦੀਪ ਸਿੰਘ ਆਹਲੂਵਾਲੀਆ ਪਿਛਲੇ ਦਿਨੀਂ ਉਥੇ ਚਲੇ ਗਏ ਜਿੱਥੋਂ ਕੋਈ ਵਾਪਸ ਨਹੀਂ ਮੁੜਦਾ। ਸਿਆਲਕੋਟ (ਪਾਕਿਸਤਾਨ) ਤੋਂ ਸ਼ੁਰੂ ਕੀਤਾ ਜੀਵਨ ਸਫ਼ਰ ਸ਼ਾਹਕੋਟ (ਜਲੰਧਰ) ਤੱਕ ਪਹੁੰਚਦਿਆਂ ਇੱਕ ਖੂਬਸੂਰਤ, ਦਿਲਚਸਪ ਤੇ ਵਚਿੱਤਰ ਕਹਾਣੀ ਬਣ ਗਿਆ। ਇਹ ਕਹਾਣੀ ਚਿਰਾਂ ਤੱਕ ਚੇਤਿਆਂ 'ਚ ਵਸਦੀ ਰਹੇਗੀ। ਇੱਕ ਅਧਿਆਪਕ ਤੋਂ ਉਹ ਅਧਿਆਪਕ ਆਗੂ ਬਣੇ, ਆਗੂ ਵਜੋਂ ਉਨ੍ਹਾ ਦਾ ਵਿਚਰਨ-ਵਰਤਾਰਾ ਵਿਸ਼ਾਲਤਾ ਧਾਰਨ ਕਰਦਾ ਗਿਆ। ਸਿੱਖੀ ਦਾ ਸੁੱਚਾ-ਸੁੱਚਾ ਜਜ਼ਬਾ ਉਨ੍ਹਾ ਦੀ ਤਰਬੀਅਤ ਦਾ ਹਮੇਸ਼ਾ ਹਿੱਸਾ ਰਿਹਾ, ਪਰ ਕੱਟੜਤਾ ਨੂੰ ਉਨ੍ਹਾ ਸਦਾ ਤਿਲਾਂਜਲੀ ਦਿੱਤੀ ਰੱਖੀ। ਇਹੋ ਹੀ ਕਾਰਨ ਹੈ ਕਿ ਉਨ੍ਹਾ ਦੇ ਦੋਸਤਾਂ ਦੀ ਦੁਨੀਆ ਬੜੀ ਮੋਕਲੀ ਸੀ। ਕਹਿੰਦੇ ਹਨ ਕਿ ਇੱਕ ਮਾਲੀ ਦੀ ਸਿਆਣਪ ਤੇ ਬਾਗ ਪ੍ਰਤੀ ਸਮਰਪਣ ਬਾਰੇ ਤਾਂ ਹਰਿਆਵਲ ਤੇ ਖੂਬਸੂਰਤੀ ਤੋਂ ਪਛਾਣੀ ਜਾਂਦੀ ਹੈ। ਜਦੋਂ ਉਨ੍ਹਾਂ ਦੇ ਪੁੱਤਰਾਂ ਦਵਿੰਦਰ ਸਿੰਘ ਆਹਲੂਵਾਲੀਆ, ਜਸਵੀਰ ਸਿੰਘ ਆਹਲੂਵਾਲੀਆ ਤੇ ਪੋਤਰਿਆਂ ਹਰਪ੍ਰੀਤ ਸਿੰਘ ਆਹਲੂਵਾਲੀਆ ਅਤੇ ਅਮਨਦੀਪ ਸਿੰਘ ਆਹਲੂਵਾਲੀਆ ਦੇ ਵਿਅਕਤੀਤਵ ਵੱਲ ਵੇਖੀਏ ਤਾਂ ਉਕਤ ਧਾਰਨਾ ਨੂੰ ਕੋਈ ਵੀ ਆਂਚ ਆਉਂਦੀ ਨਜ਼ਰ ਨਹੀਂ ਆਉਂਦੀ। ਅਖ਼ਬਾਰ 'ਚ ਸਪੇਸ ਦੀ ਸਮੱਸਿਆ ਜਾਂ ਕੰਟਰੋਲ ਇੱਥੇ ਬਹੁਤ ਕੁਝ ਲਿਖਣਾ ਸੰਭਵ ਨਹੀਂ। ਸ. ਗੁਰਦੀਪ ਸਿੰਘ ਆਹਲੂਵਾਲੀਆ ਬਾਰੇ ਇਕ ਸਤਰ ਵਿੱਚ ਕੁਝ ਕਹਿਣਾ ਹੋਵੇ ਤਾਂ ਉਹ ਸੂਰਤ ਤੇ ਸੀਰਤ ਪੱਖੋਂ ਖੂਬਸੂਰਤ ਮਨੁੱਖ ਸਨ। ਉਹ ਬੀਤੀ 27 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਅੱਜ 5 ਸਤੰਬਰ (ਸ਼ੁੱਕਰਵਾਰ) ਨੂੰ 11.30 ਤੋਂ 1 ਵਜੇ ਤੱਕ ਗੁਰਦਵਾਰਾ ਸਿੰਘ ਸਭਾ ਸ਼ਾਹਕੋਟ ਵਿੱਚ ਉਨ੍ਹਾ ਨਮਿਤ ਅੰਤਮ ਅਰਦਾਸ ਹੋਵੇਗੀ।

—ਗਿਆਨ ਸੈਦਪੁਰੀ

### COURT NOTICE

(U/o 5 Rule 20 CPC)
In the Court of Gurkirat Singh
Civil Judge (Junior Division), Amritsar
Cs Recovery
Cnr No. Pbas02-000709-2024
Next Date:- 16-09-2025

Bank Of Maharashtra Having its Branch at Madan Mohan Malviya Road, Amritsar Through its Chief Manager/Attorney Shri Vinod Sale Chief Manager Being Principal Officer/Incharge/Attorney
Vs.
M/S Shivansh Offset Printers Its Partners Sh. Kunal Bhopal S/o Sh. Jugal Kishore and Smt. Sonia W/o Kunal Bhopal, R-8, Anand Market, Katra Sher Singh Amritsar(firm) Etc...

Publication Issued To:
(1) M/S Shivansh Offset Printers its Partners Sh. Kunal Bhopal S/o Sh. Jugal Kishore and Smt. Sonia W/o Kunal Bhopal, R-8, Anand Market, Katra Sher Singh, Amritsar (Firm)
(2) Sh. Kunal Bhopal S/o Jugal Kishore Being Partner of M/S. Shivansh Offset Printers, R/o R-8, Anand Market, Katra Sher Singh Amritsar (Partner)
(3) Smt. Sonia W/o Kunal Bhopal Being Partner of M/S Shivansh Offset Printers, R-8, Anand Market, Katra Sher Singh, Amritsar (Firm)

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 16-09-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 03-09-2025

# ਨੌਜਵਾਨ ਦੀ ਪਾਣੀ 'ਚ ਡੁੱਬਣ ਕਾਰਨ ਮੌਤ

**ਚਮਕੌਰ ਸਾਹਿਬ, (ਅਮਰਜੀਤ ਸਿੰਘ ਕਲਸੀ)**-ਦਰਿਆ ਸਤਲੁਜ ਵਿੱਚ ਦਰਿਆਈ ਪਾਣੀ ਕਾਰਨ ਬੰਨ ਨੂੰ ਟੁੱਟਣ ਤੋਂ ਬਚਾਉਣ ਲਈ ਪਿਛਲੇ ਕਈ ਦਿਨਾਂ ਤੋਂ ਦਿਨ ਰਾਤ ਬਚਾਅ ਕਾਰਜਾਂ ਵਿੱਚ ਜੁਟੇ ਇੱਕ ਨੌਜਵਾਨ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਜਾਣ ਦੀ ਦੁਖਦਾਈ ਖਬਰ ਹੈ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅਮਰਿੰਦਰ ਸਿੰਘ (35) ਪੁੱਤਰ ਨਿਰਮਲ ਸਿੰਘ ਪਿੰਡ ਰਸੀਦਪੁਰ ਸਤਲੁਜ ਦਰਿਆ ਵਿੱਚ ਚੱਲ ਰਹੇ ਵਾਧੂ ਪਾਣੀ ਦੇ ਤੇਜ ਵਹਾਅ ਕਾਰਨ ਦਰਿਆ ਦੇ ਕਿਨਾਰੇ ਬਣੇ ਬੰਨ੍ਹ ਨੂੰ ਖੋਰਾ ਲੱਗਣ ਕਾਰਨ ਟੁੱਟਣ ਤੋਂ ਬਚਾਉਣ ਲਈ ਤੇ ਇਸ ਪਾਣੀ ਦਾ ਵਹਾਅ ਦੂਜੇ ਪਾਸੇ ਮੋੜਨ ਲਈ ਕਈ ਦਿਨਾਂ ਤੋਂ ਦਰਿਆ ਤੇ ਬਾਕੀ ਨੌਜਵਾਨਾਂ ਨਾਲ ਸੇਵਾ ਵਿੱਚ ਜੁਟਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਜਦੋ ਉਹ ਬੀਤੀ ਰਾਤ ਦਰਿਆਈ ਪਾਣੀ ਨੂੰ ਆਪਣੇ ਪਿੰਡਾਂ ਵੱਲ ਵੱਧਣ ਤੋਂ ਰੋਕਣ ਲਈ ਇਸ ਦਰਿਆ ਦੇ ਕਿਨਾਰੇ ਮਜਬੂਤ ਕਰਨ ਲਈ ਮਿੱਟੀ ਦੇ ਥੈਲੇ ਆਦਿ ਲਗਾ ਕੇ ਪੈਦਲ ਹੀ ਆਪਣੇ ਘਰ ਵਾਪਸ ਜਾ ਰਿਹਾ ਸੀ ਤਾਂ ਉਹ ਜਿਉਂ ਹੀ ਪਿੰਡ ਰਸੀਦਪੁਰ ਦੇ ਬਰਾਬਰ ਬਣੇ ਨਹਿਰੀ ਸੂਏ ਕੋਲ ਪਹੁੰਚਿਆਂ ਤਾਂ ਸੂਏ ਦੇ ਪੁੱਲ ਤੇ ਮਿੱਟੀ ਦੀ ਗਾਰ ਜਿਆਦਾ ਹੋਣ ਕਾਰਨ ਉਸ ਦਾ ਪੈਰ ਫਿਸਲਣ ਕਾਰਨ ਉਹ ਸੂਏ ਵਿੱਚ ਡਿੱਗ ਗਿਆ, ਜਿਸ ਦੀ ਸੂਏ ਵਿੱਚ ਪਾਣੀ ਜਿਆਦਾ ਹੋਣ ਕਾਰਨ ਡੁੱਬ ਕੇ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਅਮਰਿੰਦਰ ਸਿੰਘ ਦੀ ਮ੍ਰਿਤਕ ਲਾਸ਼ ਨੂੰ ਕਬਜੇ ਵਿੱਚ ਲੈ ਕੇ ਅਗਲੀ ਕਾਰਵਾਈ ਕਰਦਿਆਂ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਰੂਪਨਗਰ ਵਿਖੇ ਭੇਜ ਦਿੱਤਾ ਅਤੇ ਪੋਸਟਮਾਰਟਮ ਹੋਣ ਉਪਰੰਤ ਲਾਸ਼ ਨੂੰ ਸਸਕਾਰ ਲਈ ਵਾਰਸਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ। ਮ੍ਰਿਤਕ ਆਪਣੇ ਪਿੱਛੇ ਮਾਤਾ ਪਿਤਾ ਤੇ ਵਿਧਵਾ ਪਤਨੀ ਸਮੇਤ 7 ਸਾਲ ਦੀ ਬੇਟੀ ਅਤੇ 5 ਸਾਲ ਦੇ ਬੇਟੇ ਨੂੰ ਛੱਡ ਗਿਆ ਹੈ।

## ਅਫਗਾਨਿਸਤਾਨ ਨੂੰ ਸਹਾਇਤਾ, ਹੜ੍ਹ ਪ੍ਰਭਾਵਤ ਪੰਜਾਬ ਦੀ ਮਦਦ 'ਚ ਦੇਰੀ ਕਿਉਂ : ਚੀਮਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਅਫਗਾਨਿਸਤਾਨ ਨੂੰ ਜਿਸ ਤਰ੍ਹਾਂ ਮਨੁੱਖੀ ਭਾਵਨਾ ਤਹਿਤ ਸਹਾਇਤਾ ਭੇਜ ਰਹੀ ਹੈ, ਉਸੇ ਤਰ੍ਹਾਂ ਪੰਜਾਬ ਪ੍ਰਤੀ ਵੀ ਸੰਵੇਦਨਸ਼ੀਲਤਾ ਦਿਖਾਵੇ। ਉਨ੍ਹਾਂ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਅਫਗਾਨਿਸਤਾਨ ਨੂੰ ਤਾਂ ਤੁਰੰਤ ਰਾਹਤ ਸਮੱਗਰੀ ਭੇਜੀ ਗਈ ਪਰ ਹੜ੍ਹਾਂ ਨਾਲ ਪ੍ਰਭਾਵਿਤ ਪੰਜਾਬ ਨੂੰ ਵਿੱਤੀ ਅਤੇ ਮਾਨਵਤਾਵਾਦੀ ਸਹਾਇਤਾ ਦੇਣ ਵਿੱਚ ਦੇਰੀ ਕਿਉਂ ਹੋ ਰਹੀ ਹੈ। ਵਿੱਤ ਮੰਤਰੀ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ, ਜਿਸ ਨੇ ਲਗਾਤਾਰ ਦੇਸ਼ ਦੀ ਅਨਾਜ ਸੁਰੱਖਿਆ ਅਤੇ ਆਰਥਿਕ ਤਾਕਤ ਵਿੱਚ ਯੋਗਦਾਨ ਪਾਇਆ ਹੈ, ਨੂੰ ਮੁਸ਼ਕਲ ਦੀ ਘੜੀ ਵਿੱਚ ਤੁਰੰਤ ਅਤੇ ਢੁਕਵੀਂ ਸਹਾਇਤਾ ਮਿਲਣੀ ਚਾਹੀਦੀ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਜੇਕਰ ਮਨੁੱਖੀ ਸਹਾਇਤਾ ਸਰਹੱਦਾਂ ਤੋਂ ਪਾਰ ਭੇਜੀ ਜਾ ਸਕਦੀ ਹੈ, ਤਾਂ ਫਿਰ ਆਪਣੇ ਹੀ ਲੋਕਾਂ ਦੀ ਅਜਿਹੀ ਮਦਦ ਕਰਨ ਵਿੱਚ ਝਿਜਕ ਕਿਉਂ? ਵਿੱਤ ਮੰਤਰੀ ਚੀਮਾ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਹੜ੍ਹ ਪ੍ਰਭਾਵਿਤ ਨਾਗਰਿਕਾਂ ਦੀ ਭਲਾਈ ਨੂੰ ਪਹਿਲ ਦੇਵੇ ਅਤੇ ਰਾਹਤ ਪੈਕੇਜ, ਬੁਨਿਆਦੀ ਢਾਂਚੇ ਦੀ ਸਹਾਇਤਾ ਅਤੇ ਮੁੜ ਵਸੇਬੇ ਦੇ ਕੰਮਾਂ ਨੂੰ ਤੇਜ਼ ਕਰੇ। ਉਨ੍ਹਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ ਖੁੱਲ੍ਹੇ ਦਿਲ ਨਾਲ ਦਾਨ ਕਰਨ ਦੀ ਅਪੀਲ ਵੀ ਕੀਤੀ। ਇਸੇ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖਪਤਕਾਰਾਂ ਦੇ ਹੱਕ ਵਿੱਚ ਜੀ.ਐੱਸ.ਟੀ. ਦਰਾਂ ਦੀ ਕਟੌਤੀ ਦਾ ਸੁਆਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸ਼ੁਰੂ ਤੋਂ ਹੀ ਇਸ ਦੀ ਮੰਗ ਕਰ ਰਹੀ ਸੀ। ਉਨ੍ਹਾਂ ਕਿਹਾ ਕਿ ਨਵੇਂ 2-ਸਲੈਬ ਜੀਐਸਟੀ ਦਰ ਢਾਂਚੇ ਦੇ ਲਾਭ ਆਮ ਲੋਕਾਂ ਤੱਕ ਪਹੁੰਚਾਏ ਜਾਣੇ ਚਾਹੀਦੇ ਹਨ ਤਾਂ ਜੋ ਮਹਿੰਗਾਈ ਨਾਲ ਜੂਝ ਰਹੇ ਲੋਕਾਂ ਨੂੰ ਰਾਹਤ ਮਿਲ ਸਕੇ।

### ਨਿਲਾਮੀ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਬੈਰਮਪੁਰ ਬਲਾਕ ਭੁੰਗਾ ਜਿਲ੍ਹਾ ਹੁਸ਼ਿਆਰਪੁਰ ਦੀ ਖੜੇ ਰੁੱਖਾਂ ਦੀ ਬੋਲੀ ਹੋਣੀ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਜਿਨਾਂ ਵਿੱਚ 92 ਬੂਟੇ ਰਕਬਾ ਨੂੰ. 1908 /1 ਵਿੱਚ ਲੱਗੇ ਹਨ ਜਿੰਨਾ ਵਿੱਚ 40 ਬੂਟੇ ਸਫੈਦੇ ਦੇ,7 ਢੇਕਾ, 6ਤੂਤ, 6 ਜਾਮੁਣ ਦੇ ਬੂਟੇ, 4 ਬੂਟੇ ਟਾਹਲੀ ਦੇ, ਕਿੱਕਰ ਦਾ ਬੂਟਾ 1, ਜਪਾਨੀ ਤੂਤ 25 ਬੂਟੇ, ਸ੍ਰੀਹ ਦੇ ਬੂਟੇ 2, 1 ਬੂਟਾ ਸਿੰਬਲ ਵੱਡਾ।

2 ਰਕਬਾ ਨੰਬਰ 2 ਵਿੱਚ ਨੰ* 1888, 1889, 1890, 1891, 1892, ਵਿੱਚ 86 ਬੂਟੇ ਹਨ, ਜਿਨਾਂ ਵਿਚ 44 ਬੂਟੇ ਸਫੈਦੇ ਦੇ, 3 ਬੂਟੇ ਤੂਤ, 37 ਬੂਟੇ ਢੇਕ, 2 ਬੂਟੇ ਤੋਂਣ ਦੇ ਹਨ। ਜਿਨਾਂ ਦੀ ਨਿਲਾਮੀ 22/9/25 ਨੂੰ ਪਿੰਡ ਦੇ ਧਰਮਸ਼ਾਲਾ ਗੁਰਦਵਾਰਾ ਵਿਖੇ 11 ਵਜੇ ਸਵੇਰੇ ਕਰਵਾਈ ਜਾਵੇਗੀ।

ਸਰਪੰਚ ਗ੍ਰਾਮ ਪੰਚਾਇਤ ਪਿੰਡ ਬੈਰਮਪੁਰ ਬੋਲੀਕਾਰ ਨੂੰ ਮੌਕੇ ਤੇ 1/4 ਹਿੱਸਾ ਗ੍ਰਾਮ ਪੰਚਾਇਤ ਪਾਸ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਬੋਲੀ ਦੀਆਂ ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਚਾਹਵਾਨ ਮੌਕੇ 'ਤੇ ਪਹੁੰਚਣ ਦੀ ਕਿਰਪਾਲਤਾ ਕਰਨ।

ਸਰਪੰਚ ਗ੍ਰਾਮ ਪੰਚਾਇਤ ਬੈਰਮਪੁਰ ਬਲਾਕ ਭੁੰਗਾ (ਹੁਸ਼ਿਆਰਪੁਰ) 094658 36651
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਜਲੰਧਰ-1

ਕੇਸ ਅਨੁਵਾਨ : ਫਰਦ ਜਮ੍ਹਾਂਬੰਦੀ ਵਿੱਚ ਨਾਂਅ ਦੀ ਦਰੁੱਸਤੀ ਕਰਨ ਸੰਬੰਧੀ ਬਿਨੈ ਪੱਤਰ ਵੱਲੋਂ ਹਰਬਿੰਦਰ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਜਮਸ਼ੇਰ ਖਾਸ ਤਹਿਸੀਲ ਵਾ ਜ਼ਿਲ੍ਹਾ ਜਲੰਧਰ।

ਨੋਟਿਸ ਬਨਾਮ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਨਾਂਅ ਦੀ ਦਰੁੱਸਤੀ ਕਰਵਾਉਣ ਸਬੰਧੀ ਸ੍ਰੀ ਹਰਬਿੰਦਰ ਸਿੰਘ ਪੁੱਤਰ ਸ. ਸਾਧੂ ਸਿੰਘ (ਅਧਾਰ ਕਾਰਡ ਨੰ.304285360827) ਨੇ ਨਿਮਨਹਸਤਾਖਰ ਦੀ ਅਦਾਲਤ ਵਿੱਚ ਬੇਨਤੀ ਪੱਤਰ ਬਾਬਤ ਫਰਦ ਜਮ੍ਹਾਂਬੰਦੀ ਵਿੱਚ ਨਾਂਅ ਦੀ ਦਰੁੱਸਤੀ ਕਰਨ ਸੰਬੰਧੀ (ਹਰਬਿੰਦਰ ਸਿੰਘ ਉਰਫ ਹਰਜਿੰਦਰ ਸਿੰਘ) ਜੋ ਕਿ ਵਾਕਿਆ ਰਕਬਾ ਮਾਲਕੀ ਪਿੰਡ ਜਮਸ਼ੇਰ ਖਾਸ, ਤਹਿਸੀਲ ਜਲੰਧਰ-1 ਵਿੱਚ ਪੈਂਦੀ ਹੈ ਦਰੁੱਸਤੀ ਕਰਵਾਉਣ ਸੰਬੰਧੀ ਦਾਇਰ ਕੀਤਾ ਹੈ। ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਜੇਕਰ ਇਸ ਨਾਂਅ ਦੀ ਦਰੁਸਤੀ ਹੋਣ 'ਤੇ ਕਿਸੇ ਧਿਰ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਪੇਸ਼ ਕਰ ਸਕਦਾ ਹੈ।ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ ਅਤੇ ਕੇਸ ਦੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

ਅੱਜ ਮਿਤੀ 04-09-2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ ਹੈ।

ਸਹੀ /-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਜਲੰਧਰ-1
ਨੰਬਰ 752/ਰੀਡਰ ਮਿਤੀ 04-09-2025

### COURT NOTICE

In the Court of
Ms. Khyati Goyal
Judicial Magistrate - Ist Class-2, Amloh (P)
CNR No. :- PBFGA1-001434-2021
Next Date:-26-09-2025
Detail of offence:- 138 Ni Act
Padam Jaswal
Vs. Anju Garg

Notice To:
3. Anju Garg
Spouse :- Ashwani Garg
Proprietor / Authorized Signatory of M/s Garg Knitters, 7466-15-A, Street No. 2, Naveen Nagar, Jassian Road, Haibowal Road, Ludhiana

In above titled case, the accused could not be served. It is ordered that accused should appear in person or through counsel on 26-09-2025 at 10.00 a.m.

For details logon to https://highcourtchd.gov.in/?mod=district_notice&district=moga-court.

Judicial Magistrate - Ist Class-2 Amloh (P)
Dated, this day of 02-09-2025

# ਕਲਾਸੀਫਾਈਡ ਇਸ਼ਤਿਹਾਰ

### Change of Name

I, Rakesh Sharma S/o Ravi Dutt Sharma R/o 797, Sarmishta Bhawan, Adjoining JC Resort, NH-1, Jalandhar-144009 have changed my name to Rakesh Kumar Sharma. Please Note.

I, Mohinder Ram S/o Amar Chand R/o Village Sataur Distt. Hoshiarpur 146001 Punjab have changed my name from Mohinder Ram to Mohinder Lal. Concerned note.

I Sukhchain Kaur W/O Sakattar Singh Sandhu R/O Kotla Sadar, Tehsil Ajnala District Amritsar 143606 Punjab Have Changed My Name From Sukhchain Kaur To Sukhchain Kaur Sandhu. All Concerned Please Note.

I, Nidhi Kaushal Sharma W/O Rajesh Shankar Sharma R/O 15-A, Krishna Square-1,Shivala Road, Amritsar, Punjab Have Changed My Name From Nidhi Kaushal Sharma To Nidhi Kaushal.Concerned Note.

I, Rajesh Sharma S/O Bawa Ditta Sharma R/O 15-A, Near Shivala Bhaiya, Krishna Square-1, Amritsar, Punjab Have Changed My Name From Rajesh Sharma To Rajesh Shankar Sharma. Concerned Note.

I Ankush S/o Tilak Raj, R/o VPO. Dhogri, Jalandhar have changed my name from Ankush to Ankush Motan.

I, Jaswinder Singh Tuli S/o Inderjit Singh R/o H. No. 864 Urban Estate, Phase 1, District Jalandhar-144022 Punjab have changed my minor daughter's name from Seerat to Seerat Kaur Tuli.

I, Bachittar Singh S/o Dhian Singh R/o Daoke, PO Bhaini Rajputan, Distt. Amritsar, Punjab-143108 have changed my name from Bachittar Singh to Bachitter Singh.

I, Hardev Singh Bal S/o Sangara Singh R/o Village Shakhpur Khurd, PO. Jaintipura, Tehsil Batala, Distt. Gurdaspur, Punjab have changed my name from Hardev Singh Bal to Hardev Singh. Concerned Note.

I, Manjinder Singh S/o Sukhdev Singh R/o Village Jangla, PO. Nasarke, Tehsil Batala, Distt. Gurdaspur, Punjab I have changed my name Manjinder Singh to Singh Manjinder. That "Singh" is my Surname & "Manjinder" is Given Name. Concerned Note.

I, Gurjant Singh S/o Dalbir Singh R/o VPO Bhattike, Tehsil Baba Bakala, Distt. Amritsar, Punjab have changed my name from Gurjant Singh to Singh is my surname and Gurjant is my given name.

I, Parmjit Kaur W/o Tarlok Singh R/o 1452, Gali No.9, Rama Nand Bagh Amritsar have changed my nama from Parmjit Kaur to Parmjeet Kour

I, Kuldeep Singh S/o Dilbag Singh R/o Village Veroke, PO Preet Nagar, Tehsil Ajnala District Amritsar have declare that Kuldeep is my Given name and Singh is my Surname

I, Baljeet Kaur W/o Chamkaur Singh R/o VPO Wadala Johal, Amritsar have changed my name from Baljeet Kaur to Baljit Kaur

I, Manjinder Kaur Chatha W/o Charanjit Singh R/o H.No.1221/7, Gali Ichha Ram, Dhab Basti Ram Amritsar have changed my name from Manjinder Kaur Chatha to Manjinder Kaur

I, Gurmeet Kaur W/o Sharanjit Singh Vill Saidpur Tehsil Patti Distt Tarn Taran Punjab 143416 have changed my name from Gurmeet Kaur to Gurmit Kaur

I Meenal Khurana D/o Sh. Tarlochan Singh W/o Sh. Gurpreet Singh Sodhi R/o 90, Lane 4-A, Gold Block, Imperial City, Loharka Road, Gumtala Sub Urban, PO Gumtala, Distt. Amritsar 143008. I have changed my name after marriage from Meenal Khurana to Meenal Sodhi all concerned please note.

I Sandeep Kaur W/o Sukhjinder Singh Johal R/o Vill. Hardo Sheikh P.O. Bhandal Himmat, Distt, Jalandhar- 144039 , Punjab, Have changed my name after marrige from Sandeep Kaur to Sandeep Kaur Johal . All please note.

I, Malti Devi W/o Upinder Sahani R/o VPO. Kalhwan, Distt. Jalandhar, Punjab-144801 have changed my name from Malti Devi to Malati Devi. All concerned please note.

I, Upinder Sahni S/o Sukhadev Sahani R/o VPO. Kalhwan, Distt. Jalandhar, Punjab-144805 have changd my name from Upinder Sahni to Upendra Sahani. All concerned please note.

### Change of Name

I, Balbir S/o Puran Singh R/o Po. Pattar Kalan Bakhu Nangal, Distt. Jalandhar, Punjab- 144806 have changed my name from Balbir to Balbir Singh, concerned please note.

I, Ritu Rai w/o Gulwant Rai r/o H.No. 8, Street No. 3, Bank Colony, Basti Bawa Khel, Jalandhar, Punjab have changed my name from Ritu Rai to Reetu Rai. All Please Note.

I, Harinderpal Singh Sandhu s/o Jagtar Singh r/o VPO. Ghorewaha, distt.Hoshiarpur have changed my name to Harinder Pal Singh Sandhu. All Please Note.

I, Paras Ram s/o Badlu Ram r/o H.No.97, New Dashmesh Nagar, Jalandhar have changed my name from Paras Ram to Paras Ram Saini. All Please Note.

I, Sohan Lal S/o Suba Singh R/o Phulpur Colony, Phulpur, Phoolpur Dhanal, Jalandhar have changed my name from Sohan Lal to Sohan Singh. All Please Note.

I, Reena W/o Parveen Masih R/o Village Dhina, PO. Jalandhar Cantt., Distt. Jalandhar have changed my name from Reena to Reena Masih. All Please Note.

I, Raj Kumari W/o Narinder Kumar R/o Jalakarhi Gali, Dinanagar, Distt. Gurdaspur, Punjab, India. Have changed my name from Raj Kumari to Raj Rani.

### ਬੇਦਖਲੀ ਨੋਟਿਸ

ਮੈਂ, ਅਰੁਣਾ ਮਹਾਜਨ ਪਤਨੀ ਲੇਟ ਸੁਰਿੰਦਰ ਮਹਾਜਨ ਵਾਸੀ ਮਕਾਨ ਨੰਬਰ 29, ਰੈਜ਼ੀਡੈਂਸੀ ਵਿਹਾਰ, ਪਿੰਡ ਕਿੰਗਰਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੌਰਭ ਮਹਾਜਨ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਧਰਮ ਸਿੰਘ ਪੁੱਤਰ ਗੱਜਣ ਸਿੰਘ ਵਾਸੀ ਪਿੰਡ ਉਦੋਕੇ ਕਲਾਂ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ ਅਤੇ ਉਸ ਦੀ ਪਤਨੀ ਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ Bashir Ahmad Ganie ਅਤੇ Zeenat Bano, ਵਾਸੀ 264, ਗਲੀ ਬਦਰਾਓ, ਲੋਹਗੜ੍ਹ ਗੇਟ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ Julfkar Hussain ਅਤੇ ਉਸ ਦੀ ਪਤਨੀ Rubina Qazi ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਪਰਮਜੀਤ ਮਲਿਕ ਪਤਨੀ ਨਿੰਮਾ ਮਸੀਹ ਵਾਸੀ ਪਿੰਡ ਕਲਿਆਣਪੁਰ (ਗੁਰਦਾਸਪੁਰ) ਦਾ ਆਪਣੇ ਲੜਕੇ ਯੂਸਫ ਮਲਿਕ ਨਾਲ ਮਾਰਚ 2025 ਤੋਂ ਕੋਈ ਸਬੰਧ ਨਹੀਂ ਹੈ। ਉਸਨੂੰ ਮੈਂ ਆਪਣੇ ਕਹਿਣੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਯੂਸਫ ਮਲਿਕ ਵੱਲੋਂ ਕੀਤੇ ਕੰਮਾਂ ਜਾਂ ਇਸਦੇ ਲੈਣ-ਦੇਣ ਦਾ ਮੈਂ, ਮੇਰਾ ਪਰਿਵਾਰਿਕ ਮੈਂਬਰ ਜ਼ਿੰਮੇਵਾਰ ਨਹੀਂ ਹੋਵੇਗਾ।

ਮੈਂ, ਮੀਨਾਕਸ਼ੀ ਮਾਗੋ ਪਤਨੀ ਅਸ਼ਵਨੀ ਮਾਗੋ, ਵਾਸੀ ਮਕਾਨ ਨੰ: 422, ਗਰੀਨ ਫੀਲਡ ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਸ਼ੀਸ਼ ਮਾਗੋ ਅਤੇ ਉਸ ਦੀ ਪਤਨੀ ਪਲਕ ਮਾਗੋ ਵਾਸੀ ਮਕਾਨ ਨੰ: 145, ਲੇਨ ਨੰ: 9, ਆਰ. ਬੀ. ਵ੍ਹਾਈਟ ਸਾਈਡ ਆਰ. ਬੀ. ਅਸਟੇਟ ਸਾਹਮਣੇ ਮਾਤਾ ਰਾਣੀ ਮੰਦਰ ਅੰਮ੍ਰਿਤਸਰ, ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਦੋਵਾਂ ਨਾਲ ਮੇਰਾ ਕੋਈ ਤਲਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈ ਚਰਨ ਕੌਰ ਪਤਨੀ ਕਰਤਾਰ ਸਿੰਘ ਵਾਸੀ ਜੀ.ਟੀ. ਰੋਡ, ਦਬੁਰਜੀ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੈ ਆਪਣੇ ਪੋਤਰੇ ਸ਼ਮਸ਼ੇਰ ਸਿੰਘ ਅਤੇ ਉਸਦੀ ਪਤਨੀ ਅਮਨਪ੍ਰੀਤ ਕੌਰ ਮੇਰੇ ਨਾਲ ਲੜਾਈ ਝਗੜਾ ਕਰਦੇ ਹਨ ਤੇ ਮੇਰੀ ਕਿਸੇ ਵੀ ਗੱਲ ਨੂੰ ਨਹੀ ਮੰਨਦੇ ਹਨ ਮੈ ਓਹਨਾਂ ਨੂੰ ਆਪਣੀ ਚਲ-ਅਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ ਉਹਨਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ ਜਾਂ ਲੈਣ ਦੇਣ ਦੀ ਮੈ ਜਾਂ ਮੇਰੇ ਪਰਿਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀ ਹੋਵੇਗਾ। ਉਹਨਾਂ ਨਾਲ ਲੈਣ ਦੇਣ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ।

ਮੈਂ, ਪ੍ਰਭੂ ਦਾਸ ਪੁੱਤਰ ਜਗਦੀਸ਼ ਦਾਸ ਵਾਸੀ ਮਕਾਨ ਨੰ. 1477/9, ਗਲੀ ਨੰ. 10, ਅਜੀਤ ਨਗਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਸੁਦਰਸ਼ਨ ਕੁਮਾਰ ਪੁੱਤਰ ਸ਼੍ਰੀ ਲਕਸ਼ਮਨ ਦਾਸ ਤੇ ਸੀਮਾ ਪਤਨੀ ਸੁਦਰਸ਼ਨ ਕੁਮਾਰ ਵਾਸੀਆਨ 82-83, ਗਲੀ ਨੰ: 3, ਕ੍ਰਿਸ਼ਨਾ ਨਗਰ ਨੇੜੇ ਆਦਰਸ਼ ਨਗਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਭੁਵੇਸ਼ ਕੁਮਾਰ ਵਾ ਉਸਦੀ ਪਤਨੀ ਜੈਸਮੀਨ ਮਲਹੋਤਰਾ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ। (ਆਰ)

### ਬੇਦਖਲੀ ਨੋਟਿਸ

ਮੈਂ ਹਰਮੀਤ ਸਿੰਘ ਪੁੱਤਰ ਬਹਾਦੁਰ ਸਿੰਘ ਵਾਸੀ 31-ਏ, ਪਿਰਾਮਿਡ ਸਿਟੀ, ਦਬੁਰਜੀ ਦੇ ਨੇੜੇ, ਸੁਲਤਾਨਵਿੰਡ ਲਿੰਕ ਰੋਡ, ਅੰਮ੍ਰਿਤਸਰ ਆਪਣੇ ਲੜਕੇ ਨਵਦੀਪ ਸਿੰਘ ਅਤੇ ਇਸਦੀ ਪਤਨੀ ਜਸਪ੍ਰੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੈਂ ਇਹਨਾਂ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ ਰਿਸ਼ੀ ਸੇਖੜੀ ਅਤੇ ਮੇਰੀ ਪਤਨੀ ਸ਼ਿਵਾਨੀ ਸੇਖੜੀ ਵਾਸੀ 804/10,ਨਜਦੀਕ ਪੋਸਟ ਆਫਿਸ ਕਟੜਾ ਭਾਈ ਸੰਤ ਸਿੰਘ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਭਤੀਜਾ ਅਸ਼ੀਸ਼ ਮਾਗੋ ਅਤੇ ਉਸਦੀ ਪਤਨੀ ਪਲਕ ਮਾਗੋ ਦੋਨੋਂ ਸਾਡੇ ਕਹਿਣੇ,ਸੁਨਣੇ ਤੋਂ ਬਾਹਰ ਹਨ। ਇਨ੍ਹਾਂ ਦੋਨਾਂ ਨਾਲ ਸਾਡਾ ਕੋਈ ਤਲਕਵਾਸਤਾ ਨਹੀਂ ਹੈ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਇਸਦੇ ਜਿੰਮੇਵਾਰ ਹੋਣਗੇ। ਸਾਡਾ ਉਨ੍ਹਾਂ ਨਾਲ ਕੋਈ ਰਿਸ਼ਤਾ ਨਹੀਂ ਹੈ।

ਮੈਂ ਸੰਦੀਪ ਵੋਹਰਾ ਪੁੱਤਰ ਸ਼ਿਵ ਪ੍ਰਕਾਸ਼ ਵੋਹਰਾ ਵਾਸੀ ਪਲਾਟ ਨੰਬਰ 136, ਸੰਤ ਵਿਹਾਰ, ਝਬਾਲ ਰੋਡ, ਅੰਮ੍ਰਿਤਸਰ ਆਪਣੇ ਪੁੱਤਰ ਕਿੰਨਸ਼ੁਕ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਬਾਕੀ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ ਭਗਵਾਨ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਮਕਾਨ ਨੰਬਰ 4159, ਛੋਟਾ ਹਰੀ ਪੁਰਾ, ਇਸਲਾਮਾਬਾਦ, ਡਾਕ: ਜਵਾਲਾ ਫਲੋਰ ਮਿਲਜ਼, ਅੰਮ੍ਰਿਤਸਰ ਆਪਣੇ ਪੁੱਤਰ ਸ਼ਮਸ਼ੇਰ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦਾ ਕੋਈ ਤਾਲੁਕ ਵਾਸਤਾ ਨਹੀਂ ਹੋਵੇਗਾ।

ਮੈਂ, ਲਾਭ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਬਿਲਾਸਪੁਰ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਜਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਦੇਵ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਭਾਗੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸੁਖਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਅਰਸ਼ਦੀਪ ਕੌਰ , ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੱਜਣ ਸਿੰਘ ਪੁੱਤਰ ਨੱਥਾ ਸਿੰਘ ਪੁੱਤਰ ਘਸੀਟਾ ਸਿੰਘ ਵਾਸੀ ਪਿੰਡ ਚਿਰਾਗ ਢਾਣੀ, ਤਹਿਸੀਲ ਵਾ ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਵਿੰਦਰ ਸਿੰਘ ਮੇਰੇ ਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋ ਕੇ ਆਪਣੀ ਮਰਜ਼ੀ ਨਾਲ ਕਰਮਜੀਤ ਕੌਰ ਨਾਲ ਰਹਿ ਰਿਹਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਸਵੀਰ ਕੌਰ ਵਿਧਵਾ ਮੰਗਤ ਰਾਮ ਵਾਸੀ ਮੁੱਹਲਾ ਰਵਿਦਾਸ ਨਗਰ, ਗੁਰਾਇਆਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੁਖਤਿਆਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰਾ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਜੀਤ ਕੌਰ ਵਿਧਵਾ ਓਮ ਪ੍ਰਕਾਸ਼ ਵਾਸੀ ਪੱਤੀ ਜੱਸੇ ਕੀ, ਬੜਾ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਰੁਣ ਬੈਂਸ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਭਜਨ ਕੌਰ ਵਿਧਵਾ ਬੂਟਾ ਰਾਮ, ਵਾਸੀ ਪਿੰਡ ਕਾਂਜਲੀ, ਜਿਲ੍ਹਾ ਕਪੂਰਥਲਾ, ਬਿਆਨ ਕਰਦੀ ਹਾਂ ਕਿ ਮੇਰੀ ਪੁੱਤਰੀ ਰਿੰਪੀ ਪਤਨੀ ਸਰਬਜੀਤ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਘਰ ਵਿਚ ਕਲਾ ਕਲੇਸ਼ ਕਰਦੀ ਹੈ। ਜਿਸ ਕਰਕੇ ਮੈਂ ਆਪਣੀ ਉਕਤ ਲੜਕੀ ਰਿੰਪੀ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ, ਮੇਰੀ ਪੁੱਤਰੀ ਰਿੰਪੀ ਨਾਲ ਹਰ ਤਰ੍ਹਾਂ ਦਾ ਲੈਣ-ਦੇਣ ਖਤਮ ਹੋ ਗਿਆ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ।

ਅਸੀ, ਧਰਮਪਾਲ ਪੁੱਤਰ ਚੈਨ ਸਿੰਘ ਅਤੇ ਸਰਨਜੀਤ ਪਤਨੀ ਧਰਮਪਾਲ, ਵਾਸੀਆਨ ਮਕਾਨ ਨੰਬਰ 234, ਮਹਿਤਾਬਗੜ੍ਹ, ਕਪੂਰਥਲਾ, ਬਿਆਨ ਕਰਦੇ ਹਾ ਕਿ ਸਾਡਾ ਲੜਕਾ ਰੋਹਿਤ ਅਤੇ ਉਸਦੀ ਪਤਨੀ ਪੂਨਮ, ਜੋ ਕਿ ਸਾਡੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਅਸੀ ਆਪਣੇ ਉਕਤ ਲੜਕੇ ਰੋਹਿਤ ਅਤੇ ਉਸਦੀ ਪਤਨੀ ਪੂਨਮ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸਤੀਸ਼ ਕੁਮਾਰ ਪੁੱਤਰ ਵੇਦ ਪ੍ਰਕਾਸ਼ ਵਾਸੀ ਮਕਾਨ ਨੰਬਰ 171/12, ਮੁਹੱਲਾ ਅਰਫਵਾਲਾ, ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਰਾਜੇਸ਼ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਉਕਤ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਵੇਲ ਸਿੰਘ ਪੁੱਤਰ ਸਾਧੂ ਸਿੰਘ ਨਿਵਾਸੀ ਪਿੰਡ ਤੇ ਡਾਕਖਾਨਾ ਰਾਏਪੁਰ-ਰਸੂਲਪੁਰ (ਜਲੰਧਰ) ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਮਨਿੰਦਰ ਸਿੰਘ ਤੇ ਨੂੰਹ ਜੋਤੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

### ਨਾਂਅ ਦੀ ਬਦਲੀ

ਮੈਂ, ਸੋਹਿਲ ਪੁੱਤਰ ਇਕਬਾਲ ਅਹਿਮਦ ਵਾਸੀ ਮਕਾਨ ਨੰਬਰ ਬੀ-1/171, ਜੀਟੀ ਰੋਡ ਮਕਸੂਦਾਂ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਸੋਹਿਲ ਤੋਂ ਬਦਲ ਕੇ ਸੋਹਿਲ ਅਹਿਮਦ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਰੁਕਸਾਰ ਪਤਨੀ ਇਕਬਾਲ ਅਹਿਮਦ ਵਾਸੀ ਮਕਾਨ ਨੰਬਰ ਬੀ-1/171, ਜੀਟੀ ਰੋਡ ਮਕਸੂਦਾਂ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਰੁਕਸਾਰ ਤੋਂ ਬਦਲ ਕੇ ਰੁਕਸਾਰ ਖਾਤੂਨ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ ਸੁਖਜਿੰਦਰ ਕੌਰ ਪਤਨੀ ਗੁਰਦਿਆਲ ਸਿੰਘ ਵਾਸੀ ਵਾਰਡ ਨੰਬਰ 13, ਰਾਜਾਸਾਂਸੀ ਤਹਿਸੀਲ ਰਾਜਾਸਾਂਸੀ ਜਿਲਾ ਅੰਮ੍ਰਿਤਸਰ ਮੇਰੇ ਦੋ ਨਾਮ ਹਨ ਸੁਖਵਿੰਦਰ ਕੌਰ ਤੇ ਸੁਖਜਿੰਦਰ ਕੌਰ ਤੇ ਏਕੋ ਵਿਅਕਤੀ ਦੇ ਹਨ।

### ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ ਕੇ ਸੀ-692 ਜੋਗਿੰਦਰ ਸਿੰਘ ਪੁੱਤਰ ਮੇਜਾ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਸਵਰਨ ਸਿੰਘ ਪੁੱਤਰ ਜੋਗਿੰਦਰ ਸਿੰਘ ਰਕਬਾ ਫਰੀਦੇਵਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਸ਼ੇਰਖਾਂ ਨਾਲ ਸੰਪਰਕ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਸੀ-1119 ਹਰਚਰਨ ਸਿੰਘ ਪੁੱਤਰ ਸਬੇਗ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਕਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਰਕਬਾ ਫਰੀਦੇਵਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਸ਼ੇਰਖਾਂ ਨਾਲ ਸੰਪਰਕ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਸੀ-600 ਜੋਗਿੰਦਰ ਸਿੰਘ ਪੁੱਤਰ ਮੇਜਾ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਕਰਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਰਕਬਾ ਫਰੀਦੇਵਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਸ਼ੇਰਖਾਂ ਨਾਲ ਸੰਪਰਕ ਕਰੇ।

ਇਕ ਟਿਊਬਵੈੱਲ ਕੁਨੈਕਸ਼ਨ, ਜੋ ਕਿ ਆਸ਼ਾ ਸਿੰਘ ਪੁੱਤਰ ਮੋਹਨ ਸਿੰਘ ਪਿੰਡ ਮੁਹਾਵਾ ਅਧੀਨ ਅਟਾਰੀ ਉਪ ਮੰਡਲ ਵਿਖੇ ਚੱਲ ਰਿਹਾ ਹੈ, ਜਿਸ ਦਾ ਖਾਤਾ ਨੰ: ਏ ਪੀ 330066 (7.5 ਬੀ ਐੱਚ ਪੀ) ਜਿਸ ਦਾ ਨਾਂਅ ਤਬਦੀਲੀ ਸੰਬੰਧੀ ਨਿਮਨਹਸਤਾਖਰੀ ਨੂੰ ਬਿਨੈਪੱਤਰ ਪ੍ਰਾਪਤ ਹੋਇਆ ਹੈ। ਇਹ ਨਾਂਅ ਬਦਲੀ ਉਪਰੰਤ ਖਪਤਕਾਰ ਦੇ ਪੋਤਰੇ ਭੁਪਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਮੁਹਾਵਾ ਦੇ ਨਾਂਅ ਹੋਣਾ ਹੈ। ਇਸ ਸੰਬੰਧੀ ਅਗਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿਚ 15 ਦਿਨਾਂ ਅੰਦਰ ਅਟਾਰੀ ਦਫ਼ਤਰ ਵਿਚ ਦਿੱਤਾ ਜਾ ਸਕਦਾ ਹੈ। ਉਪਰੰਤ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ਅਤੇ ਨਾਂਅ ਬਦਲੀ ਕਰ ਦਿੱਤਾ ਜਾਵੇਗਾ। ਉਪ ਮੰਡਲ ਅਫਸਰ ਪੀ ਐੱਸ ਪੀ ਸੀ ਐੱਲ ਅਟਾਰੀ, ਉਪ ਮੰਡਲ। ਨੋਟ : ਦੋਨੋਂ ਪੋਤਰਿਆਂ ਨਾਂਅ ਸਾਂਝਾ ਕੁਨੈਕਸ਼ਨ ਬਦਲੀ ਹੋਣਾ ਹੈ।

ਮੈਂ, ਸੀਤਲ ਕੌਰ ਪਤਨੀ ਸੁੱਚਾ ਸਿੰਘ, ਵਾਸੀ ਵਾਰਡ ਨੰਬਰ 4, ਗੁਰੂ ਨਾਨਕ ਨਗਰ, ਭੋਗਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਜਿਹੜਾ ਇਸ਼ਤਿਹਾਰ ਆਪਣੀ ਲੜਕੀ ਜਸਵੀਰ ਕੌਰ (ਤਲਾਕਸ਼ੁਦਾ) ਅਤੇ ਇਸ ਦੇ ਬੱਚਿਆਂ ਸੌਰਵ ਮਹੇ ਅਤੇ ਕਰਨ ਮਹੇ ਨੂੰ ਬੇਦਖਲ ਕਰਨ ਸਬੰਧੀ 25 ਜੂਨ, 2025 ਦੀ 'ਨਵਾਂ ਜ਼ਮਾਨਾ' ਅਖਬਾਰ ਵਿੱਚ ਦਿੱਤਾ ਸੀ, ਉਸ ਨੂੰ ਕੈਂਸਲ ਕਰਦੀ ਹੋਈ ਮੈਂ ਵਾਪਸ ਲੈਂਦੀ ਹਾਂ, ਕਿਉਂਕਿ ਇਹ ਸਾਰੇ ਹੁਣ ਮੇਰੇ ਕਹਿਣੇ ਵਿੱਚ ਹਨ ਅਤੇ ਇਨ੍ਹਾਂ ਨੂੰ ਪਹਿਲਾਂ ਵਾਲੇ ਸਾਰੇ ਹੱਕ ਮੇਰੀ ਚੱਲ - ਅਚੱਲ ਜਾਇਦਾਦ ਸੰਬੰਧੀ ਹਾਸਲ ਹਨ।

ਮੈਂ, ਸੀਤਲ ਕੌਰ ਪਤਨੀ ਸੁੱਚਾ ਸਿੰਘ, ਵਾਸੀ ਵਾਰਡ ਨੰਬਰ 4, ਗੁਰੂ ਨਾਨਕ ਨਗਰ, ਭੋਗਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੈਂ ਜਿਹੜਾ ਇਸ਼ਤਿਹਾਰ ਆਪਣੇ ਲੜਕੇ ਗੁਰਜੀਤ ਸਿੰਘ (ਸ਼ਾਦੀਸ਼ੁਦਾ) ਵਾ ਉਸ ਦੀ ਪਤਨੀ ਸੁਨੀਤਾ ਰਾਣੀ ਅਤੇ ਇਨ੍ਹਾਂ ਦੇ ਬੱਚਿਆਂ ਗੁਰਜੋਤ ਸਿੰਘ ਤੇ ਕਰਨਵੀਰ ਸਿੰਘ ਨੂੰ ਬੇਦਖਲ ਕਰਨ ਸਬੰਧੀ 25 ਜੂਨ, 2025 ਦੀ 'ਨਵਾਂ ਜ਼ਮਾਨਾ' ਅਖਬਾਰ ਵਿੱਚ ਦਿੱਤਾ ਸੀ, ਉਸ ਨੂੰ ਕੈਂਸਲ ਕਰਦੀ ਹੋਈ ਮੈਂ ਵਾਪਸ ਲੈਂਦੀ ਹਾਂ, ਕਿਉਂਕਿ ਇਹ ਸਾਰੇ ਹੁਣ ਮੇਰੇ ਕਹਿਣੇ ਵਿੱਚ ਹਨ ਅਤੇ ਇਨ੍ਹਾਂ ਨੂੰ ਪਹਿਲਾਂ ਵਾਲੇ ਸਾਰੇ ਹੱਕ ਮੇਰੀ ਚੱਲ -ਅਚੱਲ ਜਾਇਦਾਦ ਸੰਬੰਧੀ ਹਾਸਲ ਹਨ।

ਅਸੀਂ, ਦੀਪਕ ਗਰੋਵਰ ਪੁੱਤਰ ਬਾਲ ਕ੍ਰਿਸ਼ਨ ਗਰੋਵਰ ਅਤੇ ਰਚਨਾ ਗਰੋਵਰ ਪਤਨੀ ਦੀਪਕ ਗਰੋਵਰ, ਵਾਸੀਆਨ ਮਕਾਨ ਨੰ: 18 ਏ, ਲੇਨ ਨੰ: 06, ਗੁਰੂ ਅਮਰਦਾਸ ਐਵੀਨਿਊ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਭਤੀਜਾ ਅਸ਼ੀਸ਼ ਮਾਗੋ ਅਤੇ ਉਸ ਦੀ ਪਤਨੀ ਪਲਕ ਮਾਗੋ ਵਾਸੀ ਮਕਾਨ ਨੰ: 145, ਲੇਨ ਨੰ: 9, ਆਰ. ਬੀ. ਵ੍ਹਾਈਟ ਸਾਈਡ ਆਰ. ਬੀ. ਅਸਟੇਟ ਸਾਹਮਣੇ ਮਾਤਾ ਰਾਣੀ ਮੰਦਰ ਅੰਮ੍ਰਿਤਸਰ ਦੋਨੋਂ ਸਾਡੇ ਨਾਲ ਚੰਗਾ ਵਰਤਾਓ ਨਹੀਂ ਕਰਦੇ। ਇਨ੍ਹਾਂ ਦੋਨਾਂ ਨਾਲ ਸਾਡਾ ਕੋਈ ਤਲਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਅੰਗਰੇਜ ਸਿੰਘ ਪੁੱਤਰ ਪ੍ਰਤਾਪ ਸਿੰਘ, ਪਿੰਡ ਨਾਰੰਗਪੁਰ ਕਾਲੋਂਨੀ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਭਨੇਵੇਂ ਸਾਹਿਲਪ੍ਰੀਤ ਸਿੰਘ, ਜੋ ਮੇਰੇ ਕੋਲ 17 ਸਾਲ ਤੋਂ ਰਹਿ ਰਿਹਾ ਹੈ, ਨੂੰ ਕਹਿਣੇ ਤੋਂ ਬਾਹਰ ਹੋਣ ਉਸ ਨਾਲੋਂ ਆਪਣਾ ਨਾਤਾ ਤੋੜਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### ਬੇਦਖਲੀ ਨੋਟਿਸ

ਮੈਂ ਹਰਪ੍ਰੀਤ ਸਿਂਘ ਪੁੱਤਰ ਮਲਕੀਤ ਸਿੰਘ ਪਿੰਡ ਚੂਹੜ ਸਿੰਘ ਵਾਲਾ (ਮੋਗਾ) ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਲਖਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ ਜਰਨੈਲ ਸਿੰਘ ਪੁੱਤਰ ਸੋਹਣ ਸਿੰਘ ਅਤੇ ਪਤਨੀ ਕਸ਼ਮੀਰ ਕੌਰ ਅਬਾਦੀ ਵਾਸੀ ਪਿੰਡ ਅਟੱਲਗੜ੍ਹ, ਅਟਾਰੀ ਅੰਮ੍ਰਿਤਸਰ ਪੰਜਾਬ, 143108. ਡਾਕਖਾਨਾ ਅਟਾਰੀ, ਪੁਲਿਸ ਥਾਣਾ ਘਰਿੰਡਾ, ਤਹਿਸੀਲ ਅਤੇ ਜਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਹਾਂ, ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਰਜੀਤ ਸਿੰਘ, ਉਸਦੀ ਪਤਨੀ ਕਵਲਜੀਤ ਕੌਰ ਅਤੇ ਪੋਤਰਾ ਗਗਨਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਚੱਲਦੇ ਹਨ। ਉਨ੍ਹਾਂ ਨਾਲ ਸਾਡਾ ਕੋਈ ਵਾਸਤਾ, ਸਬੰਧ ਨਹੀਂ ਹੈ। ਅਸੀਂ ਉਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਕਿਰਪਾ ਕਰਕੇ ਸੰਬੰਧਤ ਨੋਟ ਕਰ ਲੈਣ।

ਮੈਂ, ਸੁਖਵਿੰਦਰ ਸਿੰਘ ਪੁੱਤਰ ਸ. ਸਰਦਾਰਾ ਸਿੰਘ ਵਾਸੀ ਮਕਾਨ ਨੰ. 680/2, ਬਸਤੀ ਪੀਰ ਦਾਦ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗਗਨਦੀਪ ਸਿੰਘ ਅਤੇ ਉਸਦੀ ਪਤਨੀ ਪੂਜਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਪਰਿਵਾਰ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### COURT NOTICE

(U/o 5 Rule 20 CPC)
In the Court of
Sh. Gurinder Singh
Civil Judge (Junior Division), Ludhiana
CNR No. PBLD02-004287-2019
Next Date:- 06-10-2025
Rajpreet Singh
Vs.
Sukhjinder Singh

Publication Issued To:
(4) Sukhtej Singh Son Hira Singh Son of Kheon Singh S/o Samund Singh (5) Navtej Singh S/o Hira Singh S/o Kheon Singh S/o Samund Singh.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 06-10-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division) Ludhiana
Dated, this day of 30-08-2025

### COURT NOTICE

(U/o 5 Rule 20 CPC)
In the Court of
Sh. Bhupinder Mittal
Additional Civil Judge (Senior Division), Khanna
Succ/9/2025
CNR No. PBLDA0-000568-2025
Next Date:- 23-09-2025
Harpreet Singh
Vs.
General Public

Publication Issued To:
General Public
:- Khanna

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 23-09-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Khanna
Dated, this day of 29-08-2025

### COURT NOTICE

(U/o 5 Rule 20 CPC)
In the Court of
Hasan Deep Singh Bajwa
Additional Civil Judge (Senior Division), Kharar
CNR No. PBSAA0-000022-2024
Next Date:- 14-10-2025
EXE/2/2024

Raghbir Singh S/O Karnail Singh R/O Morinda Road, Khanpur, Tehsil Kharar Distt. Mohali
Vs.
Kirpal Singh Deceased Through His Legal Representatives Surjit Singh Wd/O Kirpal Singh C/O Karamjit Singh Kirpal Garments (Rasanheri Wale), Gandhi Bazar, Kharar, Tehsil Kharar Distt. Mohali

Publication Issued To:
Kirpal Singh Deceased Through His Legal Representatives Surjit Singh Wd/o Kirpal Singh C/o Karamjit Singh Kirpal Garments (Rasanheri Wale), Gandhi Bazar, Kharar, Tehsil Kharar Distt. Mohali

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 14-10-2025 at 10:00 a.m.

For details logon to https://highcourtchd.gov.in/?mod=district notice&district=mogacourt

Additional Civil Judge (Senior Division) Kharar
Dated, this day of 02-09-2025

### COURT NOTICE

(U/o 5 Rule 20 CPC)
In the Court of
Ms. Preeti Sukhija
Additional District and Sessions Judge, Ludhiana
CA-586-2023
CNR No. PBLD01-002687-2023
Next Date:- 14-10-2025
Manjit Singh
Vs.
Manjit Singh

Publication Issued To:
Manjit Singh
Father:- Sh. Karam Singh
R/O H.No, Bearing No. B-XXXIII-358/32-C Prem Nagar, Friends Colony, Jassian Road, Ludhiana.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 14-10-2025 at 10:00 a.m.

For details logon to https://highcourtchd.gov.in/?mod=district_notice&district=moga-court

Additional District and Sessions Judge Ludhiana
Dated, this day of 02-09-2025

### COURT NOTICE

(U/o 5 Rule 20 CPC)
In the Court of Kamini
Civil Judge (Junior Division), Rupnagar
CNR No. PBRO02-001620-2023
Next Date: 30-09-2025
Canara Bank THROUGH ITS BRANCH MANAGER
Vs.
Rupinder Singh

Publication Issued To:
Rupinder Singh
Father: Lakhvir Singh
Village-Badwali, Tehsil Morinda, Distt. Rupnagar
2nd Address- Shop No. 1, Mill Road, Morinda, Distt. Rupnagar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 30-09-2025 at 10:00 a.m.

For details logon to https://highcourtchd.gov.in/?mod=district_notice&districe=Rupnagar

Civil Judge (Junior Division) Rupnagar
Dated, this day of 29-08-2025

### COURT NOTICE

(U/o 5 Rule 20 CPC)
IN THE COURT OF
Sh. Ravipal Singh
Additional Civil Judge (Senior Division), Batala
CS/626/2025
CNR No. PBGDA0-000894-2025
Next Date:- 29-09-2025
Rajwinder Kaur
Vs. Narinder Singh

PUBLICATION ISSUED TO:
1. Narinder Singh Son of Piara Singh, Resident of Ujjagar Nagar Batala.
2. Akshay Bansal Son of Surinder Bansal Son of Rattan Chand Resident of Sekhrian Mohalla, Batala.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 29-09-2025 at 10:00 a.m.

For details logon to https://highcourtchd.gov.in/?mod=district_notice&district=Gurdaspur

Additional Civil Judge (Senior Division) Batala
Dated, this day of 03-09-2025

### COURT NOTICE

(U/o 5 Rule 20 CPC)
In The Court of
MS. Anshul Berry
Matrimonial Cases Special Courts, Bathinda
DMC/1593/2023
CNR No. PBBT01-013954-2023
Next Date :- 06-10-2025
Paramjeet Kaur
Vs
Baljeet Singh

Petition Under Section 13 of Hindu Marriage Act, 1955 as amended upto date of dissolution of marriage between the parties by a decree of divorce.

Publication Issued To :
Baljeet Singh S/o Sukhwant Singh R/o Village Jassi Pau Wali, Tehsil and Distt. Bathinda now Resident of Kacha Dhobiana Bathinda (Mob. No. 98769-42870)

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 06-10-2025 at 10:00 a.m.

For details logon to https://highcourtchd.gov.in/?mod=district_notice&district=Bathinda

Matrimonial Cases Special Courts, Bathinda
Dated, this day of 03-09-2025

### COURT NOTICE

(U/o 5 Rule 20 CPC)
(Under Guardian and Ward Act)
In The Court of
Parminder Kaur Bains
Civil Judge (Senior Division), Amritsar
CNR No. PBAS02-003294-2025
Next Date :- 23-09-2025
GUNJAN KHULLAR
Vs.
GENERAL PUBLIC

Notice To :-
General Public
To Whom It May Concern

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 23-09-2025 at 10:00 a.m.

For details logon to https://highcourtchd.gov.in/?trs= district_notice&district= Amritsar

Civil Judge (Senior Division) Amritsar
Dated, this day of 02-09-2025

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਦੂਜਾ, ਸਬ-ਤਹਿਸੀਲ ਝਬਾਲ ਤੇ ਜ਼ਿਲ੍ਹਾ ਤਰਨ ਤਾਰਨ।

ਪਬਲਿਕ ਨੋਟਿਸ

1) ਜਸਬੀਰ ਸਿੰਘ ਪੁੱਤਰ ਸ. ਤਾਰਾ ਸਿੰਘ ਪੁੱਤਰ ਕਿਸ਼ਨ ਸਿੰਘ, ਵਾਸੀ ਪਿੰਡ ਭੁੱਚਰ ਕਲਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ। ਸਾਇਲ ਧਿਰ

ਬਨਾਮ

1) ਕਰਤਾਰ ਸਿੰਘ ਪੁੱਤਰ ਤਰਲੋਕ ਸਿੰਘ ਪੁੱਤਰ ਬੂਟਾ ਸਿੰਘ 2) ਹੀਰਾ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਤਰਲੋਕ ਸਿੰਘ 3) ਜਸਵੰਤ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਤਰਲੋਕ ਸਿੰਘ 4) ਸਤਨਾਮ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਤਰਲੋਕ ਸਿੰਘ 5) ਸੁਖਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਦੀਦਾਰ ਸਿੰਘ 6) ਸੁਖਵਿੰਦਰ ਕੌਰ ਮਾਤਾ ਕਸ਼ਮੀਰ ਸਿੰਘ ਪੁੱਤਰ ਦੀਦਾਰ ਸਿੰਘ 7) ਇਰਵਨਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ 8) ਹਰਮਨਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ 9) ਜਸਬੀਰ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਤਰਲੋਕ ਸਿੰਘ 10) ਗੁਰਵੇਲ ਸਿੰਘ ਪੁੱਤਰ ਗੁਰਦਿਆਲ ਸਿੰਘ ਪੁੱਤਰ ਤਰਲੋਕ ਸਿੰਘ 11) ਸਤਵੰਤ ਕੌਰ ਪਤਨੀ ਬਲਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ 12) ਸੁਖਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਤਰਲੋਕ ਸਿੰਘ 13) ਸ਼ਿੰਦੋ ਪਤਨੀ ਨਿਸ਼ਾਨ ਸਿੰਘ ਪੁੱਤਰ ਤਰਲੋਕ ਸਿੰਘ 14) ਕਿਰਨਦੀਪ ਕੌਰ ਵਿਧਵਾ ਗੁਰਕੀਰਤ ਸਿੰਘ ਪੁੱਤਰ ਸ. ਕੁਲਦੀਪ ਸਿੰਘ 15) ਰੁਬਾਨੀਅਤ ਕੌਰ ਪੁੱਤਰੀ ਗੁਰਕੀਰਤ ਸਿੰਘ ਪੁੱਤਰ ਕੁਲਦੀਪ ਸਿੰਘ 16) ਗਗਨਦੀਪ ਕੌਰ ਪਤਨੀ ਨਰੈਣ ਸਿੰਘ ਪੁੱਤਰ ਦਇਆ ਸਿੰਘ 17) ਸੁਰਜੀਤ ਕੌਰ ਪਤਨੀ ਗੁਰਦੀਪ ਸਿੰਘ ਪੁੱਤਰ ਲਛਮਣ ਸਿੰਘ 18) ਨਵਬੀਰ ਸਿੰਘ ਪੁੱਤਰ ਗੁਰਭੇਜ ਸਿੰਘ ਪੁੱਤਰ ਗੁਰਦੀਪ ਸਿੰਘ 19) ਉਤਮ ਸਿੰਘ ਪੁੱਤਰ ਨੰਦ ਸਿੰਘ ਪੁੱਤਰ ਰਾਮ ਸਿੰਘ 20) ਕੁਲਦੀਪ ਸਿੰਘ ਪੁੱਤਰ ਕਰਤਾਰ ਸਿੰਘ ਪੁੱਤਰ ਤਰਲੋਕ ਸਿੰਘ 21) ਦੀਦਾਰ ਸਿੰਘ ਪੁੱਤਰ ਤਰਲੋਕ ਸਿੰਘ ਪੁੱਤਰ ਬੂਟਾ ਸਿੰਘ 22) ਜਿਉਣ ਸਿੰਘ ਪੁੱਤਰ ਮਾਹਨ ਸਿੰਘ ਪੁੱਤਰ ਰਾਮ ਸਿੰਘ 23) ਭੁਪਿੰਦਰ ਸਿੰਘ ਪੁੱਤਰ ਜਗਤਾਰ ਸਿੰਘ ਪੁੱਤਰ ਰਾਮ ਸਿੰਘ 24) ਬਲਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ ਪੁੱਤਰ ਰਾਮ ਸਿੰਘ 25) ਦਲਜੀਤ ਕੌਰ ਮਾਤਾ ਦਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ 26) ਉਪਦੇਸ਼ ਕੌਰ ਵਿਧਵਾ ਦਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ 27) ਕਿਰਨਜੀਤ ਕੌਰ ਪੁੱਤਰੀ ਦਵਿੰਦਰ ਸਿੰਘ ਪੁੱਤਰ ਜਗਤਾਰ ਸਿੰਘ 28) ਅੰਗਰੇਜ਼ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਸਿੰਗਾਰਾ ਸਿੰਘ 29) ਬਲਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਸਿੰਗਾਰਾ ਸਿੰਘ 30) ਕਸ਼ਮੀਰ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਤਰਲੋਕ ਸਿੰਘ ਵਾਸੀਆਨ ਪਿੰਡ ਭੁੱਚਰ ਕਲਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ। ਉੱਤਰਵਾਦੀਆਨ ਧਿਰ

ਦਰਖਾਸਤ ਦਰੁੱਸਤੀ ਗਿਰਦਾਵਰੀ ਭੂਮੀ ਤਦਾਦੀ 48 ਕਨਾਲ 11 ਮਰਲੇ ਖਾਤਾ ਨੰਬਰ 114/353 ਖਸਰਾ ਨੰਬਰ 86//21(7-15) ਦਾ 100/145 ਹਿੱਸਾ (5-0) ਮਿੰਨ ਚੜ੍ਹਦਾ, 87//5(8-0), ਦਾ 9/160 ਹਿੱਸਾ (0-9) ਮਿੰਨ ਚੜ੍ਹਦਾ ਗੈਰਮਰੂਸੀ, ਖਾਤਾ ਨੰਬਰ 114/356 ਖਸਰਾ ਨੰਬਰ 84//25(8-0), ਦਾ 146/160 ਹਿੱਸਾ (7-6), 87//6/1(4-0), ਦਾ 5/80 ਹਿੱਸਾ (0-5) ਮਿੰਨ ਚੜ੍ਹਦਾ 6/2(4-0), 87//5(8-0), ਦਾ 69/160 ਹਿੱਸਾ ਮਿੰਨ (3-9), ਖਾਤਾ ਨੰਬਰ 115/366 ਖਸਰਾ ਨੰਬਰ 84//16/2(7-2), ਖਾਤਾ ਨੰਬਰ 115/369 ਖਸਰਾ ਨੰਬਰ 84//16/1(0-9), ਖਾਤਾ ਨੰਬਰ 334/781 ਖਸਰਾ ਨੰਬਰ 86//11(8-0), 86//20(8-0), ਖਾਤਾ ਨੰਬਰ 334/782 ਖਸਰਾ ਨੰਬਰ 86//10/2(4-0), ਮੁਤਾਬਿਕ ਜਮ੍ਹਾਂਬੰਦੀ ਸਾਲ 2021-2022 ਵਾਕਿਆ ਰਕਬਾ ਪਿੰਡ ਭੁੱਚਰ ਕਲਾਂ ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ।

ਉਕਤ ਅਨੁਵਾਨ ਦਰੁੱਸਤੀ ਗਿਰਦਾਵਰੀ ਕੇਸ ਅਦਾਲਤ ਨੂੰ ਇਸ ਗੱਲ ਦਾ ਯਕੀਨ ਹੋ ਚੁੱਕਾ ਹੈ ਕਿ ਉਤਰਵਾਦੀ ਧਿਰਾ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀ ਹੋ ਸਕਦੀ, ਇਸ ਲਈ ਉਕਤ ਉਤਰਵਾਦੀ ਧਿਰਾਂ ਦੇ ਵਾਰਸਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵਾਈ ਦੀ ਮਿਤੀ 18.9.25 ਨੂੰ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਪੈਰਵਾਈ ਕਰ ਸਕਦੇ ਹਨ।ਨਿਸ਼ਚਿਤ ਮਿਤੀ / ਤੱਕ ਹਾਜ਼ਰ ਨਾ ਆਉਣ ਦੀ ਸੂਰਤ ਵਿਚ ਇੱਕਤਰਫਾ ਕਾਰਵਾਈ ਕੀਤੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 3.09.2025 ਨੂੰ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਦੂਜਾ, ਝਬਾਲ ਕਲਾਂ

### ਉੱਤਰ ਰੇਲਵੇ

**ਸੂਚਨਾ**

ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਜੰਮੂ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ, ਹੇਠਾ ਉਲੇਖਿਤ ਐਸਟੀਬੀਏ (ਸਟੇਸ਼ਨ ਟਿਕਟ ਬੁਕਿੰਗ ਏਜੰਟ) ਕੰਮ ਦੇ ਲਈ ਨਿਰਧਾਰਿਤ ਏਕਲ ਪੈਕੇਟ ਸ਼ੀਲਬੰਦ ਆਵੇਦਨ ਮੰਗ ਕਰਦੇ ਹਨ :-

| S N | ਸਟੇਸ਼ਨ | ਸਟੇਸ਼ਨ ਕੋਡ | ਸਟੇਸ਼ਨ ਕੇਟੇਗਰੀ | ਅਗ੍ਰਿਮ ਧਨ (ਰੁਪਏ ਵਿਚ) | ਟੈਂਡਰ ਪ੍ਰਪੱਤਰ (ਰੁਪਏ ਵਿਚ) | ਅਨੁਬੰਧ ਦੀ ਅਵੱਧੀ |
|---|---|---|---|---|---|---|
| 1 | ਦਸੂਆ | DZA | NSG-5 | 5000/- | 1180/- | ਤਿੰਨ ਸਾਲ |
| 2 | ਰਾਮਨਗਰ | RMJK | NSG-6 | 2000/- | 1180/- | ਤਿੰਨ ਸਾਲ |
| 3 | ਬਜਲਟਾ | BLA | NSG-6 | 2000/- | 1180/- | ਤਿੰਨ ਸਾਲ |
| 4 | ਭਰੋਲੀ | BHRL | NSG-6 | 2000/- | 1180/- | ਤਿੰਨ ਸਾਲ |
| 5 | ਜਖੋਲਾਹਡੀ | JK | NSG-6 | 2000/- | 1180/- | ਤਿੰਨ ਸਾਲ |
| 6 | ਭੋਗਪੁਰ ਸਿਰਵਲ | BPRS | NSG-6 | 2000/- | 1180/- | ਤਿੰਨ ਸਾਲ |
| 7 | ਟਾਂਡਾ ਉਰਮਰ | TDO | NSG-6 | 2000/- | 1180/- | ਤਿੰਨ ਸਾਲ |
| 8 | ਖਾਰੀ | KARI | NSG-6 | 2000/- | 1180/- | ਤਿੰਨ ਸਾਲ |
| 9 | ਸੰਗਲਦਾਨ | SGDN | NSG-6 | 2000/- | 1180/- | ਤਿੰਨ ਸਾਲ |
| 10 | ਛੀਨਾ | CHN | NSG-6 | 2000/- | 1180/- | ਤਿੰਨ ਸਾਲ |
| 11 | ਸੁਮਬੇਰ | SMBR | NSG-6 | 2000/- | 1180/- | ਤਿੰਨ ਸਾਲ |

ਆਵੇਦਨ ਪੱਤਰ ਕੇਵਲ ਸੀਲਬੰਦ ਪੈਕੇਟ ਵਿਚ ਵਾਣਿਜਯਕ ਬਰਾਂਚ, ਡੀਆਰਐਮ ਦਫਤਰ, ਜੰਮੂ ਵਿਚ ਮਿਤੀ 26.09.2025 ਨੂੰ 10:00 ਤੋਂ 15:00 ਵਜੇ ਦੇ ਵਿਚ ਪ੍ਰਾਪਤ ਕੀਤੇ ਜਾਣਗੇ। ਜ਼ਿਆਦਾ ਜਾਣਕਾਰੀ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ ਉਤੇ ਜਾਏ nr.indianrailways.gov.in

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2686/25

5 Sep Page 8.qxd 9/4/2025 10:57 PM Page 1



# ਰਾਜਪਾਲ ਨੇ ਟਾਂਡਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਓ ਪੀ ਰਾਣਾ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਟਾਂਡਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਮੌਕੇ 'ਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪਹਿਲਾਂ ਰੜਾ ਪੁਲ ਦਾ ਨਿਰੀਖਣ ਕੀਤਾ ਅਤੇ ਧੁੱਸੀ ਬੰਨ੍ਹ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ

**● ਪ੍ਰਭਾਵਤਾਂ ਨੂੰ ਹਰ ਸੰਭਵ ਮਦਦ ਦਾ ਦਿੱਤਾ ਭਰੋਸਾ**



ਸੁਣੀਆਂ। ਇਸ ਤੋਂ ਬਾਅਦ, ਉਹ ਪਿੰਡ ਮਿਆਣੀ ਦੇ ਸਰਕਾਰੀ ਹਾਈ ਸਕੂਲ ਵਿਚ ਸਥਾਪਿਤ ਰਾਹਤ ਕੈਂਪ ਪਹੁੰਚੇ, ਜਿਥੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਉਨ੍ਹਾਂ ਰਾਹਤ ਕਾਰਜਾਂ ਵਿਚ ਲੱਗੇ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਉਨ੍ਹਾਂ ਨੂੰ ਪੀ ਪੀ ਟੀ ਰਾਹੀਂ ਜ਼ਿਲ੍ਹੇ ਦੀ ਹੜ੍ਹਾਂ ਸਬੰਧੀ ਸਥਿਤੀ ਤੋਂ ਵਿਸਥਾਰ ਨਾਲ ਜਾਣੂ ਕਰਵਾਇਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਜਪਾਲ ਕਟਾਰੀਆ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿਚ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਪੂਰੀ ਤਾਕਤ ਨਾਲ ਪ੍ਰਭਾਵਿਤ ਲੋਕਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਪੰਜਾਬ ਸਰਕਾਰ ਦੀ ਪੂਰੀ ਟੀਮ ਦਿਨ-ਰਾਤ ਬਚਾਅ ਅਤੇ ਰਾਹਤ ਕਾਰਜਾਂ ਵਿਚ ਲੱਗੀ ਹੋਈ ਹੈ, ਉਥੇ ਕੇਂਦਰੀ ਖੇਤੀਬਾੜੀ ਮੰਤਰੀ ਅਤੇ ਕੇਂਦਰੀ ਟੀਮ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ 'ਤੇ ਹੈ। ਇਸ ਮੌਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ, ਰਾਜਪਾਲ ਦੇ ਪ੍ਰਮੁੱਖ ਸਕੱਤਰ ਵੀ.ਪੀ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਐਸ.ਐਸ.ਪੀ ਸੰਦੀਪ ਕੁਮਾਰ ਮਲਿਕ, ਏ.ਡੀ.ਸੀ (ਵਿਕਾਸ) ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਡੀ.ਐਮ ਪਰਮਪ੍ਰੀਤ ਸਿੰਘ, ਐਸ.ਪੀ ਡਾ. ਮੁਕੇਸ਼ ਅਤੇ ਹੋਰ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਮੌਜੂਦ ਸਨ।

# ਸਿਸੋਦੀਆ ਤੇ ਸ਼ੈਰੀ ਕਲਸੀ ਨੇ ਹੜ੍ਹ ਪ੍ਰਭਾਵਤ ਖੇਤਰ ਦਾ ਲਿਆ ਜਾਇਜ਼ਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਪੰਜਾਬ ਇੰਚਾਰਜ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਨਾਲ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਦੀਨਾਨਗਰ ਦੇ ਰਾਵੀ ਦਰਿਆ ਨੇੜਲੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਤੇ ਪਿੰਡ ਵਾਸੀਆਂ ਨਾਲ ਗੱਲ ਕਰਕੇ ਸਾਰੀ ਸਥਿਤੀ ਦੀ ਜਾਣਕਾਰੀ ਲਈ। ਇਸ



ਮੌਕੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਸਮਸ਼ੇਰ ਸਿੰਘ, ਹਲਕਾ ਇੰਚਾਰਜ ਦੀਨਾਨਗਰ, ਚੇਅਰਮੈਨ ਬਲਜੀਤ ਸਿੰਘ ਅਤੇ ਮੁੱਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਵੀ ਮੌਜੂਦ ਸਨ। ਇਸ ਮੌਕੇ ਮਨੀਸ਼ ਸਿਸੋਦੀਆ ਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕਰਕੇ ਦਰਿਆ ਦੇ ਪਾਣੀ ਦਾ ਪੱਧਰ ਵਧਣ ਕਾਰਨ ਦਰਪੇਸ਼ ਅਤੇ ਆਉਣ ਵਾਲੀਆਂ ਚੁਣੌਤੀਆਂ ਬਾਰੇ ਜਾਣਕਾਰੀ ਲਈ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਜ਼ਮੀਨ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਤੁਰੰਤ ਉਪਾਅ ਯਕੀਨੀ ਬਣਾਉਣ ਦੇ ਨਾਲ-ਨਾਲ ਲੰਬੇ ਸਮੇਂ ਦੇ ਹੱਲ ਤਿਆਰ ਕਰਨ ਲਈ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।ਉਨ੍ਹਾਂ ਨੇ ਪਿੰਡ ਵਾਸੀਆਂ ਅਤੇ ਅਧਿਕਾਰੀਆਂ/ ਕਰਮਚਾਰੀਆਂ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਾਅ ਲਈ ਸਥਿਤੀ ਦੀ ਨੇੜਿਓਂ ਨਜ਼ਰ ਰੱਖ ਰਹੀ ਹੈ। ਹੜ੍ਹ ਦਾ ਪਾਣੀ ਆਉਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਲ ਪੁਲਿਸ, ਐੱਨ ਡੀ ਆਰ ਐੱਫ, ਬੀ ਐੱਸ ਐੱਫ ਤੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਤੁਰੰਤ ਬਚਾਅ ਕਾਰਜ ਸ਼ੁਰੂ ਕਰਕੇ 5581 ਵਿਅਕਤੀਆਂ ਨੂੰ ਹੈਲੀਕਾਪਟਰ ਤੇ ਕਿਸ਼ਤੀਆਂ ਰਾਹੀਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ।

# ਕਰਨਵੀਰ ਕਟਾਰੀਆ ਨੇ ਤਾਜੋਵਾਲ ਦੇ ਬੰਨ੍ਹ ਦਾ ਨੌਜਵਾਨ ਸਾਥੀਆਂ ਤੇ ਪਿੰਡ ਵਾਸੀਆਂ ਨਾਲ ਸੰਭਾਲਿਆ ਮੋਰਚਾ

**ਬਲਾਚੌਰ, ਨਵਾਂਸ਼ਹਿਰ (ਜਸਵਿੰਦਰ ਬੈਂਸ, ਮਨੋਜ ਲਾਡੀ)**- ਆਮ ਆਦਮੀ ਪਾਰਟੀ ਦੇ ਯੂਥ ਆਗੂ ਕਰਨਵੀਰ ਕਟਾਰੀਆ ਵੱਲੋਂ ਇਲਾਕੇ ਦੇ ਲੋਕਾਂ ਦੀ ਸੁਰੱਖਿਆ ਲਈ ਬੇਲਾ ਤਾਜੋਵਾਲ, ਹੈਡੋ ਬੇਟ ,ਔਲੀਆਪੁਰ, ਖੋਜਾ ਬੇਟ ਬੰਨ ਦੀ ਮਜ਼ਬੂਤੀ ਵਾਸਤੇ ਲਗਾਤਾਰ ਉਦਮ ਜਾਰੀ ਹਨ।ਪਿਛਲੇ ਸਮੇਂ ਦੌਰਾਨ ਆਏ ਭਾਰੀ ਮੀਂਹ ਕਾਰਨ ਲੋਕਾਂ ਵਿੱਚ ਦਰਿਆਈ



ਕਿਨਾਰੇ ਦੀ ਕਮਜ਼ੋਰ ਹੋ ਰਹੀ ਬੰਨ ਨੂੰ ਲੈ ਕੇ ਚਿੰਤਾ ਵਧ ਗਈ ਸੀ।ਇਸ ਹਾਲਾਤ ਨੂੰ ਦੇਖਿਦਆਂ ਕਰਨਵੀਰ ਕਟਾਰੀਆ ਨੇ ਪਿੰਡ ਵਾਸੀਆਂ ਅਤੇ ਅਧਿਕਾਰੀਆਂ ਨਾਲ ਮੀਟਿੰਗਾਂ ਕਰਦਿਆਂ ਜਗ੍ਹਾ-ਜਗ੍ਹਾ ਤੇ ਬੰਨ ਦੀ ਪਕਾਈ ਅਤੇ ਉਸਦੀ ਮੁਰੰਮਤ ਲਈ ਉਪਰਾਲੇ ਸ਼ੁਰੂ ਕੀਤੇ। ਕਰਨਵੀਰ ਕਟਾਰੀਆ ਨੇ ਕਿਹਾ ਕਿ ਪਿੰਡਾਂ ਦੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ। ਉਹਨਾਂ ਕਿਹਾ ਕਿ ਬੇਲਾ ਤਾਜੋਵਾਲ, ਹੈਡੋ ਬੇਟ ,ਔਲੀਆਪੁਰ, ਖੋਜਾ ਬੇਟ ਬੰਨ ਦੀ ਸੰਭਾਲ ਲਈ ਲੋਕਾਂ ਨਾਲ ਮਿਲ ਕੇ ਪੱਕੇ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਅਗਲੇ ਸਮੇਂ ਕਿਸੇ ਵੀ ਤਰ੍ਹਾਂ ਦੀ ਹੜ੍ਹ ਆਉਣ 'ਤੇ ਲੋਕਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਪਿੰਡ ਵਾਸੀਆਂ ਨੇ ਕਰਨਵੀਰ ਕਟਾਰੀਆ ਦੇ ਯਤਨਾਂ ਨੂੰ ਸਰਾਂਹਦੇ ਹੋਏ ਕਿਹਾ ਕਿ ਉਹਨਾਂ ਦੀ ਲਗਨ ਕਾਰਨ ਹੀ ਬੇਲਾ ਤਾਜੋਵਾਲ ਅਤੇ ਨਾਲ ਲੱਗਦੇ ਹੋਰਾਂ ਪਿੰਡਾਂ ਨੂੰ ਆਉਣ ਵਾਲੇ ਖਤਰੇ ਤੋਂ ਬਚਾਉਣ ਵਾਸਤੇ ਪੱਕਾ ਰਾਹ ਬਣ ਸਕਦਾ ਹੈ। ਬੇਲਾ ਤਾਜੋਵਾਲ ਬੰਨ ਦੀ ਮਜ਼ਬੂਤੀ ਲਈ ਇਹ ਕਾਰਜ ਯੂਥ ਆਗੂ ਦੀ ਲੋਕਾਂ ਪ੍ਰਤੀ ਵਚਨਬੱਧਤਾ ਅਤੇ ਜ਼ਮੀਨੀ ਪੱਧਰ 'ਤੇ ਕੀਤੇ ਜਾ ਰਹੇ ਕਾਰਜਾਂ ਦਾ ਸਪੱਸ਼ਟ ਸਬੂਤ ਹੈ। ਆਮ ਆਦਮੀ ਦੇ ਵਲੰਟੀਅਰ ਤੇ ਪਿੰਡ ਵਾਸੀ ਹਾਜ਼ਰ ਸਨ।

# ਰਾਜਸੀ ਮੁਕਾਬਲੇਬਾਜ਼ੀ ਛੱਡ ਦੁਖਿਆਰਿਆਂ ਦੀ ਬਾਂਹ ਫੜਣ ਹਕੂਮਤਾਂ : ਰੰਧਾਵਾ

**ਜਲੰਧਰ (ਰਾਜੇਸ਼ ਥਾਪਾ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਨੇ ਹੜ੍ਹਾਂ ਨਾਲ ਦਿਨੋ-ਦਿਨ ਗੰਭੀਰ ਹੁੰਦੇ ਜਾ ਰਹੇ ਪੰਜਾਬ ਦੇ ਹਾਲਾਤ ਬਾਰੇ ਡੂੰਘੀ ਚਿੰਤਾ ਦਾ ਇਜ਼ਹਾਰ ਕਰਦਿਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਦੀ ਹਾਲਾਤ ਨਾਲ ਨਜਿੱਠਣ ਪੱਖੋਂ ਮੁਜਰਮਾਨਾ ਅਸਫਲਤਾ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਹੜ੍ਹ ਮਾਰੇ ਲੋਕਾਂ ਦੀ ਵਿਤੋਂ ਵੱਧ ਇਮਦਾਦ ਕਰਨ ਵਾਲੇ ਪ੍ਰਾਂਤ ਵਾਸੀਆਂ ਤੇ ਗੁਆਂਢੀ ਸੂਬਿਆਂ ਦੇ ਫਰਾਖਦਿਲ ਬਾਸ਼ਿੰਦਿਆਂ ਦੀ ਭਰਪੂਰ ਸ਼ਲਾਘਾ ਕੀਤੀ ਹੈ।ਰੰਧਾਵਾ ਤੇ ਜਾਮਾਰਾਏ ਨੇ ਇਸ ਗੱਲੋਂ ਡਾਢਾ ਰੋਸ ਜ਼ਾਹਿਰ ਕੀਤਾ ਹੈ ਕਿ ਕੇਂਦਰੀ ਤੇ ਪ੍ਰਾਂਤਕ ਸਰਕਾਰਾਂ ਦੇ ਨੁਮਾਇੰਦੇ ਇਸ ਔਖੀ ਘੜੀ 'ਚ ਦਿਆਨਤਦਾਰੀ ਨਾਲ ਆਪਣਾ ਬਣਦਾ ਫਰਜ਼ ਅਦਾ ਕਰਨ ਦੀ ਬਜਾਏ ਰਾਜਸੀ ਕਿੜਾਂ ਕੱਢਣ 'ਤੇ ਸ਼ੋਸ਼ੇਬਾਜ਼ੀ ਕਰਨ 'ਚ ਮਸਰੂਫ ਹਨ।ਇਸ ਪੱਖੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਨਾਲ ਬਦਲਾਖੋਰੀ ਤੋਂ ਪ੍ਰੇਰਿਤ ਸੰਵੇਦਨਹੀਨਤਾ ਸਭ ਤੋਂ ਜ਼ਿਆਦਾ ਤਕਲੀਫ਼ ਦੇਹ ਹੈ।ਉਨ੍ਹਾਂ ਕਿਹਾ ਕਿ ਇਹ ਵੀ ਡਾਢੇ ਅਫਸੋਸ ਦੀ ਗੱਲ ਹੈ ਕਿ ਇੱਕਾ-ਦੁੱਕਾ ਨੂੰ ਛੱਡ ਕੇ ਸੂਬੇ ਨਾਲ ਸਬੰਧਤ ਜ਼ਿਆਦਾਤਰ ਐਮ ਪੀ ਵੀ ਕਿੱਧਰੇ ਨਜ਼ਰ ਨਹੀਂ ਆ ਰਹੇ।ਸਾਥੀ ਰੰਧਾਵਾ ਤੇ ਜਾਮਾਰਾਏ ਨੇ ਫਸਲਾਂ, ਘਰਾਂ-ਦੁਕਾਨਾਂ, ਪਸ਼ੂ ਧਨ ਆਦਿ ਦੇ ਇਵਜ਼ਾਨੇ ਵਜੋਂ ਤੇ ਦਰਜਨਾਂ ਮ੍ਰਿਤਕਾਂ ਦੇ ਪਰਵਾਰਾਂ ਦੇ ਮੁੜ ਵਸੇਬੇ ਲਈ ਸਰਕਾਰਾਂ ਤੋਂ ਪੂਰੀ ਫਰਾਖ਼ਦਿਲੀ ਨਾਲ ਮੁਆਵਜ਼ਾ ਰਾਸ਼ੀ ਜਾਰੀ ਕਰਨ ਦੀ ਮੰਗ ਕੀਤੀ ਹੈ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਲੀਡਰਸ਼ਿਪ ਵੱਲੋਂ ਇੱਕ ਦਿਨ ਦੀ ਤਨਖਾਹ ਹੜ੍ਹ ਪੀੜਤਾਂ ਨੂੰ ਦੇਣ ਦਾ ਫੈਸਲਾ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਵਿੱਚ ਹੜ੍ਹਾਂ ਨਾਲ ਪੈਦਾ ਹੋਏ ਭਿਆਨਕ ਹਾਲਤਾਂ ਦੇ ਮੱਦੇਨਜ਼ਰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਫੌਰੀ ਸੂਬਾਈ ਮੀਟਿੰਗ ਗੂਗਲ ਮੀਟ ਰਾਹੀਂ ਸੂਬਾ ਪ੍ਰਧਾਨ ਸਾਥੀ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਜੀਟੀਯੂ ਪੰਜਾਬ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਵਿੱਤ ਸਕੱਤਰ ਅਮਨਦੀਪ ਸ਼ਰਮਾ ਸਹਾਇਕ ਪ੍ਰੈਸ ਸਕੱਤਰ ਗਣੇਸ਼ ਭਗਤ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਅੰਦਰ ਹੋਈ ਤਬਾਹੀ ਤੇ ਜਥੇਬੰਦੀ ਵੱਲੋਂ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ। ਜਥੇਬੰਦੀ ਵੱਲੋਂ ਆਪਣੇ ਜਨ-ਹਿੱਤ ਪ੍ਰਥਮੈ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਮੀਟਿੰਗ ਵਿੱਚ ਨਿਮਨ ਅਨੁਸਾਰ ਫੈਸਲੇ ਲਏ ਗਏ।ਮੀਟਿੰਗ ਵਿੱਚ ਸਮੂਹ ਜਿਲ੍ਹਾ ਪ੍ਰਧਾਨ/ ਸਕੱਤਰ/ਆਗੂ/ਜੱਥੇਬੰਦੀ ਦੇ ਮੈਂਬਰ/ਅਧਿਆਪਕਾਂ ਨੂੰ ਅਪੀਲ ਕੀਤੀ ਗਈ ਕਿ ਸਰਕਾਰੀ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਪਰਵਾਰਾਂ ਦਾ ਹੜ੍ਹਾਂ ਦੇ ਪ੍ਰਕੋਪ ਕਾਰਣ ਜੇਕਰ ਕੋਈ ਵੀ ਜਾਨੀ ਮਾਲੀ (ਘਰ ਢਹਿਣ, ਮਾਲ ਡੰਗਰ ਆਦਿ) ਨੁਕਸਾਨ ਹੋ ਇਆ ਹੋਵੇ ਤਾਂ ਉਸ ਪਰਵਾਰ ਦੀ ਪਹਿਲ ਦੇ



ਅਧਾਰ 'ਤੇ ਮੱਦਦ ਕੀਤੀ ਜਾਵੇ। ਇਸੇ ਤਰ੍ਹਾਂ ਹੀ ਨਿਗੂਣੇ ਸੋਮਿਆਂ ਤੇ ਕੰਮ ਕਰਦੇ ਆਪਣੇ ਸਕੂਲ ਦੇ ਮਿਡ ਡੇ ਮੀਲ ਵਰਕਰਾਂ ਦਾ ਕੋਈ ਨੁਕਸਾਨ ਹੋਇਆ ਹੋਵੇ ਤਾਂ ਉਸ ਦੀ ਪਹਿਲ ਦੇ ਆਧਾਰ 'ਤੇ ਮੱਦਦ ਕੀਤੀ ਜਾਵੇ। ਜੀ ਟੀ ਯੂ ਦੇ ਆਗੂਆਂ ਗੁਰਪ੍ਰੀਤ ਸਿੰਘ ਅਮੀਵਾਲ, ਕੁਲਦੀਪ ਪੁਰੋਵਾਲ,ਗੁਰਦੀਪ ਬਾਜਵਾ, ਮਨੋਹਰ ਲਾਲ ਸ਼ਰਮਾ ਨੇ ਦੱਸਿਆ ਕੇ ਅਧਿਆਪਕ ਜਿੱਥੇ ਪੜ੍ਹਾਉਣ ਦਾ ਕਰਮ ਕਰਦੇ ਹਨ, ਉਸ ਪਿੰਡ ਦੇ ਹਾਲਾਤਾਂ 'ਤੇ ਨਜ਼ਰ ਰੱਖਣ ਤੇ ਹੜ੍ਹਾਂ ਕਾਰਨ ਪ੍ਰਭਾਵਿਤ ਪਰਵਾਰਾਂ ਦੀ ਮੱਦਦ ਪਹਿਲ ਦੇ ਅਧਾਰ 'ਤੇ ਕਰਨ ਦਾ ਫੈਸਲਾ ਕੀਤਾ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁਕੇਰੀਆਂ ਦੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਬ ਡਵੀਜ਼ਨ ਮੁਕੇਰੀਆਂ ਅਧੀਨ ਆਉਂਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠਾਂ ਮੁਕੇਰੀਆਂ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ।ਹੜ੍ਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ।ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮੱਗਰੀ ਵੰਡੀ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਇਆਂ ਕਿਸਾਨ ਮੋਰਚੇ ਦੇ ਆਗੂ ਅਮਰਜੀਤ ਕਨੂੰਗੋ, ਲਖਬੀਰ ਸਿੰਘ, ਡਾ. ਜਤਿੰਦਰ ਕਾਲੜਾ, ਸਵਰਨ ਸਿੰਘ, ਤਰਲੋਕ ਸਿੰਘ, ਰੋਸ਼ਨ ਖਾਨ, ਧਰਮਿੰਦਰ ਸਿੰਘ ਆਦਿ ਨੇ ਦੱਸਿਆ ਕਿ ਅੱਜ ਹਲੇੜ ਜਨਾਰਧਨ, ਮੋਤਲਾ, ਕੁੱਲ੍ਹੀਆਂ, ਕਲੋਤੀਆਂ, ਸਿਬਲੀ, ਮਹਿਤਾਬਪੁਰ ਆਦਿ ਪਿੰਡਾਂ 'ਚ ਦੌਰਾ ਕੀਤਾ।ਇਸ ਮੌਕੇ ਹੜ੍ਹ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ, ਪੀੜ੍ਹਤਾਂ ਨੂੰ ਮੋਰਚੇ ਵੱਲੋਂ ਰਾਹਤ ਸਮੱਗਰੀ ਵੀ ਵੰਡੀ ਗਈ।ਆਗੂਆਂ ਨੇ ਦੱਸਿਆ ਕਿ ਪ੍ਰਭਾਵਿਤ ਪਿੰਡਾਂ 'ਚ ਵੱਖ ਵੱਖ ਸੇਵਾ ਸੁਸਾਇਟੀਆਂ, ਨੌਜਵਾਨ ਸਭਾਵਾਂ ਅਤੇ ਸਰਹੱਦੀ ਸੂਬਾ ਹਿਮਾਚਲ ਪ੍ਰਦੇਸ਼ ਦੇ ਮੁਕੇਰੀਆਂ ਨਾਲ ਲੱਗਦੇ ਪਿੰਡਾਂ ਤੋਂ ਵੱਡੀ ਗਿਣਤੀ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ। ਪਿੰਡ ਮੋਤਲਾ ਦੇ ਸਾਬਕਾ ਸਰਪੰਚ ਜਗਤਰਾਮ ਨੇ ਦੱਸਿਆ ਕਿ ਬਿਆਸ ਦਰਿਆ ਕੰਢੇ ਵਸੇ ਇਹ ਪਿੰਡ ਪਿਛਲੇ 15 ਦਿਨਾਂ ਤੋਂ ਪਾਣੀ 'ਚ ਡੁੱਬੇ ਹੋਏ ਹਨ, ਹੁਣ ਮੀਂਹ 'ਚ ਕਮੀ ਆਉਣ ਕਾਰਨ ਪਾਣੀ ਘਟਿਆ ਹੈ, ਅਤੇ ਪਿੰਡਾਂ 'ਚੋਂ ਵੀ ਪਾਣੀ ਉਤਰਨ ਲੱਗਾ ਹੈ। ਉਨ੍ਹਾਂ ਦੇ ਪਿੰਡ ਮੋਤਲਾ ਕੋਲ ਬਣਿਆ ਧੁੱਸੀ ਬੰਨ੍ਹ ਐਂਤਕੀ ਫਿਰ ਟੁੱਟ ਗਿਆ।ਜਿਸਨੇ ਨੀਵੇਂ ਪਿੰਡਾਂ 'ਚ ਭਾਰੀ ਤਬਾਹੀ ਮਚਾਈ। ਪਿੰਡਾਂ 'ਚ ਕਰੀਬ 6 ਤੋਂ 8 ਫੁੱਟ ਤੱਕ ਪਾਣੀ ਚੜ੍ਹਿਆ ਹੋਇਆ ਸੀ, ਉਨ੍ਹਾਂ ਦੇ ਪਿੰਡ ਦੀ ਮੁੱਖ ਲਿੰਕ ਸੜਕ ਹੜ੍ਹ ਦੇ ਪਾਣੀ 'ਚ ਰੁੜ੍ਹ ਗਈ। ਸੰਯੁਕਤ ਕਿਸਾਨ ਮੋਰਚਾ ਮੁਕੇਰੀਆਂ ਦੇ ਆਗੂਆਂ ਨੇ ਹੜ੍ਹ ਪੀੜਤ ਪਿੰਡਾਂ ਦਾ ਦੌਰਾ ਕਰਨ ਉਪਰੰਤ ਸਰਕਾਰ 'ਤੇ ਬਿਆਸ ਦਰਿਆ 'ਚ ਆਈ ਸਿਲਟ ਨੂੰ ਚੈਨਲਾਈਜ਼ ਕਰਨ, ਪਿੰਡ ਮੋਤਲਾ ਤੋਂ ਧਨੋਆ ਤੱਕ ਜ਼ਮੀਨ ਐਕਵਾਇਰ ਕਰਕੇ ਧੁੱਸੀ ਬੰਨ੍ਹ ਬਣਾਉਣ, ਕਿਸਾਨਾਂ ਦੀ ਤਬਾਹ ਹੋ ਚੁੱਕੀ ਫਸਲ ਦਾ ਪ੍ਰਤੀ ਕਿੱਲਾ 70 ਹਜ਼ਾਰ, ਹੜ੍ਹ ਚੁੱਕੀ ਜ਼ਮੀਨ ਲਈ ਇੱਕ ਲੱਖ ਰੁਪਏ ਪ੍ਰਤੀ ਏਕੜ, ਮਜ਼ਦੂਰ ਪਰਿਵਾਰਾਂ ਦੇ ਡਿੱਗ ਚੁੱਕੇ ਮਕਾਨਾਂ ਦੀ ਰਿਪੇਅਰ ਜਾਂ ਨਵੇਂ ਬਣਾਉਣ ਲਈ ਤਿੰਨ ਲੱਖ ਰੁਪਏ, ਮਜ਼ਦੂਰ ਪਰਿਵਾਰਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਪਰਵਾਰ ਰਾਹਤ ਬਤੌਰ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।



# ਹੜ੍ਹ ਪੀੜਤਾਂ ਲਈ ਤੂੜੀ ਦੀਆਂ ਤਿੰਨ ਟਰਾਲੀਆਂ ਭੇਜੀਆਂ

**ਨਵਾਂਸ਼ਹਿਰ (ਮਨੋਜ ਲਾਡੀ)** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਕੋਰ ਕਮੇਟੀ ਮੈਂਬਰ ਸੁਖਦੀਪ ਸਿੰਘ ਸ਼ੁਕਾਰ ਨੇ ਦੱਸਿਆ ਕਿ ਪਿੰਡ ਉੜਾਪੜ ਤੋਂ ਸਤਿੰਦਰ ਸਿੰਘ ਸਾਬਕਾ ਸਰਪੰਚ ਦੀ ਅਗਵਾਈ ਵਿੱਚ ਹੜ੍ਹ ਪੀੜਤਾਂ ਲਈ ਤੂੜੀ ਦੀਆਂ ਤਿੰਨ ਟਰਾਲੀਆਂ ਭੇਜੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾ ਧੈਰਜ਼ਪੁਰ ਬੇਟ ਤੋਂ ਬੰਨ੍ਹ ਦੀ ਮਜ਼ਬੂਤੀ ਲਈ ਕੰਮ ਕਰ ਰਹੀਆਂ ਜੇਸੀਬੀ ਮਸ਼ੀਨਾਂ ਅਤੇ ਹੋਰਨਾਂ ਟਰੈਕਟਰ ਟਰਾਲੀਆਂ ਲਈ 1000 ਲੀਟਰ ਡੀਜ਼ਲ ਦੇਣ ਦੇ ਵੀ ਉਪਰਾਲੇ ਕੀਤੇ ਜਾ ਰਹੇ ਹਨ।ਇਸ ਮੌਕੇ ਦਿਲਸ਼ ਕੁਮਾਰ ਫਿਟਾ- ਡੀਈਓ, ਹਰਪ੍ਰੀਤ ਸਿੰਘ ਖਾਰਾ ਸਰਕਲ ਪ੍ਰਧਾਨ ਕਰਿਆਮ, ਸਚਿਨ ਕੁਮਾਰ ਸ਼ਾਹਪੁਰ ਪੱਟੀ, ਨਰਿੰਦਰ ਸਿੰਘ ਖਾਰਾ, ਜਗਿੰਦਰ ਸਿੰਘ ਰੰਧਾਵਾ, ਸਤਨਾਮ ਸਿੰਘ ਤਾਜੋਵਾਲ, ਸੁਰਿੰਦਰ ਸਿੰਘ ਤਾਜੋਵਾਲ, ਮਹਿੰਦਰ ਸਿੰਘ ਢਿੱਲੋਂ ਨੀਲੋਵਾਲ, ਰਾਮਲਾਲ ਜਾਨੀਆਂ, ਅਮਰੀਕ ਸਿੰਘ ਸ਼ੇਖੂਪੁਰ ਸਰਕਲ ਪ੍ਰਧਾਨ ਜਾਡਲਾ, ਕੁਲਵਿੰਦਰ ਸਿੰਘ ਕਾਜਮਪੁਰ ਸਰਕਲ ਪ੍ਰਧਾਨ ਉਸਮਾਨਪੁਰ ਸਮੇਤ ਹੋਰ ਅਕਾਲੀ ਵਰਕਰ ਹਾਜ਼ਰ ਸਨ।

# ਕੁਦਰਤੀ ਆਫਤ ਦੇ ਸ਼ਿਕਾਰ ਲੋਕਾਂ ਦੀ ਬਾਂਹ ਫੜਨਾ ਸਮਾਜ ਦਾ ਫਰਜ਼ : ਵਿਪਨ ਖੁਰਾਨਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਮਾਜ ਸੇਵੀ ਜੱਥੇਬੰਦੀ ਜਨਤਾ ਸੇਵਾ ਸੰਮਤੀ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਦੇ ਮਨੋਰਥ ਨਾਲ ਰਣਜੀਤ ਸਿੰਘ ਬੱਬੋ ਅਤੇ ਪਰਵਾਰ ਦੇ ਸਹਿਯੋਗ ਸਦਕਾ 70 ਤਿਰਪਾਲਾਂ ਐਸ ਡੀ ਐਮ ਫਗਵਾੜਾ ਜਸ਼ਨਜੀਤ ਸਿੰਘ ਨੂੰ ਭੇਟ ਕੀਤੀਆਂ



ਗਈਆਂ।ਇਸ ਮੌਕੇ ਜਨਤਾ ਸੇਵਾ ਸੰਮਤੀ ਦੇ ਪ੍ਰਧਾਨ ਵਿਪਨ ਖੁਰਾਨਾ ਨੇ ਦੱਸਿਆ ਕਿ ਪਿੰਡਾਂ 'ਚ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਪਹਿਲੀ ਜ਼ਰੂਰਤ ਤਿਰਪਾਲਾਂ ਹਨ, ਕਿਉਂਕਿ ਜਿਹਨਾਂ ਘਰਾਂ ਦਾ ਇਸ ਬਰਸਾਤ ਵਿੱਚ ਭਾਰੀ ਨੁਕਸਾਨ ਹੋਇਆ ਹੈ, ਉਹਨਾਂ 'ਚ ਰਹਿੰਦੇ ਪਰਿਵਾਰਾਂ ਕੋਲ ਸਿਰ ਢਕਣ ਲਈ ਜਗ੍ਹਾ ਨਹੀਂ ਹੈ।ਉਹਨਾਂ ਸਮੂਹ ਫਗਵਾੜਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਕੁਦਰਤੀ ਆਫਤ ਦਾ ਸ਼ਿਕਾਰ ਹੋਏ ਲੋਕਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇ, ਕਿਉਂਕਿ ਇਸ ਸਮੇਂ ਸਮਾਜ ਦਾ ਇਹ ਮੁਢਲਾ ਫਰਜ਼ ਹੈ।ਇਸ ਦੌਰਾਨ ਮੌਜੂਦ ਰਹੇ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਅਤੇ ਸਮਾਜ ਸੇਵਕ ਜਸਵਿੰਦਰ ਸਿੰਘ ਭਗਤਪੁਰਾ ਨੇ ਜਨਤਾ ਸੇਵਾ ਸੰਮਤੀ ਅਤੇ ਰਣਜੀਤ ਸਿੰਘ ਬੱਬੋ ਵਲੋਂ ਕੀਤੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਉਹਨਾਂ ਕਿਹਾ ਕਿ ਫਗਵਾੜਾ ਦੀਆਂ ਸਮੂਹ ਸਮਾਜਿਕ, ਧਾਰਮਿਕ ਜੱਥੇਬੰਦੀਆਂ, ਐਨ.ਆਰ. ਆਈ. ਵੀਰਾਂ ਅਤੇ ਸਮਾਜ ਦੇ ਸਮਰੱਥ ਲੋਕਾਂ ਨੂੰ ਅਜਿਹੇ ਉਪਰਾਲੇ ਵੱਡੀ ਪੱਧਰ ਤੇ ਕਰਨੇ ਚਾਹੀਦੇ ਹਨ ਤਾਂ ਜੋ ਸਿਰਫ ਫਗਵਾੜਾ ਹੀ ਨਹੀਂ ਸਗੋਂ ਪੰਜਾਬ ਭਰ ਦੇ ਹੜ੍ਹ ਪੀੜਤਾਂ ਨੂੰ ਵੱਧ ਤੋਂ ਵੱਧ ਰਾਹਤ ਪਹੁੰਚਾਈ ਜਾ ਸਕੇ।ਇਸ ਮੌਕੇ ਜੁਗਲ ਕਿਸ਼ੋਰ ਚਾਨਣਾ, ਬਰਜਿੰਦਰ ਸਿੰਘ ਤੁਲੀ, ਰਾਜਿੰਦਰ ਛਾਬੜਾ, ਵਿਜੇ ਕੁਮਾਰ, ਸੁਰਿੰਦਰ ਸੂਰੀ, ਗੁਲਸ਼ਨ ਕਪੂਰ, ਬਾਵਾ ਸਿੰਘ ਆਦਿ ਹਾਜ਼ਰ ਸਨ।

# ਅਲਾਵਲਪੁਰ 'ਚ ਕਈ ਘਰਾਂ 'ਚ ਪਾਣੀ ਭਰਿਆ

**ਅਲਾਵਲਪੁਰ (ਮਦਨ ਬੰਗੜ)**- ਪਿਛਲੇ ਕਈ ਦਿਨਾਂ ਤੋਂ ਲਗਾਤਾਰ ਮੀਂਹ ਪੈਣ ਕਾਰਨ ਅਲਾਵਲਪੁਰ ਅਤੇ ਆਸ ਪਾਸ ਦੇ ਪਿੰਡਾਂ ਵਿਚ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਗਿਆ ਹੈ।ਸਥਾਨਕ ਠੱਠੀ ਮਹੱਲਾ ਦੀ ਡੱਡੂ ਕਲੋਨੀ ਵਿੱਚ ਮੀਂਹ ਦਾ ਪਾਣੀ ਕਈ ਘਰਾਂ ਵਿੱਚ ਚਾਰ ਤੋਂ ਪੰਜ ਫੁੱਟ ਤੱਕ ਭਰ ਗਿਆ, ਜਿਸ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਘਰਾਂ ਵਿੱਚ ਘਰੇਲੂ ਸਮਾਨ ਨੂੰ ਨੁਕਸਾਨ ਪਹੁੰਚਿਆ ਹੈ ।ਦੱਸਿਆ ਜਾ ਰਿਹਾ ਹੈ ਕਿ ਭਾਰੀ ਬਾਰਿਸ਼ ਤੋਂ ਬਾਅਦ ਪੂਰੀ ਕਲੋਨੀ ਪਾਣੀ ਨਾਲ ਭਰ ਗਈ। ਮੌਕੇ 'ਤੇ ਪਹੁੰਚੇ ਪਵਨ ਕੁਮਾਰ ਟੀਨੂੰ ਵਲੋਂ ਪੀੜਤ ਪਰਵਾਰਾਂ ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਮੌਕੇ 'ਤੇ ਹੀ ਸੰਭਵ ਸਹਾਇਤਾ ਮੁਹੱਈਆ ਕਰਵਾਈ ਗਈ।ਮੀਂਹ ਕਾਰਨ ਚੋਅ ਰਹੇ ਲਗਭਗ 25 ਘਰਾਂ ਨੂੰ ਤਰਪਾਲਾਂ ਵੀ ਵੰਡੀਆਂ ਗਈਆਂ।ਉਨ੍ਹਾਂ ਅਲਾਵਲਪੁਰ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ। ਉਹਨਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਸਰਕਾਰ ਨੇ ਹੈਲਪਲਾਈਨ ਨੰਬਰ ਦਿੱਤੇ ਹਨ।ਪਵਨ ਟੀਨੂ ਵੱਲੋਂ ਮੌਕੇ 'ਤੇ ਨਗਰ ਕੌਂਸਲ ਕਰਮਚਾਰੀਆਂ ਦੀ ਸਹਾਇਤਾ ਨਾਲ ਠੱਠੀ ਮਹੱਲੇ ਦੇ ਘਰਾਂ ਵਿੱਚੋਂ ਪਾਣੀ ਨੂੰ ਬਾਹਰ ਕੱਢਣ ਲਈ ਜਨਰੇਟਰ ਪੰਪ ਲਗਾਇਆ ਗਿਆ। ਇਸ ਮੌਕੇ ਅਧਿਕਾਰੀ



ਰਾਮਜੀਤ, ਸੀਨੀਅਰ ਪੁਲਿਸ ਅਧਿਕਾਰੀ ਕੁਲਵੰਤ ਸਿੰਘ, ਐਸ ਐਚ ਓ ਆਦਮਪੁਰ ਰਵਿੰਦਰ ਪਾਲ ਸਿੰਘ, ਚੇਅਰਮੈਨ ਪਰਮਜੀਤ ਰਾਜਵੰਸ਼, ਚਰਨਜੀਤ ਸ਼ੇਰੀ , ਨੰਬਰਦਾਰ ਸੁਖਬੀਰ ਸਿੱਧੂ, ਸੰਜੀਵ ਮਿੰਟੂ, ਪਰਮਜੀਤ ਪੱਪੀ ਪ੍ਰਧਾਨ, ਮਨਦੀਪ ਸਿੰਘ, ਰਾਮ ਗੋਪਾਲ, ਹੰਸ ਰਾਜ ਭੈਰੋ, ਅਮਰੀਕ ਸਿੰਘ, ਸੰਜੀਵ ਗਾਂਧੀ ਅਤੇ ਨਗਰ ਕੌਂਸਲ ਦੇ ਕਰਮਚਾਰੀ ਮੌਜੂਦ ਸਨ।

# ਵਿਜੇ ਹੰਸ ਦੀ ਬਰਸੀ ਮੌਕੇ ਸਮਾਰੋਹ ਅੱਜ

**ਅਲਾਵਲਪੁਰ (ਮਦਨ ਬੰਗੜ)**- ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਸੰਸਥਾਪਕ ਪ੍ਰਧਾਨ ਸਾਹਿਬ ਵਿਜੇ ਹੰਸ ਦੀ 6ਵੀਂ ਬਰਸੀ ਮੌਕੇ 5 ਸਤੰਬਰ ਦਿਨ ਸ਼ੁੱਕਰਵਾਰ ਨੂੰ ਕਮਿਊਨਿਟੀ ਹਾਲ ਅਲਾਵਲਪੁਰ ਵਿਚ ਧਾਰਮਿਕ ਸਮਾਰੋਹ ਕਰਵਾਇਆ ਜਾ ਰਿਹਾ ਹੈ, ਜਿਸ ਤੋਂ ਬਾਅਦ ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਰਾਸ਼ਟਰੀ ਅਤੇ ਸਟੇਟ ਪੱਧਰ ਦੇ ਨੇਤਾ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸਾਹਿਬ ਵਿਜੇ ਹੰਸ ਦੇ ਜੀਵਨ 'ਤੇ ਚਾਨਣਾ ਪਾਉਣਗੇ। ਪਾਰਟੀ ਦੇ ਰਾਸ਼ਟਰੀ ਪ੍ਰਧਾਨ ਰਾਜਿੰਦਰ ਗਿੱਲ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਮੌਕੇ ਪਾਰਟੀ ਵੱਲੋਂ ਸੀਨੀਅਰ ਲੀਡਰਸ਼ਿਪ ਦੇ ਸੁਝਾਅ ਲੈ ਕੇ ਅਗਲੇ ਪ੍ਰੋਗਰਾਮ ਦਾ ਐਲਾਨ ਵੀ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ 2027 ਦੀਆਂ ਯੂ. ਪੀ. ਅਤੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਬਿਉਂਤਬੰਦੀ ਆਰੰਭੀ ਜਾਵੇਗੀ।

# ਰੌੜੀ ਨੇ ਪਾਰਟੀ ਵਰਕਰਾਂ ਨੂੰ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਕੀਤੀ ਅਪੀਲ




**ਜੇਜੋਂ ਦੁਆਬਾ (ਨਿਰਮਲ ਸਿੰਘ ਮੁੱਗੋਵਾਲ)** ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਦੇ ਦਫ਼ਤਰ ਵਪਾਰ ਵਿੰਗ ਦੇ ਹਲਕਾ ਇੰਚਾਰਜ ਵਿਨੋਦ ਕੁਮਾਰ ਸੋਨੀ, ਕਿਸਾਨ ਵਿੰਗ ਦੇ ਹਲਕਾ ਇੰਚਾਰਜ ਕਮਲਜੀਤ ਸਿੰਘ ਜੱਸੋਵਾਲ ਤੇ ਇਸਤਰੀ ਵਿੰਗ ਦੇ ਹਲਕਾ ਇੰਚਾਰਜ ਸ਼੍ਰੀਮਤੀ ਪਰਮਜੀਤ ਕੌਰ ਦਾ ਸ.ਜੈ ਕ੍ਰਿਸ਼ਨ ਸਿੰਘ ਰੌੜੀ ਤੇ ਪਾਰਟੀ ਆਗੂਆਂ ਵੱਲੋਂ ਵਿਸ਼ੇਸ ਸਨਮਾਨ ਕੀਤਾ ਗਿਆਂ।ਇਸ ਮੌਕੇ ਨਵ ਨਿਯੁਕਤ ਹਲਕਾ ਪ੍ਰਧਾਨਾਂ ਨੇ ਜਿਥੇ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਧੰਨਵਾਦ ਕੀਤਾ ਉਥੇ ਉਨ੍ਹਾਂ ਸਮੁੱਚੀ ਲੀਡਰਸ਼ਿਪ ਦਾ ਵੀ ਧੰਨਵਾਦ ਕੀਤਾ। ਜਿਨ੍ਹਾਂ ਨੇ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਦੇ ਨਿਵਾਜਿਆ। ਉਨ੍ਹਾਂ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਸਮੂਹ ਹਲਕਾ ਵਲੰਟੀਅਰ ਨੂੰ ਅਪੀਲ ਕੀਤੀ ਕਿ ਜਿੱਥੇ ਵੀ ਕੋਈ ਹੜ੍ਹ ਪ੍ਰਭਾਵਿਤ ਲੋਕ ਹਨ ਉਨ੍ਹਾਂ ਦੀ ਉਥੇ ਜਾਂ ਕੇ ਮੱਦਦ ਕੀਤੀ ਜਾਵੇ।

# ਡੀ ਸੀ ਵੱਲੋਂ ਨੰਗਲ ਵਾਸੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਅਪੀਲ

**ਰੋਪੜ (ਬਿੰਦਰਾ)** ਡਿਪਟੀ ਕਮਿਸ਼ਨਰ ਰੋਪੜ ਵਰਜੀਤ ਵਾਲੀਆ ਨੇ ਉਚੇਚੇ ਸੁਨੇਹੇ ਵਿੱਚ ਸਤਲੁਜ ਦਰਿਆ ਦੇ ਕੰਢੇ ਵਸੇ ਤਹਿਸੀਲ ਅਨੰਦਪੁਰ ਸਾਹਿਬ ਤੇ ਨੰਗਲ ਪਿੰਡਾਂ ਦੇ ਵਸਨੀਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1679 ਤੱਕ ਪੁੱਜ ਗਿਆ ਹੈ, ਜੋ ਖ਼ਤਰੇ ਦੇ ਨਿਸ਼ਾਨ ਤੋਂ ਕੇਵਲ ਇੱਕ ਫੁੱਟ ਘੱਟ ਹੈ। ਇਸ ਲਈ ਕਿਸੇ ਵੀ ਸਮੇਂ ਭਾਖੜਾ ਡੈਮ ਤੋਂ ਛੱਡੇ ਜਾ ਰਹੇ ਪਾਣੀ ਵਿੱਚ ਵਾਧਾ ਕੀਤਾ ਜਾ ਸਕਦਾ ਹੈ।ਉਹਨਾਂ ਕਿਹਾ ਕਿ ਦਰਿਆ ਦਾ ਪਾਣੀ ਨਾਲ ਇਨ੍ਹਾਂ ਪਿੰਡਾਂ ਦਾ ਨੁਕਸਾਨ ਹੋ ਸਕਦਾ ਹੈ।ਉਹਨਾਂ ਨੇ ਇਨ੍ਹਾਂ ਪਿੰਡਾਂ ਦੇ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੁਰੱਖਿਅਤ ਥਾਵਾਂ 'ਤੇ ਚਲੇ ਜਾਣ।ਉਹਨਾਂ ਕਿਹਾ ਕਿ ਉਹ ਆਪਣੇ ਰਿਸ਼ਤੇਦਾਰਾਂ ਤੋਂ ਇਲਾਵਾ ਸਾਰੇ ਗੁਰੂ ਘਰਾਂ ਵਿੱਚ ਜਾ ਸਕਦੇ ਹਨ।ਇਸ ਤੋਂ ਇਲਾਵਾ ਪ੍ਰਸ਼ਾਸਨ ਵੱਲੋਂ ਕਾਇਮ ਕੀਤੇ ਸੈਲਟਰ ਹੋਮ ਵਿਚ ਵੀ ਜਾ ਸਕਦੇ ਹਨ ਜਿਥੇ ਉਹਨਾਂ ਦੇ ਰਹਿਣ ਅਤੇ ਖਾਣ-ਪੀਣ ਆਦਿ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ।ਉਹਨਾ ਨੇ ਕਿਹਾ ਕਿ ਪਾਣੀ ਦੇ ਵਾਧੇ ਕਾਰਨ ਨੰਗਲ ਇਲਾਕੇ ਦੇ ਹਰਸਾ ਬੇਲਾ, ਬੇਲਾ ਰਾਮਗੜ੍ਹ, ਬੇਲਾ ਧਿਆਨੀ ਉਪਰਾ, ਬੇਲਾ ਧਿਆਨੀ ਹੇਠਲਾ, ਸੈਂਸੋਵਾਲ, ਐਲਗਰਾਂ, ਬੇਲਾ ਸ਼ਿਵ ਸਿੰਘ, ਭਲਾਨ, ਭਨਾਮ, ਸਿੰਘ ਪੁਰਾ, ਪਲਾਸੀ, ਤਰਫਮਜਾਰਾ, ਮਜਾਰੀ ਅਤੇ ਸ੍ਰੀ ਅਨੰਦਪੁਰ ਸਾਹਿਬ ਇਲਾਕੇ ਦੇ ਪਿੰਡ ਬੁਰਜ, ਚੰਦਪੁਰ ਬੇਲਾ,ਗਜਪੁਰ ਬੇਲਾ, ਸ਼ਾਹਪੁਰ ਬੇਲਾ, ਨਿੱਕੂਵਾਲ,ਅਮਰਪੁਰ ਬੇਲਾ, ਲੋਧੀਪੁਰ ਦੇ ਵਸਨੀਕਾਂ ਨੂੰ ਸਾਵਧਾਨ ਰਹਿਣ ਤੇ ਜ਼ਰੂਰਤ ਪੈਣ 'ਤੇ ਸੁਰੱਖਿਅਤ 'ਤੇ ਜਾਣ ਦੀ ਅਪੀਲ ਡਿਪਟੀ ਕਮਿਸ਼ਨਰ ਵਲੋਂ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਸਤਲੁਜ ਦਰਿਆ ਵਿੱਚ ਪੈਣ ਵਾਲੇ ਨਦੀਆਂ ਨਾਲਿਆਂ ਦਾ ਪਾਣੀ ਘੱਟ ਗਿਆ ਹੈ ਇਸ ਲਈ ਰੋਪੜ ਹੈੱਡਵਰਕਸ ਤੋਂ ਅੱਗੇ ਦਰਿਆ ਵਿਚ ਛੱਡੇਂ ਜਾਣ ਵਾਲਾ ਪਾਣੀ ਪਹਿਲਾਂ ਜਿਨਾ ਹੀ ਰਹੇਗਾ।ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਫਵਾਹਾਂ ਤੋਂ ਬਚਣ ਦੀ ਅਪੀਲ ਕੀਤੀ ਤੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਦੀ ਪਾਲਣਾ ਕਰਨ।

# ਜ਼ਰੂਰਤਮੰਦ ਲੋਕਾਂ ਨੂੰ ਲੰਗਰ ਪਹੁੰਚਾਉਣ ਲਈ ਨੌਜਵਾਨਾਂ ਵੱਲੋਂ ਕੀਤੇ ਉਪਰਾਲੇ ਦੀ ਹਰ ਪਾਸੇ ਸ਼ਲਾਘਾ

**ਮਹਿਤਪੁਰ (ਰਾਜਾ)** ਪੰਜਾਬ ਪੰਜਾਬੀਅਤ ਤੇ ਸਾਂਝੀ ਵਾਰਤਾ ਨੂੰ ਆਪਸੀ ਭਾਈਚਾਰਕ ਸਾਂਝ ਨਾਲ ਤੇ ਜਰੂਰਤ ਵੇਲੇ ਹਰੇਕ ਦੀ ਮਦਦ ਲਈ ਆਉਣ ਵਾਲੇ ਪੰਜਾਬੀ ਅਕਸਰ ਹੀ ਦੇਸ਼ ਵਿਦੇਸ਼ ਵਿੱਚ ਆਪਣੀ ਇਸ ਕਾਰਗੁਜ਼ਾਰੀ ਕਰਕੇ ਹਮੇਸ਼ਾ ਹੀ



ਮੂਹਰਲੀਆਂ ਕਤਾਰਾਂ ਵਿੱਚ ਰਹਿੰਦੇ ਹਨ ਜਿਸ ਦੀ ਤਾਜ਼ਾ ਮਿਸਾਲ ਪੰਜਾਬ ਵਿੱਚ ਬੀਤੇ ਕੁਝ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਕਾਰਨ ਹੜ੍ਹਾਂ ਵਰਗੀ ਇਸ ਸਥਿਤੀ ਨੂੰ ਸੰਭਾਲਣ ਲਈ ਤੇ ਬੇਘਰ ਹੋਏ ਲੋਕਾਂ ਨੂੰ ਰਾਹਤ ਦੇਣ ਲਈ ਤੇ ਜ਼ਰੂਰਤਮੰਦ ਲੋਕਾਂ ਨੂੰ ਲੰਗਰ ਪਹੁੰਚਾਉਣ ਲਈ ਕੁਝ ਨੌਜਵਾਨਾਂ ਨੇ ਸਾਂਝੇ ਤੌਰ 'ਤੇ ਇਹ ਉਦਮ ਕੀਤਾ ਹੈ, ਜਿਸ ਵਿੱਚ ਗੁਰੂ ਨਾਨਕ ਟਾਇਰ ਵਰਕਸ ਮਹਿਤਪੁਰ ਅਤੇ ਤਾਜ ਬਿਲਡਰ ਨਕੋਦਰ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਨਾਲ ਰਲ ਮਿਲ ਕੇ ਲੰਗਰ ਦੀ ਸੇਵਾ ਨਿਭਾਉਣ ਦਾ ਬੀੜਾ ਚੁੱਕਿਆ ਹੋਇਆ ਹੈ ਜਿਨ੍ਹਾਂ ਵਿੱਚ ਪਿੰਡ ਭੁੱਲਰ ਤੇ ਨਕੋਦਰ ਵਿੱਚ ਲੰਗਰ ਦੀ ਸੇਵਾ ਸ਼ੁਰੂ ਕੀਤੀ ਹੋਈ ਹੈ। ਇਸ ਮੌਕੇ ਸੁਖਬੀਰ ਸਿੰਘ ਸੁੱਖੂ ਹਰਵਿੰਦਰ ਨਾਥ, ਸਨੀਤਾਜ ਬਿਲਡਰ, ਜਗਮੀਤ ਸਿੰਘ, ਹਰਮੀਤ ਸਿੰਘ, ਨਿਰਵੀਰ ਸਿੰਘ, ਜਸਕਮਲ ਸਿੰਘ, ਜਸਕੀਰਤ ਔਲਖ, ਸਾਹਿਬ ਸਿੰਘ ਜੋਸਨ, ਸਾਹਿਲ ਥਿੰਦ, ਹੀਰਾ, ਗੋਪੀ ਖੋਖੜ ਤੇ ਲੰਗਰ ਬਣਾਉਣ ਦੀ ਸੇਵਾ ਬੀਬੀਆਂ ਵੱਲੋਂ ਬਹੁਤ ਹੀ ਜਿੰਮੇਵਾਰੀ ਨਾਲ ਨਿਭਾਈ ਜਾ ਰਹੀ ਹੈ ਜਿਨਾਂ ਵਿੱਚ ਪਵਨਦੀਪ ਕੌਰ ਕਨੇਡਾ ਵਾਲੇ ਸੰਤੋਸ਼ ਰਾਣੀ, ਸੋਨੀਕਾ ਦੇਵੀ, ਅਮਨਪ੍ਰੀਤ ਕੌਰ, ਰਵਨੀਤ ਕੌਰ ਆਦਿ ਦੀ ਭੂਮਿਕਾ ਸ਼ਲਾਘਾਯੋਗ ਹੈ। ਇਸ ਮੌਕੇ ਡੇਰਾ ਬਾਬਾ ਛੀਨੇ ਸ਼ਾਹ ਨਕੋਦਰ ਵੱਲੋਂ ਲੰਗਰ ਦੀ ਸੇਵਾ ਵਿੱਚ ਅਹਿਮ ਯੋਗਦਾਨ ਹੈ।

# ਹੜ੍ਹਾਂ ਕਾਰਨ ਲੋਕਾਂ ਦੇ ਹੋ ਰਹੇ ਜਾਨੀ-ਮਾਲੀ ਨੁਕਸਾਨ ਦੀ ਸਰਕਾਰ ਭਰਪਾਈ ਕਰੇ : ਪੇਂਡੂ ਮਜ਼ਦੂਰ ਯੂਨੀਅਨ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਪੰਜਾਬ 'ਚ ਹੋ ਰਹੀ ਲਗਾਤਾਰ ਭਰਵੀਂ ਬਾਰਸ਼ ਕਾਰਨ ਜਿੱਥੇ ਦਰਿਆਵਾਂ, ਵੇਂਈਆਂ ਲਾਗਲੇ ਇਲਾਕੇ ਬੁਰੀ ਤਰਾਂ ਹੜ੍ਹਾਂ ਤੋਂ ਪ੍ਰਭਾਵਿਤ ਹੋ ਰਹੇ ਹਨ, ਉਥੇ ਲਗਾਤਾਰ



ਬਾਰਸ਼ਾਂ ਕਾਰਨ ਗਰੀਬ ਮਜ਼ਦੂਰਾਂ ਦੇ ਘਰਾਂ, ਮਕਾਨਾਂ ਦਾ ਬੁਰਾ ਹਾਲ ਹੈ ਪਰ ਇਨ੍ਹਾਂ ਪੀੜਤਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੈ। ਬਾਰਸ਼ ਕਾਰਨ ਸੁਲਤਾਨਪੁਰ ਲੋਧੀ ਦੇ ਨੇੜਲੇ ਪਿੰਡ ਭਾਗੋ ਰਾਈਆਂ ਦੇ ਮਜ਼ਦੂਰ ਪਰਵਾਰ ਮੁਖਤਿਆਰ ਰਾਮ ਪੁੱਤਰ ਜਾਗਰ ਰਾਮ, ਕਮਲਾ ਪਤਨੀ ਚੰਦ ਦੇ ਘਰਾਂ ਦੀਆਂ ਛੱਤਾਂ ਡਿੱਗਣ ਨਾਲ ਸਮੇਤ ਪਿੰਡ ਦੇ ਹੋਰ ਮਜ਼ਦੂਰਾਂ ਦੇ ਘਰਾਂ ਦੀ ਸਾਰ ਲੈਣ ਯੂਨੀਅਨ ਦੇ ਆਗੂਆਂ ਵੱਲੋਂ ਪਿੰਡਾਂ ਦਾ ਦੌਰਾ ਕੀਤਾ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ ਨੇ ਆਪਣੇ ਬਿਆਨ ਰਾਹੀਂ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਪ੍ਰਭਾਵਤ ਲੋਕਾਂ ਦੇ ਸੌ ਫੀਸਦੀ ਨੁਕਸਾਨ ਦਾ ਮੁਆਵਜ਼ਾ ਫੌਰੀ ਦਿੱਤਾ ਜਾਵੇ। ਮਜ਼ਦੂਰ ਜਥੇਬੰਦੀ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਬਿਨਾਂ ਵੀ ਗ਼ਰੀਬ ਮਜ਼ਦੂਰਾਂ ਨੂੰ ਦੂਹਰੀ ਤੀਹਰੀ ਮਾਰ ਪੈ ਰਹੀ ਹੈ, ਬਾਰਸ਼ਾਂ ਕਾਰਨ ਕੰਮ ਬੰਦ ਅਤੇ ਅੱਧ ਕੱਚੇ ਪੱਕੇ ਮਕਾਨ ਚੋਅ ਚੋਅ ਢਹਿ ਰਹੇ ਹਨ। ਉਨ੍ਹਾਂ ਕਿਹਾ ਕਿ ਅਸਲੀਅਤ ਵਿੱਚ ਮਜ਼ਦੂਰਾਂ ਕੋਲ ਤਾਂ ਕੋਠਿਆਂ 'ਤੇ ਤਰਪਾਲਾਂ ਪਾਉਣ ਲਈ ਵੀ ਪੈਸੇ ਨਹੀਂ ਹਨ। ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਰੁਜ਼ਗਾਰ ਦੇ ਹੋਏ ਨੁਕਸਾਨ ਸਮੇਤ ਘਰਾਂ ਦੇ ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ, ਪਾਣੀ ਭਰਨ ਕਾਰਨ ਫੈਲ ਰਹੀਆਂ ਬਿਮਾਰੀਆਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਤੋਂ ਇਲਾਵਾ ਪ੍ਰਾਈਵੇਟ ਹਸਪਤਾਲਾਂ ਤੋਂ ਫਰੀ ਮੈਡੀਕਲ ਸਹੂਲਤ ਦਿੱਤੀ ਜਾਏ।

# ਰੰਧਾਵਾ ਨੇ ਸੰਭਾਲਿਆ ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ ਦਾ ਅਹੁਦਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਰਮਣੀਕ ਸਿੰਘ ਰੰਧਾਵਾ ਨੇ ਬਹੁਤ ਹੀ ਸਾਦੇ ਢੰਗ ਨਾਲ ਬਤੌਰ ਚੇਅਰਮੈਨ ਇੰਪਰੂਵਮੈਂਟ ਟਰੱਸਟ ਜਲੰਧਰ ਦਾ ਅਹੁਦਾ ਸੰਭਾਲ ਲਿਆ।ਪਰਮਾਤਮਾ ਅੱਗੇ ਅਰਦਾਸ ਕਰਨ ਉਪਰੰਤ ਅਹੁਦਾ ਸੰਭਾਲਣ ਮਗਰੋਂ ਚੇਅਰਮੈਨ ਰੰਧਾਵਾ ਨੇ ਉਨ੍ਹਾਂ ਨੂੰ ਸੌਂਪੀ ਗਈ ਡਿਊਟੀ ਬਹੁਤ ਮਿਹਨਤ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ ਦੀ ਵਚਨਬੱਧਤਾ ਪ੍ਰਗਟ ਕੀਤੀ।



ਉਨ੍ਹਾਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਲੋਕਾਂ ਦੀਆਂ ਆਸਾਂ ਤੇ ਉਮੀਦਾਂ 'ਤੇ ਖਰਾ ਉਤਰਨਗੇ।ਉਨ੍ਹਾਂ ਇਸ ਮੌਕੇ ਹੜ੍ਹ ਪ੍ਰਭਾਵਿਤ ਲੋਕਾਂ ਦਾ ਆਸਰਾ ਬਣਨ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਮੌਜੂਦਾ ਸਮੇਂ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ ਅਤੇ ਇਸ ਵੇਲੇ ਪੰਜਾਬ ਨੂੰ ਅਤੇ ਪੰਜਾਬੀਆਂ ਨੂੰ ਸਾਡੇ ਸਭ ਦੇ ਸਾਥ ਦੀ ਜ਼ਰੂਰਤ ਹੈ।

# ਹੜ੍ਹ ਪੀੜਤਾਂ ਦੀ ਮਦਦ ਲਈ ਟਰਾਲੀਆਂ ਭੇਜੀਆਂ



**ਫਿਲੌਰ (ਹਰਜਿੰਦਰ ਕੌਰ ਚਾਹਲ)**- ਪੀੜਿਤਾਂ ਨੂੰ ਮਦਦ ਕਰਨ ਲਈ ਗੁਰੂਦਵਾਰਾ ਸ੍ਰੀ ਗੁਰੂ ਰਵਿਦਾਸ ਜੀ ਪ੍ਰਬੰਧਕ ਕਮੇਟੀ ਵਲੋਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਐਨ ਆਰ ਆਈ ਵੀਰਾ ਦੇ ਸਹਿਯੋਗ ਨਾਲ ਰਾਸ਼ਨ ਦੀਆਂ ਟਰਾਲੀਆਂ ਦੂਜੇ ਦਿਨ ਵੀ ਸੇਵਾ ਲਈ ਸੰਗੋਵਾਲ ਦਰਿਆ ਕਿਨਾਰ ਪੁੱਜੀਆਂ। ਇਸ ਮੌਕੇ ਗੁਰੂਦੁਆਰਾ ਦੇ ਪ੍ਰਧਾਨ ਕਸ਼ਮੀਰ ਚੰਦ, ਨੌਜਵਾਨ ਆਗੂ ਗੁਰਦੀਪ ਗੋਗੀ ਨੇ ਕਿਹਾ ਕਿ ਕੁਦਰਤ ਦੀ ਕਰੋਪੀ ਕਰਨ ਲੱਗਪਗ 1500 ਪਿੰਡ ਪ੍ਰਭਾਵਿਤ ਹੋਇਆ ਹੈ, ਅਤੇ ਹਜ਼ਾਰਾਂ ਲੋਕ ਘਰਾਂ ਤੋਂ ਬੇਘਰ ਹੋ ਗਏ ਹਨ, ਪੂਰੇ ਪੰਜਾਬ ਅੰਦਰ ਹੜ੍ਹਾਂ ਨੇ ਜਿਸ ਤਰਾ ਨਾਲ ਤਬਾਹੀ ਮਚਾਈ ਹੈ ਇਸ ਨਾਲ ਆਮ ਜਨ ਜੀਵਨ ਪੂਰੀ ਤਰਾ ਪ੍ਰਭਾਵਿਤ ਹੋਇਆ ਹੈ । ਪਿੰਡ ਵਾਸੀਆਂ ਵੱਲੋਂ ਸਹਿਯੋਗ ਲਈ ਸੇਵਾ ਕੀਤੀ ਜਾ ਰਹੀ ਹੈ। ਉਨ੍ਹਾਂ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਦਰਿਆਵਾਂ ਦੇ ਬਨ੍ਹ ਮਜਬੂਤ ਕੀਤੇ ਜਾਣ ਗੈਰ ਕਾਨੂੰਨੀ ਮਾਇਨਿੰਗ ਬੰਦ ਕੀਤੀ ਜਾਵੇ ਤੇ ਲੋਕਾਂ ਦੀ ਸੁਰੱਖਿਆ ਕੀਤੀ ਜਾਵੇ। ਇਸ ਮੌਕੇ ਓਂਕਾਰ ਵਿਰਦੀ, ਸੁਰਜੀਤ ਸਿੰਘ ,ਪੀਲੂ ਪੰਚ, ਮਿੰਟੂ ਮਹਿਮੀ ਅਮਰਜੀਤ ਸਿੰਘ,ਬਿੱਟੂ ਅਟਵਾਲ ਅਵਤਾਰ ਵਿਰਦੀ, ਪਰਮਿੰਦਰ ਵਿਰਦੀ, ਰਾਮ ਰਾਜ ਵਿਰਦੀ, ਰਸ਼ਪਾਲ ਵਿਰਦੀ, ਸੰਦੀਪ ਵਿਰਦੀ,ਮਨੀ, ਲਵਰਾਜ, ਪਰਮਜੀਤ ਕੁਮਾਰ ਆਦਿ ਵੀ ਹਾਜ਼ਰ ਸਨ।

# ਹੜ੍ਹ ਪੀੜਤਾਂ ਲਈ ਡੇਰਾ ਸ਼ਰਧਾਲੂਆਂ ਨੇ ਸੰਭਾਲੀ ਕਮਾਨ

**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)** ਹੜ੍ਹਾਂ ਰੂਪੀ ਕੁਦਰਤ ਦੀ ਕਰੋਪੀ ਝੱਲ ਰਹੇ ਸੂਬੇ ਦੇ ਕਈ ਜ਼ਿਲ੍ਹਿਆਂ ਦੇ ਲੋਕਾਂ ਲਈ ਰਾਹਤ ਪਹੁੰਚਾਉਣ ਦਾ ਕੰਮ ਡੇਰਾ ਸੱਚਾ ਸੌਦਾ ਵੱਲੋਂ ਆਰੰਭ ਕਰ ਦਿੱਤਾ ਗਿਆ ਹੈ।ਹੜ੍ਹਾਂ ਦੀ ਮਾਰ ਝੱਲ ਰਹੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਲੋਕਾਂ ਨੂੰ ਡੇਰਾ ਸੱਚਾ ਸੌਦਾ ਵੱਲੋਂ ਆਰੰਭ ਕੀਤਾ ਗਿਆ। ਰਾਹਤ ਸਮੱਗਰੀ ਦੀ ਪਹਿਲੀ ਖੇਪ ਨੂੰ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਦੀ ਅਪੀਲ 'ਤੇ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵਿਖੇ ਜ਼ਮਾਂ ਕਰਵਾਇਆ।ਇਸ ਮੌਕੇ ਡੇਰਾ ਸੱਚਾ ਸੌਦਾ ਦੇ ਸਟੇਟ ਕਮੇਟੀ ਮੈਂਬਰ ਰਾਮਕਰਨ ਇੰਸਾਂ ਭਵਾਨੀਗੜ੍ਹ, ਰਾਮ ਸਿੰਘ ਚੇਅਰਮੈਨ ਅਸਪਾਲ ਕਲਾਂ ਅਤੇ ਗੁਰਮੇਲ ਦਾਸ ਝਨੇੜੀ ਵੀ ਮੌਜੂਦ ਰਹੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਭੁੱਲਰ ਵਧੀਕ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਹੜ੍ਹ ਪੀੜਤਾਂ ਲਈ ਡੇਰਾ ਸੱਚਾ ਸੌਦਾ ਦੇ ਕੀਤੇ ਜਾਂਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਨਾਲ ਅਪੀਲ ਵੀ ਕੀਤੀ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਰਾਹੀਂ ਅਤਿ ਲੋੜਵੰਦਾਂ ਨੂੰ ਵੱਖ ਵੱਖ ਥਾਵਾਂ ਤੇ ਹੀ ਪਹੁੰਚਾਈ ਜਾ ਰਹੀ ਹੈ। ਇਸ ਕਾਰਨ ਪ੍ਰਸ਼ਾਸਨ ਦੀ ਅਪੀਲ ਤੇ ਡੇਰਾ ਸੱਚਾ ਸੌਦਾ ਵੱਲੋਂ ਸਾਰੀ ਰਾਹਤ ਸਮੱਗਰੀ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਦੇ ਸਪੁਰਦ ਕਰ ਦਿੱਤੀ ਗਈ।ਇਸ ਮੌਕੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਸਵੀਕਾਰਦਿਆਂ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਦੇ ਸੈਕਟਰੀ ਮੰਗੇਸ਼ ਸੂਦ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਵੱਲੋਂ ਹੜ੍ਹ ਪੀੜਤਾਂ ਲਈ ਕੀਤੀ ਜਾ ਰਹੀ ਸੇਵਾ ਲਾ ਮਿਸਾਲ ਹੈ।ਉਨ੍ਹਾਂ ਕਿਹਾ ਕਿ ਅਸੀਂ ਡੇਰਾ ਸੱਚਾ ਸੌਦਾ ਵੱਲੋਂ ਜ਼ਮਾਂ ਕਰਵਾਈ ਸਮੱਗਰੀ ਜਿਸ ਵਿੱਚ ਤਰਪਾਲਾਂ, ਮੱਛਰਦਾਨੀਆਂ, ਸੁੱਕੇ ਰਸ, ਓਡੋਨਿਲ, ਕਛੂਆ ਛਾਪ ਆਦਿ ਸ਼ਾਮਿਲ ਹਨ, ਨੂੰ ਲੋੜਵੰਦਾਂ ਤੱਕ ਪਹੁੰਚਾਇਆ ਜਾਵੇਗਾ। ਇਸ ਕੰਮ ਵਿੱਚ ਸ਼ਾਹ ਸਤਿਨਾਮ ਗ੍ਰੀਨ ਐਸ ਵੈਲੇਫਅਰ ਕਮੇਟੀ ਦੇ ਮੈਂਬਰ ਵੀ ਰੈਡ ਕਰਾਸ ਸੁਸਾਇਟੀ ਦਾ ਸਾਥ ਦੇਣਗੇ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੇਰਾ ਸੱਚਾ ਸੌਦਾ ਦੇ ਸਟੇਟ ਕਮੇਟੀ ਮੈਂਬਰ ਰਾਮਕਰਨ ਇੰਸਾਂ ਨੇ ਕਿਹਾ ਕਿ ਪੂਜਨੀਕ ਹਜ਼ੂਰ ਪਿਤਾ ਸੰਤ ਡਾ: ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੇਰਾ ਸੱਚਾ ਸੌਦਾ ਦੀ ਸ਼ਾਹ ਸਤਿਨਾਮ ਗ੍ਰੀਨ ਐੱਸ ਵੈਲਫੇਅਰ ਕਮੇਟੀ ਦੇ ਮੈਂਬਰ ਹੜ੍ਹ ਪੀੜਤ ਇਲਾਕਿਆਂ ਵਿੱਚ



ਰਾਹਤ ਸਮੱਗਰੀ ਵੰਡਣ ਵਿੱਚ ਲੱਗੇ ਹੋਏ ਹਨ।ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਟਾਂਡਾ ਉੜਮੁੜ, ਦਸੂਹਾ ਅਤੇ ਮੁਕੇਰੀਆਂ ਦੇ ਵੱਡੀ ਗਿਣਤੀ ਪਿੰਡ ਹੜ੍ਹਾਂ ਦੀ ਲਪੇਟ ਵਿੱਚ ਆਏ ਹੋਏ ਹਨ।ਉਨ੍ਹਾਂ ਦੱਸਿਆ ਕਿ ਡੇਰਾ ਸੱਚਾ ਸੌਦਾ ਵੱਲੋਂ ਸਰਵੇ ਕਰਨ ਉਪਰੰਤ ਪ੍ਰਸ਼ਾਸਨ ਦੀ ਬੇਨਤੀ ਤੇ ਅਮਲ ਕਰਦਿਆਂ ਹੜ੍ਹ ਪੀੜਤਾਂ ਲਈ ਮੱਛਰਦਾਨੀਆਂ, ਤਰਪਾਲਾਂ, ਓਡੋਮਾਸ, ਰਸ, ਕਛੂਆ ਛਾਪ ਅਗਰਬਤੀ ਪ੍ਰਸ਼ਾਸਨ ਦੀ ਅਪੀਲ ਤੇ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਨੂੰ ਦਿੱਤੀ ਗਈ ਹੈ।ਇਸ ਸਬੰਧੀ ਹੋਰ ਗੱਲਬਾਤ ਕਰਦਿਆਂ ਡੇਰਾ ਸੱਚਾ ਸੌਦਾ ਦੇ ਸਟੇਟ ਕਮੇਟੀ ਮੈਂਬਰ ਰਾਮ ਸਿੰਘ ਚੇਅਰਮੈਨ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਵੱਲੋਂ ਹਮੇਸ਼ਾ ਮਾਨਵਤਾ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮੱਦਦ ਦਾ ਫੈਸਲਾ ਕੀਤਾ ਹੈ।ਉਨ੍ਹਾਂ ਦੱਸਿਆ ਕਿ ਡੇਰਾ ਪ੍ਰੇਮੀਆਂ ਵੱਲੋਂ ਹੁਸ਼ਿਆਰਪੁਰ ਤੋਂ ਇਲਾਵਾ, ਗੁਰਦਾਸਪੁਰ, ਅੰਮ੍ਰਿਤਸਰ, ਪਠਾਨਕੋਟ, ਫਾਜ਼ਿਲਕਾ ਅਤੇ ਫਿਰੋਜ਼ਪੁਰ ਵਿੱਚ ਵੀ ਇਸੇ ਤਰ੍ਹਾਂ ਤੇ ਰਾਹਤ ਕਾਰਜ ਕੀਤੇ ਜਾ ਰਹੇ ਹਨ।ਜ਼ਿਕਰਯੋਗ ਹੈ ਕਿ ਪੰਜਾਬ ਦੇ ਸਰਹੱਦੀ ਜ਼ਿਲਿਆਂ ਦੇ ਨਾਲ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦਾ ਕਾਫੀ ਇਲਾਕਾ ਹੜ੍ਹਾਂ ਦੇ ਪਾਣੀ ਦੀ ਮਾਰ ਹੇਠ ਆ ਗਿਆ ਹੈ।ਜ਼ਿਲ੍ਹਾ ਹੁਸ਼ਿਆਰਪੁਰ ਦਸੂਹਾ, ਮੁਕੇਰੀਆਂ ਅਤੇ ਟਾਂਡਾ ਉੜਮੁੜ ਵਿੱਚ ਹੜ੍ਹਾਂ ਕਾਰਨ ਕਾਫ਼ੀ ਲੋਕ ਪ੍ਰਭਾਵਿਤ ਹਨ।ਪ੍ਰਸ਼ਾਸਨ ਵੱਲੋਂ ਕਈ ਇਲਾਕਿਆਂ ਵਿੱਚ ਰਾਹਤ ਕੈਂਪ ਬਣਾਏ ਗਏ ਹਨ ਜਿੱਥੇ ਹੜ੍ਹ ਪੀੜਤਾਂ ਦੀ ਸਿੱਧੀ ਮੱਦਦ ਕੀਤੀ ਜਾ ਰਹੀ ਹੈ।

# ਸਰਪਲਸ ਤੇ ਜ਼ਰੂਰਤ 'ਚ ਨਾ ਆਉਣ ਵਾਲੇ ਸਾਮਾਨ ਦਾ ਜਲਦ ਨਿਪਟਾਰਾ ਕਰਨ ਦੀ ਹਦਾਇਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਸਾਰੇ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਤੁਰੰਤ ਪ੍ਰਭਾਵ ਨਾਲ ਸਰਪਲਸ ਅਤੇ ਜ਼ਰੂਰਤ ਵਿੱਚ ਨਾ ਆਉਣ ਵਾਲੇ ਸਾਮਾਨ ਦੇ ਨਿਪਟਾਨ ਦੀ ਕਾਰਵਾਈ ਸ਼ੁਰੂ ਕਰਨ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਇੱਕ ਪੱਤਰ ਜਾਰੀ ਕੀਤਾ ਗਿਆ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਵਿਤੀ ਅਨੁਸ਼ਾਸਨ ਅਤੇ ਸਰੋਤਾਂ ਦਾ ਸਭ ਤੋਂ ਵੱਧ ਉਪਯੋਗ ਯਕੀਨੀ ਕਰਨ ਲਈ ਇਹ ਜਰੂਰੀ ਹੈ ਕਿ ਅਜਿਹੀ ਸਰਪਲਸ ਅਤੇ ਜਰੂਰਤ ਵਿੱਚ ਨਾ ਆਉਣ ਵਾਲੇ ਸਾਮਾਨ ਨੂੰ ਸਮੇ ਸਿਰ ਅਨੁਪਯੋਗੀ ਐਲਾਨ ਕਰਕੇ ਉਨ੍ਹਾਂ ਦਾ ਨਿਪਟਾਨ ਕੀਤਾ ਜਾਵੇ। ਇਸ ਦੇ ਲਈ ਸਰਕਾਰ ਦੀ ਨੀਤੀਆਂ ਅਤੇ ਨਿਰਦੇਸ਼ਾਂ ਅਨੁਸਾਰ ਲੋੜਮੰਦ ਇੰਡੇਂਟ ਡਾਇਰੈਕਟਰ ਜਨਰਲ, ਸਪਲਾਈ ਅਤੇ ਨਿਪਟਾਨ ਲਈ ਭੇਜਾ ਜਾਵੇ। ਸਾਮਾਨ ਨੂੰ ਅਨੁਪਯੋਗੀ ਐਲਾਨ ਕਰਨ ਅਤੇ ਉਸਦੇ ਨਿਪਟਾਨ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਸਮਰਥ ਅਥਾਰਿਟੀ ਤੋਂ ਮੰਜ਼ੂਰੀ ਪ੍ਰਾਪਤ ਕਰਨਾ ਜਰੂਰੀ ਹੈ। ਸਰਕਾਰ ਦੀ ਨੋਟਿਸ ਵਿੱਚ ਆਇਆ ਕਿ ਵੱਖ ਵੱਖ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵਿੱਚ ਵੱਡੀ ਗਿਣਤੀ ਵਿੱਚ ਸਰਪਲਸ ਅਤੇ ਜ਼ਰੂਰਤ ਵਿੱਚ ਨਾ ਆਉਣ ਵਾਲੇ ਸਾਮਾਨ ਪਏ ਹੋਏ ਹਨ। ਇਸ ਪ੍ਰਕਾਰ ਦਾ ਸਾਮਾਨ ਲੰਬੇ ਸਮੇ ਤੱਕ ਰੱਖਣ ਨਾਲ ਨਾ ਸਿਰਫ਼ ਕੀਮਤ ਭੰਡਾਰਨ ਸਥਾਨ ਰੋਕਿਆ ਹੁੰਦਾ ਹੈ ਸਗੋਂ ਸਾਮਾਨ ਦੇ ਨਸ਼ਟ ਹੋਣ ਦੀ ਆਸ਼ੰਕਾ ਵੀ ਵੱਧਦੀ ਹੈ।

5 Sep Page 9.qxd 9/4/2025 10:54 PM Page 1



# ਪੰਮਾ ਚਾਹਲ ਨੇ ਕਾਂਗਰਸ ਦਾ ਹੱਥ ਫੜਿਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨਕੋਦਰ ਹਲਕੇ ਦੀ ਨੂਰਮਹਿਲ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਪਾਰਟੀ ਦੇ ਸਭ ਤੋਂ ਪੁਰਾਣੇ ਸਾਥੀ ਪਰਮਜੀਤ ਉਰਫ਼ ਪੰਮਾ ਚਾਹਲ ਜੋ ਕਿ ਪਿਛਲੇ ਬਾਰਾਂ ਸਾਲਾਂ ਤੋਂ ਤਨ ਮਨ ਅਤੇ ਧਨ ਨਾਲ ਪਾਰਟੀ ਦੀ ਸੇਵਾ ਕਰ ਰਹੇ ਸਨ ਨੇ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਨਾ ਮਿਲਣਾ ਦੇਖ ਕਾਂਗਰਸ ਨਾਲ ਹੱਥ ਮਿਲਾ ਲਿਆ।ਚਾਹਲ ਦੇ ਨਿਵਾਸ ਸਥਾਨ 'ਤੇ ਹੋਏ ਪ੍ਰੋਗਰਾਮ ਵਿੱਚ ਪਹੁੰਚੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਅਤੇ ਨਕੋਦਰ ਹਲਕਾ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ ਨੇ ਇੱਕ ਭਰੇ ਇਕੱਠ ਵਿੱਚ ਪਰਮਜੀਤ ਉਰਫ਼ ਪੰਮਾ ਚਾਹਲ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ।ਪੰਡਾਲ ਕਾਂਗਰਸ ਪਾਰਟੀ ਅਤੇ ਚਰਨਜੀਤ ਚੰਨੀ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਉੱਠਿਆ।ਪਾਰਟੀ ਆਗੂਆਂ ਨੇ ਕਿਹਾ ਕਿ ਪੰਮਾ ਚਾਹਲ ਨੂੰ ਪੂਰਾ ਸਤਿਕਾਰ ਮਿਲੇਗਾ। ਇਸ ਸਮੇਂ ਸ਼ਹਿਰੀ ਪ੍ਰਧਾਨ ਸੰਦੀਪ ਅਰੋੜਾ, ਕੌਂਸਲਰ ਜੰਗ ਬਹਾਦਰ ਕੋਹਲੀ, ਸੀਨੀਅਰ ਆਗੂ ਰਾਕੇਸ਼ ਕਲੇਰ, ਚਰਨ ਸਿੰਘ ਰਾਜੋਵਾਲ, ਅਵਤਾਰ ਸਿੰਘ ਸ਼ਮਸ਼ਾਬਾਦ, ਸੀਨੀਅਰ ਕਾਂਗਰਸੀ ਆਗੂ ਨੰਬਰਦਾਰ ਅਸ਼ੋਕ ਸੰਧੂ, ਜਗਦੀਸ਼ ਸਿੰਘ ਰਸੂਲਪੁਰ, ਸਾਬਕਾ ਕੌਂਸਲਰ ਬਲਵਿੰਦਰ ਕੁਮਾਰ ਬਾਲੂ, ਜਤਿੰਦਰ ਨਈਅਰ, ਮਨੀਸ਼ ਸਰਪੰਚ, ਹਰਜੀਤ ਸਿੰਘ ਗਹੀਰ, ਕੌਂਸਲਰ ਦੀਪਕ ਕੁਮਾਰ, ਸਰਪੰਚ ਅਮਨਦੀਪ ਸਿੰਘ ਦਿਓਲ, ਹਰਮੇਸ਼ ਲਾਲ ਉਰਫ਼ ਮਿੰਟਾ ਕਲੇਰ, ਜਸਵੀਰ ਸਹਿਜਲ, ਮੋਹਨ ਕਲੇਰ, ਨਗਰ ਕੌਂਸਲ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ, ਮੈਡਮ ਸੁਮਨ ਪਾਠਕ, ਬੀਬੀ ਸੁਰਜੀਤ ਕੌਰ, ਮੰਗਤ ਸਿੰਘ, ਨੰਬਰਦਾਰ ਅਮਰਜੀਤ ਸਿੰਘ, ਸਾਬਕਾ ਸਰਪੰਚ ਮੋਹਨ ਲਾਲ, ਕੁਲਵਿੰਦਰ ਸਿੰਘ ਸੁੰਨੜ, ਸੁਭਾਸ਼ ਸੌਂਧੀ ਆਦਿ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਨੇ ਹੜ੍ਹ ਪੀੜਤਾਂ ਨੂੰ ਜਥੇਬੰਦਕ ਤੌਰ 'ਤੇ ਇੱਕ ਦਿਨ ਦੀ ਤਨਖਾਹ ਦੇਣ ਦਾ ਕੀਤਾ ਫੈਸਲਾ



**ਜਲੰਧਰ (ਰਾਜੇਸ਼ ਥਾਪਾ)** ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਆਨ ਲਾਈਨ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਵੇਦ ਰਾਜ ਗੜ੍ਹਾ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਸੂਬੇ ਅੰਦਰ ਆਏ ਹੋਏ ਹੜ੍ਹਾਂ ਦੀ ਸਥਿਤੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਰਕਾਰ ਤੋਂ ਮੰਗ ਕੀਤੀ ਗਈ ਹੜ੍ਹਾਂ ਦੀ ਸਥਿਤੀ ਨੂੰ ਜਲਦੀ ਕੁਦਰਤੀ ਆਫ਼ਤ ਐਲਾਨ ਕਰਕੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਬਣਦੀ ਮੱਦਦ ਕੀਤੀ ਜਾਵੇ।ਇਸ ਦੇ ਨਾਲ ਹੀ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਫੈਸਲੇ ਅਨੁਸਾਰ ਜ਼ਿਲ੍ਹਾ ਜਲੰਧਰ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਇੱਕ ਦਿਨ ਦੀ ਤਨਖਾਹ ਦੇਣ ਦਾ ਫੈਸਲਾ ਕੀਤਾ ਗਿਆ।ਇਸ ਸਬੰਧੀ ਜ਼ਿਲ੍ਹਾ ਕਮੇਟੀ ਵੱਲੋਂ ਤਿੰਨ ਮੈਂਬਰੀ ਕਮੇਟੀ ਬਣਾ ਕੇ ਇਸ ਦਾ ਹਿਸਾਬ ਕਿਤਾਬ ਰੱਖਿਆ ਜਾਵੇਗਾ। ਮੀਟਿੰਗ ਦੀ ਕਾਰਵਾਈ ਚਲਾਉਂਦੇ ਹੋਏ ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਮੱਕੜ ਨੇ ਦੱਸਿਆ ਕਿ ਮੀਟਿੰਗ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਇੱਕ ਅਕਤੂਬਰ ਨੂੰ ਕੀਤੀ ਜਾ ਰਹੀ ਜ਼ਿਲ੍ਹਾ ਪੱਧਰੀ ਭੁੱਖ ਹੜਤਾਲ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ 8 ਨਵੰਬਰ 2025 ਨੂੰ ਜਲੰਧਰ ਵਿਖੇ ਹੋ ਰਹੀ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੀ ਜਨਰਲ ਕੌਂਸਲ ਲਈ ਬਲਾਕਾਂ ਅੰਦਰ ਮੀਟਿੰਗਾਂ ਕਰਕੇ ਇਸ ਜਨਰਲ ਕੌਂਸਲ ਲਈ ਪੰਜਾਬ ਮੁਹਿੰਮ ਅਤੇ ਉਗਰਾਹੀ ਸਬੰਧੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਗੁਰਿੰਦਰ ਸਿੰਘ ਆਦਮਪੁਰ, ਕੁਲਦੀਪ ਵਾਲੀਆ, ਕੁਲਵੰਤ ਰਾਮ ਰੁੜਕਾ, ਸੁਖਵਿੰਦਰ ਰਾਮ ਗੁਰਾਇਆ, ਕਸ਼ਿਸ਼ ਫਿਲੌਰ, ਸੰਦੀਪ ਕੁਮਾਰ ਰਾਜੋਵਾਲ, ਦਲਬੀਰ ਰਾਮ ਬਿਲਗਾ, ਜਸਵੀਰ ਸਿੰਘ,ਮੁਲਖ ਰਾਜ,ਜਤਿੰਦਰ ਸਿੰਘ, ਵਿਨੋਦ ਭੱਟੀ,ਗੁਰਿੰਦਰ ਸਿੰਘ ਜਲੰਧਰ,,ਪ੍ਰੇਮ ਖਲਵਾੜਾ, ਸਰਬਜੀਤ ਸਿੰਘ ਬੀੜਬੰਸੀਆ, ਸੰਦੀਪ ਸਰਮਾ, ਸਿਵਰਾਜ ਤੋਂ ਇਲਾਵਾ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਹਾਜਰ ਸਨ।

# ਬੈਂਸ ਨੇ ਨੰਗਲ 'ਚ ਹੜ੍ਹ ਦੀ ਸਥਿਤੀ ਦਾ ਲਿਆ ਜਾਇਜ਼ਾ

**ਨੰਗਲ (ਸੁਰਜੀਤ ਸਿੰਘ)** ਪੰਜਾਬ ਦੇ ਸਿੱਖਿਆ ਮੰਤਰੀ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਹਰਜੋਤ ਸਿੰਘ ਬੈਂਸ ਨੇ ਆਪਣੇ ਹਲਕੇ ਦੇ ਕਈ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ।ਇਹ ਦੌਰਾ ਭਾਖੜਾ ਨੰਗਲ ਮੈਨੇਜਮੈਂਟ ਬੋਰਡ ਵੱਲੋਂ ਸਤਲੁਜ ਦਰਿਆ ਵਿਚ ਪਾਣੀ ਛੱਡਣ ਤੋਂ ਬਾਅਦ ਕੀਤਾ ਗਿਆ।ਉਹ ਲਕਸ਼ਮੀ ਨਰਾਇਣ ਮੰਦਰ ਵੀ ਗਏ, ਜਿੱਥੇ ਮੰਦਰ ਦਾ ਕੁਝ ਹਿੱਸਾ ਨੁਕਸਾਨਾ ਹੋਇਆ ਸੀ।ਉਹ ਪਿੰਡ ਮਜ਼ਾਰਾ ਵੀ ਗਏ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ।ਇਸ ਤੋਂ ਬਾਅਦ ਉਹ ਬੇਲਾ ਧਿਆਨੀ ਅੱਪਰ ਤੇ ਬੇਲਾ ਧਿਆਨੀ ਗੁੱਜਰ ਬਸਤੀ ਪਹੁੰਚੇ ਤੇ ਹੜ੍ਹ ਸਬੰਧੀ ਪ੍ਰਬੰਧਾਂ ਦੀ ਸਮੀਖਿਆ ਕੀਤੀ।ਸ੍ਰੀ ਬੈਂਸ ਨੇ ਫਸਲਾਂ, ਘਰਾਂ ਅਤੇ ਸੜਕਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਵਸਨੀਕਾਂ ਨਾਲ ਮਿਲ ਕੇ ਪ੍ਰਸ਼ਾਸਨ ਵੱਲੋਂ ਪੂਰੀ ਸਹਾਇਤਾ ਦੇ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਆਪ ਵਲੰਟੀਅਰ ਦਿਨ-ਰਾਤ ਲੋਕਾਂ ਦੀ ਜ਼ਿੰਦਗੀ ਬਚਾਉਣ ਅਤੇ ਰਾਹਤ ਮੁਹੱਈਆ ਕਰਵਾਉਣ ਵਿੱਚ ਜੁਟੇ ਹੋਏ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਨੰਗਲ ਨਿਵਾਸ, ਸੇਵਾ ਸਦਨ 2ਆਰਵੀਆਰ ਅਤੇ ਉਨ੍ਹਾਂ ਦਾ ਘਰ ਗੰਭੀਰਪੁਰ ਪਿੰਡ ਵਾਸੀਆਂ ਲਈ ਖੋਲ੍ਹ ਦਿੱਤਾ ਗਿਆ ਹੈ, ਜਿੱਥੇ ਖਾਣ-ਪੀਣ, ਦਵਾਈਆਂ ਅਤੇ ਹੋਰ ਜ਼ਰੂਰੀ ਸਹੂਲਤਾਂ ਉਪਲੱਬਧ ਹਨ। 24 ਘੰਟੇ ਚੱਲਣ ਵਾਲਾ ਹੈਲਪ ਡੈਸਕ ਬਣਾਇਆ ਗਿਆ ਹੈ ਅਤੇ ਹੈਲਪਲਾਈਨ ਨੰਬਰ 87279-62441 ਵੀ ਲਗਾਤਾਰ ਚੱਲ ਰਿਹਾ ਹੈ ਤਾਂ ਜੋ ਲੋਕਾਂ ਦੀ ਤੁਰੰਤ ਸਹਾਇਤਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਕਈ ਸ਼ੁਭਚਿੰਤਕ ਵਿੱਤੀ ਸਹਾਇਤਾ ਦੇਣਾ ਚਾਹੁੰਦੇ ਹਨ ਪਰ ਇਸ ਸਮੇਂ ਪ੍ਰਸ਼ਾਸਨ ਨੂੰ ਪੈਸਿਆਂ ਦੀ ਲੋੜ ਨਹੀਂ ਹੈ। ਇਸ ਦੀ ਬਜਾਏ ਉਨ੍ਹਾਂ ਨੇ ਅਪੀਲ ਕੀਤੀ ਕਿ ਜੋ ਵੀ ਯੋਗਦਾਨ ਦੇਣਾ ਚਾਹੁੰਦਾ ਹੈ ਉਹ ਬਾਬਾ ਸਤਨਾਮ ਸਿੰਘ, ਬਾਬਾ ਅਵਤਾਰ ਸਿੰਘ, ਬਾਬਾ ਬਾਲ ਅਤੇ ਬਾਬਾ ਜੀ ਪੰਜੋਲਾ ਵਾਲੇ ਵਰਗੇ ਧਾਰਮਿਕ ਆਸ਼ਰਮਾਂ ਰਾਹੀਂ ਸਹਾਇਤਾ ਕਰਨ।ਸ੍ਰੀ ਬੈਂਸ ਨੇ ਕਿਹਾ ਕਿ ਸਰਕਾਰ ਕੋਲ ਰਾਸ਼ਨ, ਪਾਣੀ ਅਤੇ ਦਵਾਈਆਂ ਦੀ ਪੂਰੀ ਸਹੂਲਤ ਹੈ ਅਤੇ ਬਚਾਅ ਕਾਰਜਾਂ ਲਈ ਮੋਟਰ ਵੋਟ ਵੀ ਤੈਨਾਤ ਕੀਤੀਆਂ ਗਈਆਂ ਹਨ। ਸ੍ਰੀ ਬੈਂਸ ਨੇ ਫਿਰ ਅਪੀਲ ਕੀਤੀ ਕਿ ਨੀਵੇਂ ਇਲਾਕਿਆਂ ਦੇ ਵਸਨੀਕ ਰਾਹਤ ਕੇਂਦਰਾਂ ਵਿੱਚ ਸ਼ਿਫਟ ਹੋ ਜਾਣ, ਅਫ਼ਵਾਹਾਂ ਤੇ ਧਿਆਨ ਨਾ ਦੇਣ ਅਤੇ ਸਭ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

# ਪੀ ਐਨ ਬੀ ਬੈਂਕ ਬਰਾਂਚ ਅਲਾਵਲਪੁਰ ਅਣਮਿਥੇ ਸਮੇਂ ਲਈ ਆਦਮਪੁਰ ਸ਼ਿਫਟ



**ਅਲਾਵਲਪੁਰ (ਮਦਨ ਬੰਗੜ)** ਕਸਬਾ ਅਲਾਵਲਪੁਰ ਦੇ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਲੋਕਾਂ ਨੂੰ ਬੈਂਕਿੰਗ ਸਹੂਲਤਾਂ ਪ੍ਰਦਾਨ ਕਰਨ ਵਾਲੀ ਸਭ ਤੋਂ ਪੁਰਾਣੀ ਪੀ ਐਨ ਬੀ ਬੈਂਕ ਬਰਾਂਚ ਅਲਾਵਲਪੁਰ ਨੂੰ ਆਦਮਪੁਰ ਵਿਖੇ ਮੀਹ ਕਾਰਨ ਅਣਮਿਥੇ ਸਮੇਂ ਲਈ ਸ਼ਿਫਟ ਕੀਤਾ ਗਿਆ ਹੈ।ਇਹ ਸੂਚਨਾ ਪੀਐਨਬੀ ਬੈਂਕ ਅਲਾਵਲਪੁਰ ਦੀ ਕੰਧ ਦੇ ਉੱਪਰ ਲੱਗੀ ਸਿਲਿਪ ਤੋਂ ਪ੍ਰਾਪਤ ਹੋਈ।ਪ੍ਰਾਪਤ ਜਾਣਕਾਰੀ ਅਨੁਸਾਰ ਅਲਾਵਲਪੁਰ ਵਿਖੇ ਪੀਐਨਬੀ ਬੈਂਕ ਦੀ ਬਿਲਡਿੰਗ ਲਗਭਗ 40/45 ਸਾਲ ਪੁਰਾਣੀ ਹੋਣ ਕਾਰਨ ਖਸਤਾ ਹਾਲ ਹੋ ਚੁੱਕੀ ਹੈ।ਪਿਛਲੇ ਕੁਝ ਦਿਨਾਂ ਤੋਂ ਪੈ ਰਹੇ ਮੀਂਹ ਕਾਰਨ ਬੈਂਕ ਦੀ ਬਿਲਡਿੰਗ ਦੀ ਛੱਤ ਚੋਣ ਕਾਰਨ ਬੈਂਕ ਨੂੰ ਅਣਮਿੱਥੇ ਸਮੇਂ ਲਈ ਆਦਮਪੁਰ ਪੀਐਨਬੀ ਬੈਂਕ ਦੀ ਬ੍ਰਾਂਚ ਵਿੱਚ ਸ਼ਿਫਟ ਕੀਤਾ ਗਿਆ ਹੈ।

# ਬਰਸਾਤੀ ਪਾਣੀ ਤੋਂ ਪ੍ਰਭਾਵਿਤ ਪਰਵਾਰਾਂ ਨੂੰ ਰਾਹਤ ਸਮੱਗਰੀ ਵੰਡੀ

**ਜਲੰਧਰ (ਸੁਰਿੰਦਰ ਕੁਮਾਰ)** ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵਲੋਂ ਪਿਛਲੀ ਦਿਨੀਂ ਲਗਾਤਾਰ ਭਾਰੀ ਬਾਰਿਸ਼ ਕਾਰਨ ਚਿੱਟੀ ਵੇਈਂ ਵਿਚ ਪਾਣੀ ਦਾ ਪੱਧਰ ਵਧਣ ਕਰਕੇ ਪ੍ਰਭਾਵਿਤ ਹੋਏ ਕੁੱਕੜ ਪਿੰਡ ਦੇ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੰਡੀ ਗਈ।ਇਸ ਮੌਕੇ ਉਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ।ਇਸ ਮੌਕੇ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ, ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਉਨ੍ਹਾਂ ਦੇ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹੀ ਹੈ।ਉਨ੍ਹਾਂ ਕਿਹਾ ਕਿ ਪ੍ਰਭਾਵਿਤ ਲੋਕਾਂ ਨੂੰ ਅੱਜ ਜੋ ਰਾਹਤ ਸਮੱਗਰੀ ਵੰਡੀ ਗਈ ਹੈ, ਉਸ ਵਿੱਚ ਰਾਸ਼ਨ ਅਤੇ ਤਰਪਾਲਾਂ ਤੋਂ ਇਲਾਵਾ ਹੋਰ ਲੋੜੀਂਦਾ ਸਾਮਾਨ ਸ਼ਾਮਲ ਹੈ।ਉਨ੍ਹਾਂ ਲੋਕਾਂ ਨੂੰ ਇਹ ਵੀ ਭਰੋਸਾ ਦੁਆਇਆ ਕਿ ਉਨ੍ਹਾਂ ਦੀ ਲੋੜ ਅਨੁਸਾਰ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਰ ਸਹੂਲਤ ਸਮੇਂ ਸਿਰ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਉਪਰੰਤ ਕੈਬਨਿਟ ਮੰਤਰੀ ਮੋਹਿੰਦਰ ਭਗਤ ਵਲੋਂ ਚਿੱਟੀ ਵੇਈਂ ਵਿੱਚ ਪਾਣੀ ਦੇ ਵਹਾਅ ਅਤੇ ਪਾਣੀ ਤੋਂ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਵੀ ਲਿਆ ਗਿਆ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਨਾਲ ਲਗਾਤਾਰ ਰਾਬਤਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਕੰਮ ਵਿੱਚ ਕਿਸੇ ਵੀ ਪ੍ਰਕਾਰ ਦੀ ਅਣਗਹਿਲੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।



# ਆਟੋਮੋਬਾਇਲਜ਼ ਨੇ ਮਨਾਈ ਆਪਣੀ 24ਵੀਂ ਵਰ੍ਹੇਗੰਢ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਾਇਲ ਪਲੈਟੀਨਮ ਡੀਲਰ ਹੁਸ਼ਿਆਰਪੁਰ ਆਟੋਮੋਬਾਇਲਸ ਨੇ ਆਪਣੀ 24ਵੀਂ ਵਰ੍ਹੇਗੰਢ ਸਵਰਨ ਫਾਰਮ ਹੁਸ਼ਿਆਰਪੁਰ ਵਿੱਚ ਮਨਾਈ। ਇਸ ਮੌਕੇ ਕੰਪਨੀ ਦੀਆਂ ਸਾਰੀਆ ਹੀ ਬਰਾਚਾਂ ਹੁਸ਼ਿਆਰਪੁਰ ਨੈਕਸਾ, ਲੁਧਿਆਣਾ ਨੈਕਸਾ, ਅਰੀਨਾ ਹੁਸ਼ਿਆਰਪੁਰ, ਐਮ.ਡੀ.ਐਸ, ਟਰੂ ਵੈਲਊ, ਅਰੀਨਾ ਮੰਡੀ ਗੋਬਿੰਦਗੜ੍ਹ ਕਲੱਸਟਰ ਅਤੇ ਹੁਸ਼ਿਆਰਪੁਰ ਆਟੋਮੋਬਾਇਲਸ ਦੇ 1250 ਦੇ ਕਰੀਬ ਕਰਮਚਾਰੀਆ ਨੇ ਇਸ ਮੌਕੇ ਭਾਗ ਲਿਆ। ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਪਿਛਲੇ ਸਾਲ ਵਿੱਚ ਸਾਡੇ ਕੋਲੋ ਜੋ ਤਰੁੱਟੀਆਂ ਰਹਿ ਗਈਆ ਸਨ ਉਨ੍ਹਾਂ ਨੂੰ ਪੂਰਾ ਕਰਕੇ ਆਉਣ ਵਾਲੇ ਸਮੇਂ ਵਿੱਚ ਰਾਇਲ ਪਲੈਟੀਨਮ ਅਤੇ ਐਲਫ਼ਾ ਬੈਂਡ ਲੈਣ ਦਾ ਪ੍ਰਣ ਲਿਆ।ਜਿਨ੍ਹਾਂ ਕਰਮਚਾਰੀਆਂ ਨੇ ਪਿੱਛਲੇ ਸਾਲ ਵਿਚ ਵਧੀਆ ਕੰਮ ਕੀਤਾ ਉਨ੍ਹਾਂ ਕਰਮਚਾਰੀਆਂ ਨੂੰ ਬੈਸਟ ਅਵਾਰਡ ਦਿੱਤੇ ਗਏ। ਇਸ ਮੌਕੇ ਗੁਰਮੀਤ ਕੌਰ ਨੇ ਕੰਪਨੀ ਦੇ ਫਾਊਂਡਰ ਅਜਵਿੰਦਰ ਸਿੰਘ ਦੇ ਜੋ ਟੀਚੇ ਸਨ ਉਨ੍ਹਾਂ ਨੂੰ ਯਾਦ ਕਰਵਾਇਆ ਅਤੇ ਸਭ ਕਰਮਚਾਰੀਆ ਨੂੰ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਲਈ ਕਿਹਾ। ਇਸ ਮੌਕੇ ਉਚੇਚੇ ਤੌਰ 'ਤੇ ਕੁਲਜੀਤ ਸਿੰਘ ਅਤੇ ਗੁਰਲੀਨ ਸੈਣੀ ਨੇ ਨਵਾ ਸ਼ਹਿਰ ਤੋਂ ਮੁੱਖ ਮਹਿਮਾਨ ਦੇ ਸ਼ਿਰਕਤ ਕੀਤੀ।

# ਪਹਿਲਾਂ ਪੈਰਾਂ 'ਤੇ ਆ ਜਾਈਏ ਫਿਰ ਕਰਾਂਗੇ ਰਾਜਨੀਤੀ : ਨੀਤੀ ਤਲਵਾੜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸ਼੍ਰੋਮਣੀ ਅਕਾਲੀ ਦੱਲ ਦੀ ਮਹਿਲਾ ਨੇਤੇਰੀ ਨੀਤੀ ਤਲਵਾੜ ਨੇ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਜਿਥੇ ਭਾਰੀ ਬਾਰਿਸ਼ ਕਾਰਨ ਪਾਣੀ ਭਰਨ ਕਾਰਨ ਲੋਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕਰ ਉਹਨਾਂ ਨੂੰ ਉਸੇ ਵੇਲੇ ਮੁੱਢਲੀਆਂ ਸਹੂਲਤਾਂ ਉਪਲਬੱਧ ਕਰਵਾਈਆਂ। ਨੀਤੀ ਤਲਵਾੜ ਨੇ ਵੱਖ ਵੱਖ ਪਿੰਡਾਂ ਦੇ ਦੌਰੇ ਦੌਰਾਨ ਕਿਹਾ ਕਿ ਵਿਧਾਨ ਸਭਾ ਹਲਕਾ ਚੱਬੇਵਾਲ ਬੀਤੇ ਦਿਨਾਂ ਵਿੱਚ ਕੱਚੇ ਮਕਾਨਾਂ ਨੂੰ ਪੱਕੇ ਕਰਨ ਦੇ ਪੈਸੇ ਦੇਣ ਵਿੱਚ ਚਰਚਿਤ ਰਿਹਾ ਹੈ ਤੇ ਖਬਰਾਂ ਸੁਣ ਕੇ ਇੰਝ ਲੱਗਦਾ ਸੀ ਕਿ ਇਸ ਵਿਧਾਨ ਸਭਾ ਹਲਕੇ ਵਿੱਚ ਕੋਈ ਮਕਾਨ ਹੁਣ ਕੱਚਾ ਨਹੀਂ ਰਿਹਾ, ਪਰ ਮੌਕੇ 'ਤੇ ਆ ਕੇ ਜੋ ਹਾਲਾਤ ਪਿੰਡਾਂ ਦੇ ਲੋਕਾਂ ਦੇ ਹਨ ਉਹ ਕੁਝ ਹੋਰ ਹੀ ਤਸਵੀਰ ਬਿਆਨ ਕਰ ਰਹੇ ਹਨ।ਇਸ ਦੌਰਾਨ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੰਡੀ, ਜਿਸ ਵਿੱਚ ਰਾਸ਼ਨ, ਪੀਣ ਵਾਲਾ ਪਾਣੀ, ਤਰਪਾਲ ਅਤੇ ਹੋਰ ਜ਼ਰੂਰੀ ਸਮਾਨ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਇੱਕ ਮਾਤਰ ਪਾਰਟੀ ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੇ ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਨਾਲ ਖੜੀ ਹੈ ਉਹਨਾਂ ਨੇ ਪ੍ਰਭਾਵਿਤ ਪਰਵਾਰਾਂ ਦੀਆਂ ਤੁਰੰਤ ਜ਼ਰੂਰਤਾਂ ਨੂੰ ਪੂਰਾ ਕਰਦੇ ਹੋਏ ਕਿਹਾ ਕਿ ਆਪਾਂ ਪਹਿਲਾਂ ਪੈਰਾਂ 'ਤੇ ਆ ਜਾਈਏ ਰਾਜਨੀਤੀ ਫਿਰ ਕਰ ਲਵਾਂਗੇ ਇਸ ਲਈ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਇਹਨਾਂ ਪਰਿਵਾਰਾਂ ਦੇ ਮੁੜ ਵਸੇਵੇ ਦਾ ਕੰਮ ਸੰਭਾਲਣਾ ਪਵੇਗਾ।ਨੀਤੀ ਤਲਵਾਰ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਖੜ੍ਹਾ ਹੈ। ਇਸ ਮੌਕੇ ਉਹਨਾਂ ਦੇ ਨਾਲ ਤਜਿੰਦਰ ਕੌਰ, ਸੋਨੀਆ ਤਲਵਾਰ, ਪ੍ਰੀਆ ਸੈਣੀ, ਕ੍ਰਿਸ਼ਨਾ ਥਾਪਰ, ਮੁਸਕਾਨ ਪਰਾਸ਼ਰ, ਸੁਖਵਿੰਦਰ ਕੌਰ, ਰੇਖਾ ਰਾਣੀ, ਬਨੀਤਾ ਸ਼ਰਮਾ, ਰਾਮ ਰਖੀ, ਭੁਪਿੰਦਰ ਸਿੰਘ, ਸੋਨੀ ਸੰਘਾ ਅਤੇ ਹੋਰ ਸ਼੍ਰੋਮਣੀ ਅਕਾਲੀ ਦਲ ਦੇ ਕਾਰਜ ਕਰਤਾ ਵੀ ਮੌਜੂਦ ਸਨ।



# ਬੈਂਸ ਨੇ ਮਰੀਜ਼ ਨੂੰ ਐਂਬੂਲੈਂਸ ਰਾਹੀ ਸਰਕਾਰੀ ਹਸਪਤਾਲ 'ਚ ਕਰਵਾਇਆ ਦਾਖਲ

**ਭਲਾਣ (ਹਰਭਜਨ ਢਿੱਲੋਂ)** ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੰਗਲ ਵਿੱਚ ਬੇਲਿਆ ਦੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨ ਪਹੁੰਚੇ, ਜਿੱਥੇ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਮਿਲ ਕੇ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਲਈ।ਸ੍ਰੀ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਕੁਦਰਤੀ ਆਫਤ ਦੀ ਘੜੀ ਵਿੱਚ ਲੋਕਾਂ ਨਾਲ ਖੜ੍ਹੀ ਹੈ। ਉਹ ਖੁੱਦ ਦਰਜਨਾਂ ਪਿੰਡਾਂ ਦਾ ਰੋਜ਼ਾਨਾ ਦੌਰਾ ਕਰਕੇ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਅਤੇ ਰਾਹਤ ਕੈਂਪ ਦੇ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਅਤੇ ਪਸ਼ੂ ਧੰਨ ਦੀ ਸਮੱਸਿਆ ਸਾਡੀ ਜਿੰਮੇਵਾਰੀ ਹੈ।ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਾਂ, ਵਾਹਿਗੁਰੂ ਅੱਗੇ ਅਰਦਾਸ ਕਰ ਰਹੇ ਹਾਂ ਕਿ ਸਾਨੂੰ ਰਾਹਤ ਪ੍ਰਦਾਨ ਕਰੋ ਅਤੇ ਜਨ ਜੀਵਨ ਨੂੰ ਲੀਹ ਤੇ ਲਿਆਓ।ਇਸੇ ਦੌਰਾਨ ਪਿੰਡ ਸਿੰਘਪੁਰ ਪਲਾਸੀ ਵਿੱਚ ਬਲਵਿੰਦਰ ਸਿੰਘ ਨੇ ਮੰਤਰੀ ਬੈਂਸ ਅੱਗੇ ਆਪਣੀ ਤਕਲੀਫ਼ ਦੱਸੀ ਅਤੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਸਰੀਰਕ ਤੌਰ 'ਤੇ ਤਕਲੀਫ ਵਿੱਚ ਹੈ ਅਤੇ ਬਹੁਤ ਪ੍ਰੇਸ਼ਾਨੀ ਵਿੱਚ ਜੀ ਰਿਹਾ ਹੈ। ਪਿੰਡ ਵਿੱਚ ਹੜ੍ਹਾਂ ਵਰਗੇ ਹਾਲਾਤ ਹਨ।ਉਸ ਨੂੰ ਇਲਾਜ ਦੀ ਜਰੂਰਤ ਹੈ ਅਤੇ ਕਿਸੇ ਹਸਪਤਾਲ ਵਿਚ ਦਾਖਲ ਕਰਵਾਇਆ ਜਾਵੇ, ਜਿਸ ਉਪਰੰਤ ਮਨੁੱਖਤਾ ਭਰੀ ਪੇਸ਼ਕਦਮੀ ਕਰਦਿਆਂ ਮੰਤਰੀ ਨੇ ਤੁਰੰਤ ਸਬੰਧਿਤ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਨਿਰਦੇਸ਼ ਜਾਰੀ ਕੀਤੇ ਅਤੇ ਉਸ ਵਿਅਕਤੀ ਨੂੰ ਸਰਕਾਰੀ ਵਾਹਨ ਰਾਹੀਂ ਸਰਕਾਰੀ ਹਸਪਤਾਲ ਨੰਗਲ ਪਹੁੰਚਾਇਆ ਗਿਆ।ਮੰਤਰੀ ਬੈਂਸ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣ ਰਹੀ ਹੈ ਅਤੇ ਕਿਸੇ ਨੂੰ ਵੀ ਤਕਲੀਫ਼ ਵਿੱਚ ਇਕੱਲੇ ਨਹੀਂ ਛੱਡਿਆ ਜਾਵੇਗਾ।



# ਜਿੰਪਾ ਨੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਵੰਡੀ ਰਾਹਤ ਸਮੱਗਰੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਦਫ਼ਤਰ ਵਿੱਚ ਇਲਾਕੇ ਦੇ ਲੋੜਵੰਦ ਅਤੇ ਹੜ੍ਹ ਪ੍ਰਭਾਵਿਤ ਪਰਵਾਰਾਂ ਨੂੰ ਰਾਹਤ ਸਮੱਗਰੀ ਵੰਡੀ।ਇਸ ਦੌਰਾਨ ਉਨ੍ਹਾਂ ਪ੍ਰਭਾਵਿਤ ਪਰਵਾਰਾਂ ਨੂੰ ਤਰਪਾਲਾਂ ਅਤੇ ਰਾਸ਼ਨ ਦਿੱਤਾ ਅਤੇ ਭਰੋਸਾ ਦਿੱਤਾ ਕਿ ਕਿਸੇ ਵੀ ਲੋੜਵੰਦ ਨੂੰ ਇਕੱਲਾ ਨਹੀਂ ਛੱਡਿਆ ਜਾਵੇਗਾ।ਵਿਧਾਇਕ ਜਿੰਪਾ ਨੇ ਕਿਹਾ ਕਿ ਹਾਲ ਹੀ ਵਿਚ ਹੋਈ ਭਾਰੀ ਬਾਰਿਸ਼ ਕਾਰਨ ਸੂਬੇ ਦੇ ਕਈ ਹਿੱਸਿਆਂ ਵਿਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਵੀ ਕਈ ਪਰਿਵਾਰਾਂ ਦੇ ਘਰਾਂ ਅਤੇ ਰੋਜ਼ਾਨਾ ਵਰਤੋਂ ਦੇ ਸਾਮਾਨ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਔਖੇ ਸਮੇਂ ਵਿਚ ਆਪਸੀ ਸਹਿਯੋਗ ਅਤੇ ਸੰਵੇਦਨਸ਼ੀਲਤਾ ਹੀ ਅਸਲ ਤਾਕਤ ਹੈ।ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਮਾਜ ਦੇ ਸਮਰੱਥ ਲੋਕਾਂ ਨੂੰ ਅੱਗੇ ਆ ਕੇ ਹਰ ਸੰਭਵ ਤਰੀਕੇ ਨਾਲ ਅਤਿ ਲੋੜਵੰਦ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਇਹ ਇਕ-ਦੂਜੇ ਦਾ ਸਹਿਯੋਗ ਕਰਨ ਦਾ ਸਮਾਂ ਹੈ। ਅਸੀਂ ਸਾਰੇ ਮਿਲ ਕੇ ਇਸ ਸੰਕਟ ਨੂੰ ਦੂਰ ਕਰਾਂਗੇ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨਾਂ ਦੀ ਸਰਗਰਮ ਭੂਮਿਕਾ ਦੀ ਵੀ ਸ਼ਲਾਘਾ ਕੀਤੀ, ਜੋ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ, ਸਿਹਤ ਸੇਵਾਵਾਂ ਅਤੇ ਹੋਰ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਵਿਚ ਦਿਨ-ਰਾਤ ਲੱਗੇ ਹੋਏ ਹਨ।ਵਿਧਾਇਕ ਜਿੰਪਾ ਨੇ ਭਰੋਸਾ ਦਿੱਤਾ ਕਿ ਹਰੇਕ ਹੜ੍ਹ ਪ੍ਰਭਾਵਿਤ ਪਰਿਵਾਰ ਦੀ ਲੋੜੀਂਦੀ ਮਦਦ ਯਕੀਨੀ ਬਣਾਈ ਜਾਵੇਗੀ। ਇਸ ਮੌਕੇ ਅਮਰਜੀਤ ਬਾਜਵਾ ਸਰਪੰਚ, ਰਾਜਨ ਸੈਣੀ, ਮਦਨ ਲਾਲ, ਪ੍ਰਿਤਪਾਲ ਪ੍ਰਧਾਨ ਯੂਥ ਕਲੱਬ, ਪਵਨ ਸ਼ਰਮਾ, ਰਾਜਿੰਦਰ ਪੰਚ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਹੜ੍ਹਾਂ ਦੇ ਸੰਕਟ ਦੀ ਘੜੀ 'ਚ ਲੋਕਾਂ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣਾ ਸਭ ਤੋਂ ਉੱਪਰ : ਡਾ. ਗੁਰਿੰਦਰਜੀਤ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਹੜ੍ਹਾਂ ਦੇ ਖ਼ਤਰੇ ਦੇ ਮੱਦੇਨਜ਼ਰ ਐਮਰਜੈਂਸੀ ਸਥਿਤੀ ਪੈਦਾ ਹੋਣ ਦੀ ਸੂਰਤ ਵਿੱਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਚੌਕਸ ਹੈ।ਇਸ ਸੰਬੰਧੀ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਜ਼ਿਲ੍ਹਾ ਹਸਪਤਾਲ, ਨਵਾਂਸਹਿਰ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਸਮੇਤ ਸਿਹਤ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ ਮੌਜੂਦ ਸਨ।ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਜ਼ਿਲ੍ਹਾ ਹਸਪਤਾਲ, ਨਵਾਂਸਹਿਰ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਜਾ ਕੇ ਹੜ੍ਹਾਂ ਦੇ ਖ਼ਤਰੇ ਦੇ ਮੱਦੇਨਜ਼ਰ ਐਮਰਜੈਂਸੀ ਸਥਿਤੀ ਪੈਦਾ ਹੋਣ ਦੀ ਸੂਰਤ ਵਿੱਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।ਉਨ੍ਹਾਂ ਹੜ੍ਹ ਵਰਗੀਆਂ ਸੰਭਾਵੀ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਐਂਬੂਲੈਂਸਾਂ ਦੀ ਤਾਇਨਾਤੀ, ਜ਼ਰੂਰੀ ਦਵਾਈਆਂ ਤੇ ਮੈਡੀਕਲ ਸਾਜ਼ੋ-ਸਮਾਨ ਦੀ ਉਪਲੱਬਧਤਾ ਨੂੰ ਦੇਖਿਆ। ਇਸ ਮੌਕੇ ਉਨ੍ਹਾਂ ਗੁਆਂਢੀ ਰਾਜਾਂ ਸਮੇਤ ਪੰਜਾਬ ਵਿੱਚ ਲਗਾਤਾਰ ਪੈ ਰਹੇ ਭਾਰੀ ਮੀਂਹ ਕਾਰਨ ਹੜ੍ਹਾਂ ਦੇ ਖ਼ਤਰੇ ਦੇ ਚੱਲਦਿਆਂ ਮੈਡੀਕਲ ਐਮਰਜੈਂਸੀ ਦੀ ਸਥਿਤੀ ਪੈਦਾ ਹੋਣ ਦੀ ਸੂਰਤ ਵਿੱਚ ਜ਼ਿਲ੍ਹੇ ਵਿੱਚ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਿਹਤ ਦੇਖਰੇਖ ਪ੍ਰਬੰਧਾਂ 'ਤੇ ਵਿਚਾਰ-ਚਰਚਾ ਕੀਤੀ। ਉਨ੍ਹਾਂ ਨੇ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੜ੍ਹਾਂ ਦੇ ਖ਼ਤਰੇ ਦੇ ਮੱਦੇਨਜ਼ਰ ਐਮਰਜੈਂਸੀ ਦੀ ਸਥਿਤੀ ਪੈਦਾ ਹੋਣ ਦੀ ਸੂਰਤ ਵਿੱਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਮੈਡੀਕਲ ਐਮਰਜੈਂਸੀ ਦੀ ਸਥਿਤੀ ਵਿੱਚ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੈਪਿਡ ਰਿਸਪਾਂਸ ਮੈਡੀਕਲ ਟੀਮਾਂ ਨੂੰ ਚੌਕਸ ਰੱਖਿਆ ਜਾਵੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਕੁਦਰਤੀ ਆਫਤ ਵਿਚ ਲੋਕਾਂ ਨੂੰ ਆਪਣੀ ਸਿਹਤ ਨੂੰ ਲੈ ਕੇ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।



# ਸਰਕਾਰ ਹੜ੍ਹਾਂ ਦੀ ਚੁਣੌਤੀ ਨਾਲ ਨਜਿੱਠਣ ਲਈ ਪੂਰੀ ਚੌਕਸ : ਸੰਦੀਪ ਸੈਣੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੈਕਫਿੰਕੋ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਅਤੇ ਹੜ੍ਹਾਂ ਦੀ ਚੁਣੌਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਚੌਕਸ ਹੈ ਅਤੇ ਹਰੇਕ ਪੱਧਰ 'ਤੇ ਵਿਆਪਕ ਪ੍ਰਬੰਧ ਕੀਤੇ ਜਾ ਰਹੇ ਹਨ। ਸੰਦੀਪ ਸੈਣੀ ਨੇ ਕਿਹਾ ਕਿ ਜ਼ਿਲ੍ਹੇ ਵਿਚ ਵੱਖ-ਵੱਖ ਵਿਭਾਗਾਂ ਨੂੰ ਸਰਗਰਮ ਕਰਕੇ ਰਾਹਤ ਸਮੱਗਰੀ ਦੀ ਸਪਲਾਈ, ਅਸਥਾਈ ਆਸਰਾ ਕੈਂਪਾਂ ਦੀ ਸਥਾਪਨਾ, ਸਿਹਤ ਸੇਵਾਵਾਂ ਦੀ ਉਪਲਬੱਧਤਾ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਇਸ ਦੇ ਨਾਲ ਹੀ ਸੜਕਾਂ ਅਤੇ ਪੁਲਾਂ ਦੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਲੋਕਾਂ ਦੀ ਆਵਾਜਾਈ ਸੁਰੱਖਿਅਤ ਰਹੇ।ਚੇਅਰਮੈਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨ, ਰੈੱਡ ਕਰਾਸ ਸੁਸਾਇਟੀ ਅਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਸਾਂਝੇ ਯਤਨ ਸ਼ੁਰੂ ਕਰ ਦਿੱਤੇ ਹਨ, ਤਾਂ ਜੋ ਲੋੜਵੰਦਾਂ ਤੱਕ ਸਮੇਂ ਸਿਰ ਮਦਦ ਪਹੁੰਚ ਸਕੇ।ਸੰਦੀਪ ਸੈਣੀ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।ਹਰੇਕ ਪ੍ਰਭਾਵਿਤ ਪਰਿਵਾਰ ਨੂੰ ਪੂਰਾ ਸਮਰਥਨ ਦਿੱਤਾ ਜਾਵੇਗਾ ਅਤੇ ਕਿਸੇ ਨੂੰ ਵੀ ਇਕੱਲੇ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ।ਉਨ੍ਹਾਂ ਅੱਗੇ ਕਿਹਾ ਕਿ ਇਸ ਆਫ਼ਤ ਨਾਲ ਨਜਿੱਠਣ ਲਈ ਸਮੂਹਿਕ ਸਹਿਯੋਗ ਸਭ ਤੋਂ ਵੱਡੀ ਤਾਕਤ ਹੈ ਅਤੇ ਸਰਕਾਰ ਲੋਕਾਂ ਦੇ ਸਹਿਯੋਗ ਨਾਲ ਇਸ ਮੁਸ਼ਕਲ ਦੀ ਘੜੀ ਨੂੰ ਜਲਦ ਹੱਲ ਕਰੇਗੀ।

# ਖ਼ੂਨਦਾਨ ਕੈਂਪ ਲਗਾਇਆ

**ਅੱਡਾ ਸਰਾਂ (ਜਸਵੀਰ ਕਾਜਲ)** ਦਰਬਾਰ ਚੋਲੀਪੁਰ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਸੋਢੀ ਸ਼ਾਹ ਦੀ ਅਗਵਾਈ ਵਿੱਚ ਪ੍ਰਤੀਨਿਧੀ ਪੰਜਾਬ ਕੇਸਰੀ ਪਰਮਜੀਤ ਸਿੰਘ ਮੋਮੀ ਤੇ ਸੇਵਾਦਾਰ ਕੁਲਦੀਪ ਸਿੰਘ ਧੁੱਗਾ ਦੀ ਦੇਖ-ਰੇਖ ਹੇਠ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਵਿੱਚ ਭਾਰੀ ਬਰਸਾਤ ਦੇ ਬਾਵਜੂਦ 82 ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ ਜਿਸ ਵਿੱਚ ਔਰਤਾਂ ਅਤੇ ਪੁਲਸ ਮੁਲਾਜ਼ਮ ਵੀ ਸ਼ਾਮਲ ਸਨ।ਇਸ ਮੌਕੇ ਪੰਜਾਬ ਕੇਸਰੀ ਦੇ ਡਾਇਰੈਕਟਰ ਅਭਿਜੈ ਚੋਪੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦ ਕਿ ਇਸ ਮੌਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ, ਸਾਬਕਾ ਸੰਸਦੀ ਸਕੱਤਰ ਦੇਸ਼ ਰਾਜ ਸਿੰਘ ਧੁੱਗਾ, ਭਾਜਪਾ ਆਗੂ ਜਵਾਹਰ ਖੁਰਾਣਾ, ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਸਰਬਜੀਤ ਸਿੰਘ ਮੋਮੀ, ਸ਼ਿਵ ਸੈਨਾ ਆਗੂ ਮਿਕੀ ਪੰਡਤ, ਕਿਸਾਨ ਆਗੂ ਜੰਗਵੀਰ ਸਿੰਘ ਚੌਹਾਨ, ਪ੍ਰਿਤਪਾਲ ਸਿੰਘ ਗੁਰਾਇਆ, ਸਮਾਜ ਸੇਵੀ ਡਾ. ਕੇਵਲ ਸਿੰਘ ਡਾ. ਲਵਪ੍ਰੀਤ ਸਿੰਘ ਪਾਬਲਾ, ਡੀ.ਐਸ.ਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਐਸ.ਐਚ.ਓ ਗੜਦੀਵਾਲ, ਪਰਵਿੰਦਰ ਸਿੰਘ, ਸਮਾਜ ਸੇਵੀ ਰਜਿੰਦਰ ਸਿੰਘ ਮਾਰਸ਼ਲ ਸੁਖਵਿੰਦਰ ਸਿੰਘ ਅਰੋੜਾ, ਮੈਨੇਜਰ ਐਸ.ਬੀ.ਆਈ ਹਰਜਿੰਦਰ ਸਿੰਘ, ਮੈਡਮ ਗੁਰਵੀਰ ਕੌਰ, ਚੇਅਰਮੈਨ ਕੇ.ਪੀ ਸੰਧੂ, ਸਰਪੰਚ ਪਰਮਜੀਤ ਸਿੰਘ ਬਿੱਟੂ ਜੌਹਲ, ਆਪ ਆਗੂ ਸ਼ੁਭਮ ਸਹੋਤਾ, ਐਡਵੋਕੇਟ ਐਚ.ਐਸ. ਝਾਵਰ, ਪਰਮਿੰਦਰ ਸਿੰਘ ਸੋਨੀ, ਸੁਖਵਿੰਦਰ ਸਿੰਘ ਜੌਹਲ, ਵਿਕਾਸ ਜਸਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹੋਏ ਪੰਜਾਬ ਕੇਸਰੀ ਗਰੁੱਪ ਦੇ ਇਸ ਮਹਾਨ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਕੈਂਪ ਦੀ ਸਫਲਤਾ ਵਾਸਤੇ ਹਰਿਆਲੀ ਸੰਸਥਾ ਦਸੂਹਾ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਮੂਨਕ ਖੁਰਦ, ਬਾਬਾ ਵਿਸ਼ਵਕਰਮਾ ਮੋਟਰਸਾਈਕਲ ਯੂਨੀਅਨ ਟਾਂਡਾ, ਡਾ. ਅੰਬੇਡਕਰ ਵੈਲਫੇਅਰ ਸੋਸਾਇਟੀ ਗੜਦੀਵਾਲ, ਸੰਤ ਬਾਬਾ ਰੰਗੀ ਰਾਮ ਜੀ ਚੈਰੀ ਟੇਬਲ ਹਸਪਤਾਲ ਜਾਜਾ, ਤੇਰਾ ਤੇਰਾ ਸੇਵਾ ਸੋਸਾਇਟੀ ਜੌਹਲ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਕੈਂਪ ਨੂੰ ਸਫਲ ਬਣਾਉਣ ਵਾਸਤੇ ਸਾਰੀਆਂ ਸੰਤ ਬਾਬਾ ਸੋਢੀ ਸ਼ਾਹ ਜੀ ਤੇ ਸਤਿਕਾਰਯੋਗ ਸ਼ਖਸੀਅਤਾਂ ਦਾ ਧੰਨਵਾਦ। ਇਸ ਮੌਕੇ ਸੀਤਾ ਦੇਵੀ ਮੈਮੋਰੀਅਲ ਬੇਬਸ ਹਸਪਤਾਲ ਟਾਂਡਾ ਵੱਲੋਂ ਮੈਡੀਕਲ ਚੈੱਕ ਅਪ ਕੈਂਪ ਅਤੇ ਹਰਬੰਸ ਰੇਖੀ ਹਸਪਤਾਲ ਵੱਲੋਂ ਅੱਖਾਂ ਦਾ ਮੁਫਤ ਚੈੱਕ ਅਪ ਕੈਂਪ ਵੀ ਲਗਾਇਆ ਗਿਆ।



# ਦਰਬਾਰ ਇੱਛਾਧਾਰੀ ਸ਼ਿਵ ਮੰਦਰ ਵਿਖੇ ਸਾਲਾਨਾ ਮੇਲਾ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)** ਪਿੰਡ ਅਠੋਲਾ ਦੇ ਧੰਨ ਧੰਨ ਬਾਬਾ ਗੁੱਗਾ ਜਾਹਰ ਪੀਰ ਜੀ ਸ਼ਿਵ ਮੰਦਰ ਤੇ ਸ਼ਹੀਦ ਬਾਬਾ ਨੱਥਾ ਸਿੰਘ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ ਜੋ ਪੰਜਾਬ ਹੜ੍ਹ ਅਤੇ ਮੀਹ ਦੀ ਮਾਰ ਝੱਲ ਰਹੇ ਹਨ ਓਹਨਾ ਲਈ ਕੀਤੀ ਗਈ ਅਰਦਾਸ ਤੇ ਕਰਵਾਇਆ ਗਿਆ ਸਾਲਾਨਾ ਜੋੜ ਮੇਲਾ ਜਿਹਦੇ ਵਿੱਚ ਬਾਬਾ ਜਸਪਾਲ ਕੌਰ ਦੀ ਅਗਵਾਈ ਹੇਠ ਸਾਲਾਨਾ ਮੇਲਾ ਕਰਵਾਇਆ ਗਿਆ। ਇਸ ਮੌਕੇ ਇੰਟਰਨੈਸ਼ਨਲ ਪੰਜਾਬੀ ਸੂਫ਼ੀ ਗਾਇਕ ਬੂਟਾ ਮੁਹੰਮਦ, ਪੰਜਾਬੀ ਗਾਇਕ ਅਮਰੀਕ ਮਾਈਕਲ, ਕੁਲਵਿੰਦਰ ਕਿੰਦਾ, ਸੁਨੈਨਾ ਨੰਦਾ ਅੰਮ੍ਰਿਤਸਰ, ਗੁਰਪ੍ਰੀਤ ਗੋਪੀ, ਤਮੰਨਾ ਕੜਿਆਣਾ, ਹੈਪੀ ਸਹੋਤਾ, ਚਰਨਜੀਤ ਚੀਮਾ ਅਤੇ ਸੁਰਿੰਦਰ ਨੂਰੀ, ਰਜਿੰਦਰ ਰਾਜਨ, ਸਾਬੀ ਬਰਾੜ, ਰਾਜਾ ਇੱਬਣ ਦਰਬਾਰ ਤੇ ਆਪੋ ਆਪਣੀ ਹਾਜ਼ਰੀ ਲਗਵਾਈ। ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਬਲਕਾਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਆਗੂ ਮੰਗਲ ਅਠੌਲਾ, ਲਵ ਸਹੋਤਾ ਇਟਲੀ, ਵਰਿੰਦਰ ਸਿੰਘ, ਦਲਜੀਤ ਸਿੰਘ, ਹਰਜਿੰਦਰ ਸਿੰਘ, ਅਵਤਾਰ ਸਿੰਘ ਇੱਬਨ, ਬਲਰਾਮ ਸਿੰਘ ਬੱਲੂ, ਇਕਬਾਲ ਸਿੰਘ, ਅਜਮੇਰ ਸਹੋਤਾ, ਦੀਪਾ ਸੋਹਲ ਅਤੇ ਹੋਰ ਮੈਂਬਰ ਹਾਜ਼ਰ ਸਨ।



# ਸਤਲੁਜ ਤੇ ਗਿੱਦੜਪਿੰਡੀ ਰੇਲਵੇ ਪੁੱਲ ਹੇਠਾਂ ਫਸੀ ਬੂਟੀ ਦੀ ਰੁਕਾਵਟ ਹਟਾਈ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਨੈਸ਼ਨਲ ਡਿਜ਼ਾਸਟਰ ਰਿਸਪੌਂਸ ਫੋਰਸ (ਐਨ ਡੀ ਆਰ ਐਫ) ਦੀਆਂ ਟੀਮਾਂ ਅਤੇ ਸਥਾਨਕ ਗੋਤਾਖੋਰਾਂ ਨੇ ਇਕ ਦਲੇਰੀ ਭਰੀ ਕਾਰਵਾਈ ਕਰਦਿਆਂ ਸਤਲੁਜ ਦਰਿਆ 'ਤੇ ਬਣੇ ਗਿੱਦੜਪਿੰਡੀ ਰੇਲਵੇ ਪੁਲ ਦੇ ਹੇਠਾਂ ਫਸੀ ਬੂਟੀ ਨੂੰ ਹਟਾਇਆ, ਜਿਸ ਸਦਕਾ ਰੁਕਾਵਟ ਹਟਣ ਨਾਲ 2 ਲੱਖ ਕਿਊਸਿਕ ਪਾਣੀ ਦਾ ਸੁਚਾਰੂ ਪ੍ਰਵਾਹ ਯਕੀਨੀ ਹੋ ਗਿਆ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐਸ ਐਸ ਪੀ (ਜਲੰਧਰ ਦਿਹਾਤੀ) ਹਰਵਿੰਦਰ ਸਿੰਘ ਵਿਰਕ ਨੇ ਵਿਅਕਤੀਗਤ ਤੌਰ 'ਤੇ ਇਸ ਓਪਰੇਸ਼ਨ ਦੀ ਨਿਗਰਾਨੀ ਕੀਤੀ।ਇਹ ਓਪਰੇਸ਼ਨ ਸਖ਼ਤ ਨਿਗਰਾਨੀ ਹੇਠ ਜਾਰੀ ਰਿਹਾ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐਨ ਡੀ ਆਰ ਐਫ ਦੇ ਨਾਲ-ਨਾਲ ਰੇਲਵੇ ਟੀਮ ਨੂੰ ਵੀ ਤੁਰੰਤ ਬੁਲਾਇਆ ਗਿਆ।ਅਧਿਕਾਰੀਆਂ ਨੇ ਦੱਸਿਆ ਕਿ ਜੰਗਲੀ ਬੂਟੀ ਦਰਿਆ ਦੇ ਕੁਦਰਤੀ ਵਹਾਅ ਵਿੱਚ ਰੁਕਾਵਟ ਬਣ ਰਹੀ ਸੀ, ਜਿਸ ਨਾਲ ਇਸ ਸਥਾਨ 'ਤੇ ਰੁਕਾਵਟ ਦਾ ਸੰਭਾਵੀ ਖ਼ਤਰਾ ਪੈਦਾ ਹੋ ਰਿਹਾ ਸੀ, ਜਿਸ ਦੇ ਨਤੀਜੇ ਵਜੋਂ ਪਿਛਲੇ ਸਾਲਾਂ ਦੌਰਾਨ ਪਿੰਡਾਂ ਵਿੱਚ ਪਾੜ ਪੈ ਗਏ ਸਨ ਅਤੇ ਹੜ੍ਹ ਆ ਗਿਆ ਸੀ।ਬੂਟੀ ਨੂੰ ਸਫ਼ਲਤਾਪੂਰਵਕ ਹਟਾਉਣ ਤੋਂ ਬਾਅਦ, ਡਾ. ਅਗਰਵਾਲ ਨੇ ਸਥਾਨਕ ਗੋਤਾਖੋਰਾਂ ਅਤੇ ਐਨ ਡੀ ਆਰ ਐਫ ਦੀਆਂ ਟੀਮਾਂ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ।



# ਸਰਹਾਲ ਨੇ ਹੜ੍ਹ ਪੀੜਤਾਂ ਨੂੰ ਰਾਸ਼ਨ ਦਵਾਈਆਂ ਵੰਡੀਆਂ

**ਬੰਗਾ (ਅਵਤਾਰ ਕਲੇਰ)** ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਅਤੇ ਵਾਈਸ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਨੇ ਹੜ੍ਹਾਂ ਦੀ ਮਾਰ ਹੇਠ ਆਇਆ ਪਿੰਡ ਚੇਤਾ ਪਹੁੰਚ ਕੇ ਰਾਸ਼ਨ, ਪਾਣੀ, ਤਰਪੈਲਾ, ਦੁਵਾਈਆਂ ਅਤੇ ਪਸ਼ੂਆਂ ਲਈ ਚਾਰਾ ਵੰਡਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਦਾਇਤਾਂ ਹਨ ਕਿ ਆਪਣੇ -ਆਪਣੇ ਹਲਕੇ ਚ ਹੜ੍ਹ ਪੀੜਤ ਲੋਕਾਂ ਦੀ ਮਦਦ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਔਖੇ ਵੇਲੇ ਲੋਕਾਂ ਦੇ ਨਾਲ ਖੜੀ ਹੈ।ਜਿਹਨਾਂ ਲੋਕਾਂ ਦੇ ਘਰਾਂ ਢਹਿ ਗਏ ਜਾਂ ਨੁਕਸਾਨੇ ਗਏ ਹਨ ਉਹ ਐਸ ਡੀ ਐਮ ਦਫਤਰ ਬੰਗਾ ਵਿਖੇ ਅਰਜ਼ੀਆਂ ਦੇਣ ਸਰਕਾਰ ਵਲੋਂ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਮੀਂਹ ਹਟਣ ਤੋਂ ਬਾਅਦ ਖ਼ਰਾਬ ਹੋਈਆਂ ਫ਼ਸਲਾਂ ਦਾ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇਗਾ। ਉਹਨਾਂ ਸਮਾਜ ਸੇਵੀ ਸੰਸਥਾਵਾਂ ਅਤੇ ਐਨ ਆਰ ਆਈ ਵੀਰਾਂ ਨੂੰ ਵੀ ਅਪੀਲ ਕੀਤੀ ਕਿ ਹੜ੍ਹ ਪੀੜਤ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ। ਇਸ ਮੌਕੇ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ਼ ਬੰਗਾ, ਚੇਅਰਮੈਨ ਮਾਰਕੀਟ ਕਮੇਟੀ ਬੰਗਾ ਬਲਵੀਰ ਕਰਨਾਣਾ, ਬਲਾਕ ਪ੍ਰਧਾਨ ਰਜਿੰਦਰ ਕਟਾਰੀਆਂ, ਬਲਾਕ ਪ੍ਰਧਾਨ ਜਗਜੀਤ ਬਲਾਕੀਪੁਰ, ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਲੱਕੀ ਲੱਧੜ, ਯੂਥ ਹਲਕਾ ਕੋਆਰਡੀਨੇਟਰ ਬਿੱਪਨ ਰਾਣਾ, ਜ਼ਿਲ੍ਹਾ ਯੂਥ ਜਨਰਲ ਸੈਕਟਰੀ ਦਲਜੀਤ ਖਟਕੜ, ਕੁਲਵਿੰਦਰ ਸਿੰਘ, ਅਵਤਾਰ ਸਿੰਘ ਨੰਬਰਦਾਰ, ਕੁਲਦੀਪ ਸਿੰਘ, ਪਲਵਿੰਦਰ ਸਿੰਘ, ਜਸਵਿੰਦਰ ਸਿੰਘ, ਰੂਪ ਲਾਲ ਆਦਿ ਹਾਜ਼ਰ ਸਨ।



# ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਇਆ

**ਅੱਡਾ ਸਰਾਂ (ਜਸਵੀਰ ਕਾਜਲ)** ਪਿੰਡ ਮਸੀਤਪਲ ਕੋਟ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਅਤੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲਾਨਾ ਸਮਾਗਮ ਕਰਵਾਇਆ ਗਿਆ।ਨੌਜਵਾਨਾਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਾਮ ਵੇਲੇ ਰਹਿਰਾਸ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸਜਾਏ ਗਏ ਦੀਵਾਨ ਵਿਚ ਪਿੰਡ ਦੇ ਬੱਚਿਆਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਭਾਈ ਜਸਵਿੰਦਰ ਸਿੰਘ ਨੇ ਆਪਣੇ ਪੰਥਕ ਵਿਚਾਰਾਂ ਰਾਹੀਂ ਸੰਗਤਾਂ ਨੂੰ ਇਸ ਦਿਵਸ ਦੀ ਮਹੱਤਤਾ ਅਤੇ ਇਤਿਹਾਸ ਤੋਂ ਜਾਣੂ ਕਰਵਾਇਆ।ਇਸ ਤੋਂ ਬਾਅਦ ਪੰਥ ਪ੍ਰਸਿੱਧ ਢਾਡੀ ਹਰਜੀਤ ਸਿੰਘ ਸੋਹਲਪੁਰ ਨੇ ਢਾਡੀ ਵਾਰਾਂ ਨਾਲ ਗੁਰ ਇਤਿਹਾਸ ਨਾਲ ਜੋੜਿਆ ।ਇਸ ਮੌਕੇ ਭਾਈ ਹਰਜੀਤ ਸਿੰਘ ਨੇ ਆਖਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਅਤੇ ਹੋਰ ਭਗਤਾਂ ਦੀ ਬਾਣੀ ਨੂੰ ਇਕੱਤਰ ਕਰ ਕੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ ਸੀ।ਉਨ੍ਹਾਂ ਦੱਸਿਆ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ ਤੋਂ ਇਲਾਵਾ ਸਮੂਹ ਵਰਣਾਂ ਨਾਲ ਸਬੰਧਿਤ ਪ੍ਰਭੂ ਪ੍ਰੀਤਮ ਦੇ ਪਿਆਰ ਵਿਚ ਭਿੱਜੇ 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਬਾਣੀ ਨੂੰ ਵੀ ਸਥਾਨ ਪ੍ਰਦਾਨ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਸੰਪਾਦਨਾ ਦੀ ਸੰਪੂਰਨਤਾ ਦਾ ਇਹ ਕਾਰਜ 1604 ਈਸਵੀ ਵਿਚ ਸੰਪੰਨ ਹੋਇਆ। ਜਿਸ ਉਪਰੰਤ ਅੱਜ ਦੇ ਦਿਨ ਭਾਦੋਂ ਸੁਦੀ ਏਕਮ 1661 ਬਿਕ੍ਰਮੀ, 1604 ਈ. ਨੂੰ ਆਦਿ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ ਅਤੇ ਬਾਬਾ ਬੁੱਢਾ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ।ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬਾਨ ਨੇ ਸ਼ਬਦ ਗੁਰੂ ਗੁਰਬਾਣੀ ਨੂੰ ਸਰਬਉੱਚ ਸਥਾਨ 'ਤੇ ਮੰਨਦਿਆਂ ਆਪਣਾ ਵਿਛਾਉਣਾ ਧਰਤੀ 'ਤੇ ਕਰ ਲਿਆ। ਉਨ੍ਹਾਂ ਕਿਹਾ ਕਿ ਸਾਨੂੰ ਗੁਰਬਾਣੀ ਦੇ ਲੜ ਲੱਗ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ।ਇਸ ਮੌਕੇ ਸਮੂਹ ਸੰਗਤਾਂ ਨੇ ਮਿਲਕੇ ਹੜ੍ਹ ਪ੍ਰਭਾਵਿਤ ਲੋਕਾਂ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਪ੍ਰਧਾਨ ਚੈਂਚਲ ਸਿੰਘ, ਜੀਤ ਸਿੰਘ, ਪ੍ਰੇਮਪਾਲ ਸਿੰਘ, ਬਲਜੀਤ ਸਿੰਘ, ਡਾਕਟਰ ਸਰਵਣ ਸਿੰਘ, ਚੰਨਣ ਸਿੰਘ, ਬਹਾਦਰ ਸਿੰਘ, ਅੰਮ੍ਰਿਤਪਾਲ ਸਿੰਘ, ਜਸਵਿੰਦਰ ਸਿੰਘ, ਗੁਰਮਿੰਦਰ ਸਿੰਘ, ਅਵਤਾਰ ਸਿੰਘ, ਗੁਰਮੁਖ ਸਿੰਘ ਪ੍ਰਧਾਨ ਗੁਰੂ ਅਮਰ ਦਾਸ ਸੇਵਾ ਸੰਸਥਾ, ਪ੍ਰਿਥੀਪਾਲ ਸਿੰਘ, ਹਰਬੰਸ ਸਿੰਘ, ਨੰਬਰਦਾਰ ਸੇਵਾ ਸਿੰਘ, ਪਰਮਜੀਤ ਸਿੰਘ, ਜਸਪ੍ਰੀਤ ਸਿੰਘ ਵਿਰਦੀ, ਸੁਰਜੀਤ ਸਿੰਘ ਆਦਿ ਹਾਜ਼ਰੀ ਲੁਆਈ।



# ਜਸਵੀਰ ਰਾਜਾ ਨੇ ਐੱਸ ਸੀ ਧਰਮਸ਼ਾਲਾ ਲਈ 5 ਲੱਖ ਦਾ ਦਿੱਤਾ ਚੈੱਕ

**ਅੱਡਾ ਸਰਾਂ/ਟਾਂਡਾ ਉੜਮੁੜ, (ਜਸਵੀਰ ਕਾਜਲ, ਉਂਕਾਰ ਸਿੰਘ)**- ਸਿਟੀ ਵਾਲਮੀਕਿ ਸਭਾ ਟਾਂਡਾ, ਉੜਮੁੜ ਦੀ ਇੱਕ ਵਿਸ਼ੇਸ਼ ਮੀਟਿੰਗ ਵਾਲਮੀਕਿ ਮੁਹੱਲਾ, ਵਾਰਡ ਨੰਬਰ 9 ਟਾਂਡਾ ਵਿਖੇ ਹੋਈ।ਸਿਟੀ ਪ੍ਰਧਾਨ ਦੀਪਕ ਭੀਲ ਅਤੇ ਸੇਵਾਮੁਕਤ ਡੀ.ਐੱਸ.ਪੀ. ਸੁਰਿੰਦਰ ਖੋਸਲਾ (ਪਿੰਕੀ) ਜ਼ਿਲ੍ਹਾ ਪ੍ਰਧਾਨ ਭਾਵਾਧਸ ਦੀ ਅਗਵਾਈ ਵਿਚ ਹੋਈ। ਇਸ ਮੀਟਿੰਗ ਦੌਰਾਨ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਜਦ ਕਿ ਉਨ੍ਹਾਂ ਦੇ ਨਾਲ ਆਪ ਦੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਕੌਂਸਲਰ ਸ੍ਰੀਮਤੀ ਸੁਮਨ ਖੋਸਲਾ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਸਾਬਕਾ ਕੌਂਸਲਰ ਬਲਵੀਰ ਕੌਰ, ਅਨਿਲ ਗੋਰਾ, ਭੱਟੀ ਸਾਬ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਜਿੱਥੇ ਵਾਰਡ ਨਿਵਾਸੀਆਂ ਦੀਆਂ ਵੱਖ-ਵੱਖ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਅਤੇ ਨਾਲ ਹੀ ਉਨ੍ਹਾਂ ਨੇ ਨਵ-ਨਿਰਮਾਣ ਐੱਸ ਸੀ ਧਰਮਸ਼ਾਲਾ ਬਣਾਉਣ ਲਈ 5 ਲੱਖ ਦਾ ਫੰਡ ਦੇ ਕੇ ਧਰਮਸ਼ਾਲਾ ਦੇ ਕੰਮ ਦਾ ਉਦਘਾਟਨ ਕੀਤਾ। ਇਸ ਸਮੇਂ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ।ਇਸ ਮੌਕੇ ਵਾਰਡ ਨਿਵਾਸੀਆਂ ਵੱਲੋਂ ਵਿਧਾਇਕ ਜਸਬੀਰ ਸਿੰਘ ਰਾਜਾ ਤੇ ਹੋਰਨਾਂ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਸੇਠ ਰਾਮ ਸੋਠੀ ਪੰਜਾਬ ਪ੍ਰਧਾਨ ਭਾਵਾਧਸ, ਦਿਲਬਾਗ ਦੇਵਾਂਤਕ, ਕਰਮ ਚੰਦ ਖੋਸਲਾ, ਜਤਿੰਦਰ ਮੱਟੂ, ਬਲਵੰਤ ਰਾਏ ਖੋਸਲਾ, ਅਜੇ ਖੋਸਲਾ, ਅਨਿਲ ਖੋਸਲਾ, ਬਲਵਿੰਦਰ ਖੋਸਲਾ, ਕੇਵਲ ਕ੍ਰਿਸ਼ਨ ਖੋਸਲਾ, ਸੁਮਿਤ ਖੋਸਲਾ, ਵਿਨੇ ਖੋਸਲਾ, ਕੇਤਨ, ਖੋਸਲਾ, ਕਮਲਕਾਂਤ ਕਿੱਟੂ, ਤਿਮੋਥੀ ਹੰਸ, ਨੀਰਜ ਕੁਮਾਰ, ਵਿੱਕੀ, ਦੀਵਾਨ ਚੰਦ, ਸਚਿਨ ਕੁਮਾਰ (ਗੋਲਡੀ), ਨਰਿੰਦਰ ਕੁਮਾਰ, ਕਾਲੀ, ਰਾਕੇਸ਼ ਕੁਮਾਰ, ਨਰਿੰਦਰ ਖੋਸਲਾ, ਰੱਜਤ, ਰੋਹਿਤ ਪਾਸੀ, ਭੋਲੀ ਦੇਵੀ, ਆਸ਼ਾ ਰਾਣੀ, ਰੇਨੂੰ ਬਾਲਾ, ਰੂਬੀ, ਸੱਤਿਆ ਦੇਵੀ, ਪਰਵੀਨ, ਰਾਣੀ, ਪੂਜਾ, ਪਰਵੀਨ, ਮਮਤਾ ਦੇਵੀ, ਰਾਣੀ, ਬੀਨਾ, ਰੇਨੂੰ, ਪੂਨਮ, ਸ਼ਾਂਤੀ ਦੇਵੀ ਆਦਿ ਹਾਜ਼ਰ ਹੋਏ।

5-SEP-PAGE-10.qxd 9/4/2025 11:03 PM Page 1



# ਸੈਕਰਡ ਹਾਰਟ ਸਕੂਲ ਦੇ ਬੱਚਿਆਂ ਹੜ੍ਹ ਪੀੜਤਾਂ ਦੀ ਮਦਦ ਲਈ ਡੀ ਸੀ ਨੂੰ 4 ਲੱਖ ਨਗਦੀ ਤੇ ਰਾਹਤ ਸਮੱਗਰੀ ਸੌਂਪੀ

### ਡੀ ਸੀ ਹਿਮਾਂਸ਼ੂ ਜੈਨ ਨੇ ਸਕੂਲੀ ਬੱਚਿਆਂ ਦੇ ਯਤਨਾਂ ਦੀ ਕੀਤੀ ਸ਼ਲਾਘਾ



**ਲੁਧਿਆਣਾ (ਸਿਗਮਾ, ਕਸ਼ੂਰੀਆ)**-ਸ਼ਾਨਦਾਰ ਹਮਦਰਦੀ ਤੇ ਜ਼ਿੰਮੇਵਾਰੀ ਦਾ ਪ੍ਰਦਰਸ਼ਨ ਕਰਦੇ ਹੋਏ ਸੈਕਰਡ ਹਾਰਟ ਕਾਨਵੈਂਟ ਇੰਟਰਨੈਸ਼ਨਲ ਸਕੂਲ ਦੇ ਦੋ ਵਿਦਿਆਰਥੀਆਂ ਨੇ ਆਰਵ ਫਾਊਂਡੇਸ਼ਨ ਤੇ ਪਲੇਅ ਸਕੂਲ ਦੇ ਸਹਿਯੋਗ ਨਾਲ 4 ਲੱਖ ਰੁਪਏ ਅਤੇ ਟੀ-ਸ਼ਰਟਾਂ, ਬੈੱਡ ਕਵਰ, ਪੈੱਨ ਤੇ ਨੋਟਬੁੱਕਾਂ ਸਮੇਤ ਜ਼ਰੂਰੀ ਰਾਹਤ ਸਮੱਗਰੀ ਇਕੱਠੀ ਕਰਕੇ ਪੰਜਾਬ ਦੇ ਹੜ੍ਹ ਰਾਹਤ ਕਾਰਜਾਂ ਵਿੱਚ ਯੋਗਦਾਨ ਪਾਇਆ ਹੈ। ਵਿਦਿਆਰਥੀਆਂ ਨੇ ਇਕੱਠੇ ਕੀਤੇ ਫੰਡ ਤੇ ਸਮੱਗਰੀ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ ਸੌਂਪੀ, ਜਿਨ੍ਹਾਂ ਨੇ ਸਮਾਜ ਭਲਾਈ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ ਤੇ ਭਰੋਸਾ ਦਿੱਤਾ ਕਿ ਇਹ ਸਰੋਤ ਜਲਦੀ ਤੋਂ ਜਲਦੀ ਪ੍ਰਭਾਵਿਤ ਪਰਿਵਾਰਾਂ ਨੂੰ ਵੰਡ ਦਿੱਤੇ ਜਾਣਗੇ। ਆਪਣੀਆਂ ਭਾਵਨਾਵਾਂ ਜ਼ਾਹਰ ਕਰਦੇ ਹੋਏ ਤੀਜੀ ਜਮਾਤ ਦੇ ਅਵਿਰਾਜ ਸਿਆਲ ਨੇ ਕਿਹਾ ਕਿ ਜਦੋਂ ਅਸੀਂ ਹੜ੍ਹਾਂ ਵਿੱਚ ਸਭ ਕੁਝ ਗੁਆਉਣ ਵਾਲੇ ਲੋਕਾਂ ਦੀਆਂ ਤਸਵੀਰਾਂ ਵੇਖੀਆਂ, ਤਾਂ ਸਾਨੂੰ ਪਤਾ ਸੀ ਕਿ ਸਾਨੂੰ ਕਿਸੇ ਤਰੀਕੇ ਨਾਲ ਮਦਦ ਕਰਨੀ ਪਵੇਗੀ, ਭਾਵੇਂ ਅਸੀਂ ਛੋਟੇ ਹਾਂ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਛੋਟੇ ਯਤਨ ਵੱਡਾ ਬਦਲਾਅ ਲਿਆ ਸਕਦੇ ਹਨ। ਸਾਨੂੰ ਖ਼ੁਸ਼ੀ ਹੈ ਕਿ ਅਸੀਂ ਯੋਗਦਾਨ ਪਾ ਸਕੇ। ਇੱਕ ਹੋਰ ਵਿਦਿਆਰਥੀ ਆਯਤ ਨੇ ਕਿਹਾ ਕਿ ਅਸੀਂ ਪੈਸੇ ਤੇ ਉਪਯੋਗੀ ਚੀਜ਼ਾਂ ਇਕੱਠੀਆਂ ਕੀਤੀਆਂ ਇਸ ਉਮੀਦ ਨਾਲ ਕਿ ਇਹ ਪ੍ਰਭਾਵਿਤ ਬੱਚਿਆਂ ਤੇ ਪਰਿਵਾਰਾਂ ਲਈ ਜੀਵਨ ਨੂੰ ਥੋੜ੍ਹਾ ਆਸਾਨ ਬਣਾ ਦੇਵੇਗਾ। ਇਸ ਮੌਕੇ ਬੋਲਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੰਕਟ ਦੇ ਸਮੇਂ ਵਿੱਚ ਭਾਈਚਾਰੇ ਦੀ ਸਹਾਇਤਾ ਲਈ ਨੌਜਵਾਨ ਵਿਦਿਆਰਥੀਆਂ ਨੂੰ ਅੱਗੇ ਵਧਦੇ ਦੇਖਣਾ ਸੱਚਮੁੱਚ ਪ੍ਰੇਰਨਾਦਾਇਕ ਹੈ। ਉਨ੍ਹਾਂ ਦੇ ਯਤਨਾਂ ਨੇ ਦੂਜਿਆਂ ਲਈ ਇੱਕ ਉਦਾਹਰਣ ਕਾਇਮ ਕੀਤੀ ਹੈ। ਸਕੂਲ ਦੀ ਪ੍ਰਿੰਸੀਪਲ ਸਿਸਟਰ ਸ਼ਾਂਤੀ ਡਿਸੂਜ਼ਾ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੇ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ। ਇੰਨੀ ਛੋਟੀ ਉਮਰ ਵਿੱਚ ਉਨ੍ਹਾਂ ਦੀ ਹਮਦਰਦੀ ਤੇ ਦੂਜਿਆਂ ਦੀ ਸੇਵਾ ਕਰਨ ਦੀ ਇੱਛਾ ਸਾਡੀ ਸੰਸਥਾ ਦੇ ਅਸਲ ਮੁੱਲਾਂ ਨੂੰ ਦਰਸਾਉਂਦੀ ਹੈ। ਦਿਆਲਤਾ ਦਾ ਇਹ ਕੰਮ ਸਮਾਜ ਦੀ ਭਲਾਈ ਲਈ ਹੱਥ ਮਿਲਾਉਣ ਲਈ ਬਹੁਤ ਸਾਰੇ ਲੋਕਾਂ ਨੂੰ ਪ੍ਰੇਰਿਤ ਕਰੇਗਾ। ਪਲੇਅ ਸਕੂਲ ਦੀ ਪ੍ਰਿਅੰਕਾ ਨੇ ਕਿਹਾ ਕਿ ਵਿਦਿਆਰਥੀਆਂ ਦੁਆਰਾ ਕੀਤਾ ਗਿਆ ਇਹ ਉੱਤਮ ਯਤਨ ਇੱਕ ਯਾਦ ਦਿਵਾਉਂਦਾ ਹੈ ਕਿ ਸਮਾਜ ਵਿੱਚ ਫ਼ਰਕ ਲਿਆਉਣ ਲਈ ਉਮਰ ਕੋਈ ਰੁਕਾਵਟ ਨਹੀਂ ਹੈ।

## ਖੱਤਰੀ ਬਰਾਦਰੀ ਵੈੱਲਫੇਅਰ ਸੋਸਾਇਟੀ ਵੱਲੋਂ ਹੜ੍ਹ ਪੀੜਤਾਂ ਲਈ ਸਹਾਇਤਾ



**ਜਲਾਲਾਬਾਦ (ਜੀਤ ਕੁਮਾਰ)**-ਜਲਾਲਾਬਾਦ ਦੇ ਸਰਹੱਦੀ ਇਲਾਕੇ ਦੇ ਹੜ੍ਹ ਪ੍ਰਭਾਵਿਤ ਢਾਣੀ ਬਚਨ ਸਿੰਘ ਦਾਖਲੀ ਚੱਕ ਖੀਵਾ ਵਿਖੇ ਹੜ੍ਹਾਂ ਦੇ ਕਾਰਨ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ, ਜਿਸ ਨੂੰ ਲੈ ਕੇ ਖੱਤਰੀ ਬਿਰਾਦਰੀ ਵੈੱਲਫੇਅਰ ਸੋਸਾਇਟੀ ਜਲਾਲਾਬਾਦ ਵੱਲੋਂ ਦਵਾਈਆਂ, ਸੁੱਕਾ ਰਾਸ਼ਨ ਤੇ ਸੁੱਕੇ ਦੁੱਧ ਦੀ ਸੇਵਾ ਕੀਤੀ ਗਈ। ਇਸ ਦੌਰਾਨ ਸਪੈਸ਼ਲ ਤੌਰ 'ਤੇ ਬੱਚਿਆਂ ਲਈ ਜ਼ਰੂਰੀ ਦਵਾਈਆਂ ਤੇ ਲੇਡੀਜ਼ ਦੀਆਂ ਖ਼ਾਸ ਜ਼ਰੂਰਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ। ਹੜ੍ਹ ਪ੍ਰਭਾਵਿਤ ਲੋਕਾਂ ਲਈ ਵੱਖਰੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ ਤਾਂ ਜੋ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਤਕਲੀਫ਼ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਨੇ ਖੱਤਰੀ ਬਿਰਾਦਰੀ ਦੇ ਇਸ ਯੋਗਦਾਨ ਲਈ ਖ਼ਾਸ ਧੰਨਵਾਦ ਕੀਤਾ ਤੇ ਇਸ ਸੇਵਾ ਨੂੰ ਪਿੰਡ ਵਾਸੀਆਂ ਲਈ ਬਹੁਤ ਵੱਡਾ ਸਹਾਰਾ ਕਰਾਰ ਦਿੱਤਾ। ਸੋਸਾਇਟੀ ਦੇ ਪ੍ਰਧਾਨ ਦਲੀਪ ਸਹਿਗਲ ਨੇ ਪਿੰਡ ਦਾ ਪੂਰਾ ਦੌਰਾ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਧਿਆਨ ਨਾਲ ਸੁਣੀਆਂ ਤੇ ਭਰੋਸਾ ਦਿੱਤਾ ਕਿ ਖੱਤਰੀ ਬਿਰਾਦਰੀ ਵੈੱਲਫੇਅਰ ਸੋਸਾਇਟੀ ਹੜ੍ਹਾਂ ਵਿੱਚ ਡੁੱਬੇ ਹਰ ਪਿੰਡ ਦੀ ਵੱਧ ਤੋਂ ਵੱਧ ਸਹਾਇਤਾ ਕਰੇਗੀ। ਇਸ ਮੌਕੇ ਸੋਸਾਇਟੀ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਸੋਢੀ, ਸਮਾਜ ਸੇਵੀ ਜਸਵੰਤ ਸਿੰਘ ਖੱਤਰੀ, ਪ੍ਰਮੁੱਖ ਸਲਾਹਕਾਰ ਪ੍ਰਵੇਸ਼ ਖੇੜਾ ਰਿਟਾਇਰਡ ਪੰਚਾਇਤ ਅਫਸਰ, ਪ੍ਰੈੱਸ ਸਕੱਤਰ ਭਗਵਾਨ ਸਹਿਗਲ, ਡਾ. ਮਨਪ੍ਰੀਤ ਕਪੂਰ, ਡਾ. ਇਕਬਾਲ ਸੋਢੀ, ਸੰਨੀ ਕਪੂਰ ਤੇ ਬਾਦਰੀ ਦੇ ਹੋਰ ਨੁਮਾਇੰਦੇ ਹਾਜ਼ਰ ਰਹੇ।

## ਨੈਤਿਕ ਸਿੱਖਿਆ ਨਤੀਜੇ 'ਚ ਸ਼ਿਵਾਲਿਕ ਕਿਡਜ਼ ਦੀ ਬੱਲੇ-ਬੱਲੇ



**ਜੈਤੋ (ਸਤੀਸ਼ ਕੁਮਾਰ ਭੈਰੀ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਜੈਤੋ ਨੇ ਨੈਤਿਕ ਸਿੱਖਿਆ ਦੇ ਐਲਾਨੇ ਨਤੀਜੇ ਵਿੱਚ ਸ਼ਿਵਾਲਿਕ ਕਿਡਜ਼ ਸਕੂਲ ਦੇ ਵਿਦਿਆਰਥੀਆਂ ਨੇ ਗੱਡੇ ਜਿੱਤ ਦੇ ਝੰਡੇ। ਇਨ੍ਹਾਂ ਨਤੀਜਿਆਂ ਵਿੱਚੋਂ ਸਕੂਲ ਦੇ ਵਿਦਿਆਰਥੀ ਵੈਭਵ ਜਿੰਦਲ ਜਮਾਤ ਛੇਵੀਂ ਨੇ ਪਹਿਲਾ ਸਥਾਨ (ਦੂਜਾ ਦਰਜਾ ਪ੍ਰੀਖਿਆ), ਰਾਜਵੀਰ ਸਿੰਘ ਜਮਾਤ ਸੱਤਵੀਂ ਨੇ (ਦੂਜਾ ਦਰਜਾ ਪ੍ਰੀਖਿਆ) ਮੈਰਿਟ ਸੂਚੀ ਵਿੱਚ ਸਥਾਨ ਹਾਸਲ ਕੀਤਾ। ਮਾਧਵ ਗੁਪਤਾ ਜਮਾਤ ਚੌਥੀ ਨੇ (ਪਹਿਲਾ ਦਰਜਾ ਪ੍ਰੀਖਿਆ ਵਿੱਚ) ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ। ਬੱਚਿਆਂ ਦੀ ਇਸ ਸ਼ਾਨਦਾਰ ਉਪਲੱਬਧੀ 'ਤੇ ਸਕੂਲ ਮੈਨੇਜਮੈਂਟ ਕਮੇਟੀ ਤੇ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਨੇ ਉਨ੍ਹਾਂ ਦੀ ਪਿੱਠ ਥਾਪੜੀ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਪੰਡੋਰੀ 'ਚ ਮਜ਼ਦੂਰ ਦੇ ਘਰ ਦੀ ਛੱਤ ਡਿੱਗੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿਛਲੇ ਕਈ ਦਿਨਾਂ ਤੋਂ ਲਗਾਤਾਰ ਹੋ ਬਰਸਾਤ ਕਾਰਨ ਘਰਾਂ ਦੇ ਹੋ ਰਹੇ ਨੁਕਸਾਨ ਦੀਆਂ ਖਬਰਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਮੰਗਲਵਾਰ ਨੂੰ ਹੋਈ ਬਰਸਾਤ ਕਾਰਨ ਪਿੰਡ ਪੰਡੋਰੀ 'ਚ ਇੱਕ ਮਜ਼ਦੂਰ ਦੇ ਘਰ ਦੀ ਛੱਤ ਡਿੱਗ ਪਈ। ਮਿਲੀ ਜਾਣਕਾਰੀ ਅਨੁਸਾਰ ਮਜ਼ਦੂਰ ਪਰਵਾਰ ਨਾਲ ਸਬੰਧਤ ਮਨਦੀਪ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਪੰਡੋਰੀ ਦੇ ਘਰ ਦੇ ਇੱਕ ਕਮਰੇ ਤੇ ਰਸੋਈ ਦੀ ਛੱਤ ਡਿੱਗ ਪਈ ਹੈ ਤੇ ਬਾਕੀ ਘਰ ਵਿੱਚ ਤਰੇੜਾਂ ਆ ਗਈਆਂ ਹਨ। ਘਰ ਦੀ ਛੱਤ ਡਿੱਗਣ ਨਾਲ ਬਹੁਤ ਸਾਰਾ ਘਰੇਲੂ ਸਾਮਾਨ ਵੀ ਮਲਬੇ ਹੇਠਾਂ ਦੱਬ ਕੇ ਖਰਾਬ ਹੋ ਗਿਆ। ਛੱਤ ਦੇ ਡਿੱਗਣ ਸਮੇਂ ਪਰਿਵਾਰ ਗੁਆਂਢੀਆਂ ਦੇ ਘਰ ਸੁੱਤਾ ਹੋਇਆ ਸੀ ਨਹੀਂ ਤਾਂ ਇਸ ਹਾਦਸੇ 'ਚ ਜਾਨੀ ਨੁਕਸਾਨ ਵੀ ਹੋ ਸਕਦਾ ਸੀ। ਪੀੜਤ ਪਰਵਾਰ ਨੇ ਘਰ ਦੀ ਮੁੜ ਉਸਾਰੀ ਲਈ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

## ਠੁੱਲੀਵਾਲ 'ਚ ਘਰਾਂ ਦੀਆਂ ਛੱਤਾਂ ਡਿੱਗਣ ਕਾਰਨ ਲੋਕਾਂ ਦਾ ਭਾਰੀ ਨੁਕਸਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਠੁੱਲੀਵਾਲ ਵਿਖੇ ਤੇਜ ਬਾਰਸ਼ ਕਾਰਨ ਵੱਖ ਵੱਖ ਪਰਿਵਾਰਾਂ ਦੇ ਘਰਾਂ ਦੀਆਂ ਛੱਤਾਂ ਡਿੱਗ ਗਈਆਂ, ਜਦੋਂ ਕਿ ਕਈ ਹੋਰ ਪਰਿਵਾਰਾਂ ਦੇ ਘਰਾਂ ਦੀਆਂ ਕੰਧਾਂ ਵਿੱਚ ਗੰਭੀਰ ਤਰੇੜਾਂ ਪੈਣ ਨਾਲ ਭਾਰੀ ਨੁਕਸਾਨ ਹੋਇਆ ਹੈ। ਸਰਪੰਚ ਪਰਮਜੀਤ ਕੌਰ ਸਿੱਧੂ ਨੇ ਦੱਸਿਆ ਕਿ ਬਹਾਦਰ ਸਿੰਘ ਪੁੱਤਰ ਗੁਰਨਾਮ ਸਿੰਘ, ਸਤਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ, ਪਾਲ ਕੌਰ ਪਤਨੀ ਨਛੱਤਰ ਸਿੰਘ, ਹਰਜਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਤੇ ਜਰਨੈਲ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀਆਨ ਠੁੱਲੀਵਾਲ ਦੇ ਘਰਾਂ ਦੀਆਂ ਛੱਤਾਂ ਡਿੱਗ ਗਈਆਂ ਹਨ। ਘਰਾਂ ਅੰਦਰ ਪਾਣੀ ਆਉਣ ਨਾਲ ਲੋੜੀਂਦਾ ਘਰੇਲੂ ਸਾਮਾਨ ਤਬਾਹ ਹੋ ਗਿਆ ਹੈ। ਇਸ ਤੋਂ ਇਲਾਵਾ ਦਸ ਘਰਾਂ ਦੀਆਂ ਕੰਧਾਂ 'ਚ ਤਰੇੜਾਂ ਪੈਣ ਨਾਲ ਘਰ ਡਿੱਗਣ ਕਿਨਾਰੇ ਪਹੁੰਚ ਗਏ। ਇਸ ਮੌਕੇ ਹਰਤੇਜ ਸਿੰਘ ਸਿੱਧੂ, ਮੇਵਾ ਸਿੰਘ ਭੱਟੀ, ਹਮੀਰ ਸਿੰਘ ਮਾਂਗਟ ਨੇ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਪਰਵਾਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।

## ਸਲਾਈਟ ਦੇ ਨਵੇਂ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ



**ਲੌਂਗੋਵਾਲ (ਪ੍ਰਦੀਪ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਡੀਮਡ ਯੂਨੀਵਰਸਿਟੀ) ਲੌਂਗੋਵਾਲ ਵਿਖੇ ਪਹਿਲੇ ਸਾਲ ਦੇ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਗੁਰੂ ਘਾਸੀਦਾਸ ਕੇਂਦਰੀ ਯੂਨੀਵਰਸਿਟੀ, ਬਿਲਾਸਪੁਰ ਛੱਤੀਸਗੜ੍ਹ ਦੇ ਕੁਲਪਤੀ ਪ੍ਰੋ. ਆਲੋਕ ਕੁਮਾਰ ਚੱਕਰਵਾਲ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਨਵੇਂ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਮਹੱਤਵ, ਨਿੱਜੀ ਅਨੁਸ਼ਾਸਨ ਤੇ ਸਮਾਜਿਕ ਜ਼ਿੰਮੇਵਾਰੀ ਦੀ ਗਹਿਰਾਈ ਨਾਲ ਸਮਝ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਜੀਵਨ ਸਿਰਫ਼ ਡਿਗਰੀ ਹਾਸਲ ਕਰਨ ਦਾ ਸਾਧਨ ਨਹੀਂ, ਬਲਕਿ ਆਤਮ ਵਿਕਾਸ, ਸੋਚਣ ਦੀ ਆਜ਼ਾਦੀ ਤੇ ਰਾਸ਼ਟਰ ਨਿਰਮਾਣ ਵਿੱਚ ਭਾਗੀਦਾਰੀ ਦੀ ਯਾਤਰਾ ਹੈ। ਆਪਣੇ ਅਨੁਭਵ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਤੁਹਾਡੇ ਅੰਦਰ ਬੇਅੰਤ ਸਮਰੱਥਾ ਹੈ। ਇਸ ਪ੍ਰੋਗਰਾਮ ਵਿੱਚ ਸਲਾਇਟ ਦੇ ਡਾਇਰੈਕਟਰ ਪ੍ਰੋ. ਮਨੀ ਕਾਂਤ ਪਾਸਵਾਨ ਨੇ ਵੀ ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਸੰਬੋਧਨ ਨਾਲ ਮਨੋਬਲ ਦਿੱਤਾ ਤੇ ਨਵੇਂ ਵਿਦਿਆਰਥੀਆਂ ਨੂੰ ਨਵੀਂ ਸੋਚ ਨਾਲ ਅੱਗੇ ਵਧਣ ਲਈ ਉਤਸ਼ਾਹਤ ਕੀਤਾ। ਇਸ ਮੌਕੇ ਸੰਸਥਾਨ ਦੇ ਡੀਨ ਸਟੂਡੈਂਟ ਵੈੱਲਫੇਅਰ ਪ੍ਰੋ. ਐੱਮ. ਐੱਮ. ਸਿਨਹਾ, ਮਕੈਨੀਕਲ ਇੰਜੀਨੀਅਰਿੰਗ ਦੇ ਮੁਖੀ ਪ੍ਰੋ. ਸ਼ੰਕਰ ਸਿੰਘ ਤੇ ਕਈ ਅਧਿਆਪਕ ਮੌਜੂਦ ਸਨ।

## ਤੇਜ਼ ਬਾਰਸ਼ ਕਾਰਨ ਥਾਣਾ ਸਿਟੀ ਦੀ ਦੀਵਾਰ ਡਿੱਗੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਲਗਾਤਾਰ ਹੋ ਰਹੀ ਭਾਰੀ ਬਾਰਸ਼ ਕਾਰਨ ਥਾਣਾ ਸਿਟੀ ਧੂਰੀ ਦੀ ਪੁਰਾਣੀ ਚਾਰਦੀਵਾਰੀ ਦਾ ਇੱਕ ਵੱਡਾ ਹਿੱਸਾ ਅਚਾਨਕ ਡਿੱਗ ਗਿਆ। ਇਹ ਦੀਵਾਰ ਸ਼ਹਿਰ ਦੀ ਸੰਘਣੀ ਅਬਾਦੀ ਵਾਲੀ ਗਲੀ, ਜਿਸ ਨੂੰ ਕੰਪਲੇਂਟ ਸੈਂਟਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੇ ਕੋਲ ਸਥਿਤ ਸੀ। ਦੀਵਾਰ ਡਿੱਗਣ ਨਾਲ ਇਲਾਕਾ ਨਿਵਾਸੀਆਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ, ਖੁਸ਼ਕਿਸਮਤੀ ਨਾਲ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਦੀਵਾਰ ਡਿੱਗਣ ਕਾਰਨ ਗਲੀ ਵਿੱਚ ਆਵਾਜਾਈ ਪ੍ਰਭਾਵਿਤ ਰਹੀ। ਮੁਹੱਲਾ ਵਾਸੀਆਂ ਨੇ ਦੱਸਿਆ ਕਿ ਥਾਣੇ ਦੀ ਚਾਰਦੀਵਾਰੀ ਕਾਫ਼ੀ ਪੁਰਾਣੀ ਹੋ ਚੁੱਕੀ ਸੀ ਤੇ ਖਰਾਬ ਹਾਲਤ ਕਰਕੇ ਕਈ ਵਾਰ ਇਸ ਬਾਰੇ ਧਿਆਨ ਦਿਵਾਇਆ ਵੀ ਗਿਆ ਸੀ। ਹੁਣ ਜਦੋਂ ਦੀਵਾਰ ਦਾ ਵੱਡਾ ਹਿੱਸਾ ਢਹਿ ਗਿਆ ਹੈ, ਲੋਕਾਂ ਵੱਲੋਂ ਪੁਲਸ ਵਿਭਾਗ ਤੇ ਪ੍ਰਸ਼ਾਸਨ ਨੂੰ ਜਲਦੀ ਨਾਲ ਨਵੀਂ ਮਜ਼ਬੂਤ ਚਾਰਦੀਵਾਰੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ, ਤਾਂ ਜੋ ਭਵਿੱਖ ਵਿੱਚ ਕੋਈ ਵੱਡਾ ਹਾਦਸਾ ਨਾ ਵਾਪਰੇ।

## ਗਣੇਸ਼ ਚਤੁਰਥੀ ਮੌਕੇ ਮੂਰਤੀ ਵਿਸਰਜਨ ਲਈ ਪੁਆਇੰਟ ਨਿਰਧਾਰਤ



**ਸਮਰਾਲਾ (ਸੁਰਜੀਤ ਸਿੰਘ)**-ਗਣੇਸ਼ ਚਤੁਰਥੀ ਮੌਕੇ ਗਣੇਸ਼ ਜੀ ਦੀ ਮੂਰਤੀ ਵਿਸਰਜਨ ਵੱਡੇ ਪੱਧਰ 'ਤੇ ਸਤਲੁਜ ਦਰਿਆ ਵਿੱਚ ਕੀਤੀ ਜਾਂਦੀ ਹੈ, ਪਰ ਇਸ ਵਾਰ ਭਾਰੀ ਬਰਸਾਤ ਕਾਰਨ ਸਤਲੁਜ ਦਰਿਆ ਦਾ ਤੇਜ਼ ਵਹਾਅ ਖਤਰੇ ਦੀ ਸੀਮਾ ਤੋਂ ਉੱਪਰ ਲੰਘ ਜਾਣ ਕਾਰਨ ਸਤਲੁਜ ਦੇ ਕੰਢੇ 'ਤੇ ਇਕੱਠ ਕਰਨਾ ਖਤਰੇ ਤੋਂ ਖਾਲੀ ਨਹੀਂ। ਹਾਲਾਤ ਦੀ ਨਾਜ਼ੁਕਤਾ ਦੇ ਮੱਦੇਨਜ਼ਰ ਜ਼ਿਲ੍ਹਾ ਲੁਧਿਆਣਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਹਿਮਾਂਸ਼ੂ ਜੈਨ ਨੇ ਸਬੰਧਤ ਉਪ ਮੰਡਲ ਅਫ਼ਸਰਾਂ ਨੂੰ ਆਦੇਸ਼ ਜਾਰੀ ਕੀਤੇ ਹਨ ਕਿ ਉਹ ਸ਼ਰਧਾਲੂਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਮੂਰਤੀ ਵਿਸਰਜਨ ਲਈ ਪੁਖਤਾ ਪ੍ਰਬੰਧਾਂ ਹੇਠ ਸੁਰੱਖਿਅਤ ਪੁਆਇੰਟ ਨਿਰਧਾਰਤ ਕਰਨ। ਜ਼ਿਲ੍ਹਾ ਮੈਜਿਸਟ੍ਰੇਟ ਹਿਮਾਂਸ਼ੂ ਜੈਨ ਦੇ ਹੁਕਮਾਂ ਦੀ ਪਾਲਣਾ ਵਿੱਚ ਸਮਰਾਲਾ ਉਪ ਮੰਡਲ ਅਫ਼ਸਰ ਰਜਨੀਸ਼ ਅਰੋੜਾ ਨੇ ਆਦੇਸ਼ ਜਾਰੀ ਕੀਤੇ ਹਨ ਕਿ ਮੂਰਤੀ ਵਿਸਰਜਨ ਲਈ ਗੜ੍ਹੀ ਪੁਲ ਤੇ ਮਾਛੀਵਾੜਾ ਵਾਲੇ ਪਾਸੇ ਤੇ ਨੀਲੋਂ ਪੁਲ 'ਤੇ ਅਰਜ਼ੀ ਪੁਆਇੰਟ ਕੁਈਨ ਫਲਾਵਰ ਰੈਸਟੋਰੈਂਟ ਦੇ ਨਾਲ ਨਿਰਧਾਰਤ ਕੀਤੇ ਹਨ। ਰਜਨੀਸ਼ ਅਰੋੜਾ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਕਿਸੇ ਨੇ ਹੁਕਮਾਂ ਦੀ ਪਾਲਣਾ ਵਿਚ ਕੁਤਾਹੀ ਕੀਤੀ ਤਾਂ ਉਸ 'ਤੇ ਸਖ਼ਤ ਕਾਰਵਾਈ ਅੰਜ਼ਾਮ ਦਿੱਤੀ ਜਾਵੇਗੀ।

## ਦਸਮੇਸ਼ ਸਕੂਲ ਦੇ ਵਾਲੀਬਾਲ ਖਿਡਾਰੀਆਂ ਸੋਨ ਤਮਗੇ ਜਿੱਤੇ

**ਸਕੂਲ ਦੇ 9 ਵਾਲੀਬਾਲ ਖਿਡਾਰੀਆਂ ਦੀ ਸਟੇਟ ਖੇਡਣ ਲਈ ਚੋਣ**



**ਸਰਦੂਲਗੜ੍ਹ (ਅਵਤਾਰ ਜਟਾਣਾ)**-ਪੰਜਾਬ ਸਰਕਾਰ ਦੁਆਰਾ ਆਯੋਜਿਤ ਜ਼ਿਲ੍ਹਾ ਪੱਧਰੀ ਖੇਡਾਂ ਜ਼ਿਲ੍ਹਾ ਖੇਡ ਅਫਸਰ ਸ੍ਰ. ਅੰਮ੍ਰਿਤਪਾਲ ਸਿੰਘ ਤੇ ਜ਼ਿਲ੍ਹਾ ਵਾਲੀਬਾਲ ਕਨਵੀਨਰ ਸ੍ਰ. ਗੁਰਜੀਤ ਸਿੰਘ ਬੁਰਜ ਹਰੀ ਦੀ ਅਗਵਾਈ ਹੇਠ ਅਲੱਗ-ਅਲੱਗ ਸਥਾਨ 'ਤੇ ਹੋਈਆਂ, ਜਿਸ ਵਿੱਚ ਜ਼ੋਨ ਚੈਂਪੀਅਨ ਰਹਿਣ ਵਾਲੇ ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦੀਆਂ ਬਾਰਵੀਂ ਜਮਾਤ ਦੀਆਂ ਵਾਲੀਬਾਲ ਖਿਡਾਰਨਾਂ ਖੁਸ਼ਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਪ੍ਰਭਜੋਤ ਕੌਰ, ਖੁਸ਼ਪ੍ਰੀਤ ਕੌਰ (ਰੰਗਾ), ਪ੍ਰਦੀਪ ਕੌਰ ਤੇ ਕਰਨਵੀਰ ਕੌਰ ਨੇ ਜ਼ਿਲ੍ਹੇ ਵਿੱਚ ਬਹੁਤ ਜ਼ਬਰਦਸਤ ਖੇਡ ਦਾ ਮੁਜ਼ਾਰਾ ਕਰਦਿਆਂ ਸੈਮੀਫਾਈਨਲ ਵਿੱਚ ਜੋਗਾ ਜ਼ੋਨ ਨੂੰ ਤੇ ਫਾਈਨਲ ਮੁਕਾਬਲੇ ਵਿੱਚ ਦਸਮੇਸ਼ੀਅਨ ਖਿਡਾਰਨਾਂ ਨੇ ਫਫੜੇ ਭਾਈਕੇ ਜ਼ੋਨ ਨੂੰ 25-12 ਤੇ 25-6 ਦੇ ਜ਼ਬਰਦਸਤ ਮੁਕਾਬਲੇ ਨਾਲ ਜਿੱਤਦਿਆਂ ਜ਼ਿਲ੍ਹੇ ਵਿੱਚੋਂ ਪਹਿਲੇ ਨੰਬਰ 'ਤੇ ਰਹਿੰਦਿਆਂ ਜ਼ਿਲ੍ਹਾ ਸੋਨ ਤਮਗਾ ਜਿੱਤਿਆ। ਦਸਮੇਸ਼ ਸਕੂਲ ਦੀਆਂ ਪਲੇਇੰਗ ਸੈੱਟ ਦੀਆਂ ਉਪਰੋਕਤ ਖਿਡਾਰਨਾ ਦੀ ਪੰਜਾਬ ਪੱਧਰ 'ਤੇ ਖੇਡਣ ਲਈ ਚੋਣ ਹੋਈ। ਇਸੇ ਤਰ੍ਹਾਂ ਵਾਲੀਬਾਲ ਅੰਡਰ-19 ਲੜਕਿਆਂ ਦੀ ਟੀਮ ਵਿੱਚ ਜ਼ੋਨ ਸਰਦੂਲਗੜ੍ਹ ਵੱਲੋਂ ਖੇਡਦੇ ਦਸਮੇਸ਼ ਕਾਨਵੈਂਟ ਸਕੂਲ ਦੇ ਵਾਲੀਬਾਲ ਖਿਡਾਰੀਆਂ ਗੁਰਸ਼ਰਨ ਸਿੰਘ, ਮਨਿੰਦਰ ਸਿੰਘ ਤੇ ਪ੍ਰਦੀਪ ਸਿੰਘ ਨੇ ਜ਼ਿਲ੍ਹਾ ਪੱਧਰੀ ਫਾਈਨਲ ਮੁਕਾਬਲੇ ਵਿੱਚ ਜੋਗਾ ਜੋ ਨੂੰ ਹਰਾ ਕੇ ਜ਼ਿਲ੍ਹੇ ਵਿੱਚੋਂ ਪਹਿਲੇ ਨੰਬਰ 'ਤੇ ਰਹਿੰਦਿਆਂ ਸੋਨ ਤਮਗਾ ਜਿੱਤਿਆ। ਇਨ੍ਹਾਂ ਤਿੰਨਾਂ ਖਿਡਾਰੀਆਂ ਦੀ ਪੰਜਾਬ ਪੱਧਰੀ ਖੇਡਾਂ ਲਈ ਚੋਣ ਹੋਈ। ਇਸ ਤਰ੍ਹਾਂ ਵਾਲੀਬਾਲ ਮੁਕਾਬਲਿਆਂ ਵਿੱਚ ਦਸਮੇਸ਼ ਕਾਨਵੈਂਟ ਸਕੂਲ ਵੱਲੋਂ 2 ਜ਼ਿਲ੍ਹਾ ਸੋਨ ਤਮਗੇ ਤੇ 9 ਵਾਲੀਬਾਲ ਖਿਡਾਰੀਆਂ ਦੀ ਸਟੇਟ ਖੇਡਣ ਲਈ ਚੋਣ ਹੋਣ ਤੇ ਬੇਹੱਦ ਖੁਸ਼ੀ ਦਾ ਇਜ਼ਹਾਰ ਕਰਦਿਆਂ ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਵਾਲੀਬਾਲ ਜ਼ਿਲ੍ਹਾ ਜੇਤੂ ਖਿਡਾਰੀਆਂ ਤੇ ਵਾਲੀਬਾਲ ਕੋਚ ਗੁਰਸੇਵਕ ਸਿੰਘ, ਮਨਜੀਤ ਕੌਰ, ਮਨਦੀਪ ਸਿੰਘ, ਇਕਬਾਲ ਕੌਰ, ਜਸਬੀਰ ਕੌਰ, ਹਰਜਿੰਦਰ ਕੌਰ ਨੂੰ ਵਧਾਈਆਂ ਦਿੰਦਿਆਂ ਸਟੇਟ ਵਿੱਚੋਂ ਵੀ ਵਧੀਆਂ ਖੇਡਣ ਲਈ ਪ੍ਰੇਰਿਤ ਕੀਤਾ।

## ਹਮੀਦੀ 'ਚ ਬਾਰਸ਼ ਕਾਰਨ ਕਈ ਘਰਾਂ 'ਚ ਤਰੇੜਾਂ

### ਕਿਸੇ ਵੇਲੇ ਵੀ ਵਾਪਰ ਸਕਦੈ ਵੱਡਾ ਹਾਦਸਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਲਗਾਤਾਰ ਹੋ ਰਹੀ ਤੇਜ਼ ਬਾਰਸ਼ ਕਾਰਨ ਪਿੰਡ ਹਮੀਦੀ ਵਿਖੇ ਕਈ ਪਰਵਾਰਾਂ ਦੇ ਘਰਾਂ ਦੀਆਂ ਕੰਧਾਂ ਪਾਣੀ ਨਾਲ ਪਾਟਣ ਕਰਕੇ ਘਰ ਡਿੱਗਣ ਨਾਲ ਕਿਸੇ ਵੇਲੇ ਵੀ ਵਾਪਰ ਸਕਦਾ ਵੱਡਾ ਹਾਦਸਾ। ਪੀੜਤ ਮਲਕੀਤ ਸਿੰਘ ਪੁੱਤਰ ਗੁਰਮੇਲ ਸਿੰਘ ਮਿਸਤਰੀ ਹਮੀਦੀ ਨੇ ਦੱਸਿਆ ਕਿ ਉਸ ਦੇ ਘਰ ਦੀਆਂ ਦੋ ਕੰਧਾਂ ਪਾਟਣ ਕਰਕੇ ਛੱਤ ਨੂੰ ਸਿਰਫ ਸਪੋਟਾਂ ਦੇ ਸਹਾਰੇ ਖੜ੍ਹਾਇਆ ਹੋਇਆ ਹੈ ਜੋ ਕਿ ਕਿਸੇ ਵੀ ਵੇਲੇ ਡਿੱਗ ਸਕਦੀਆਂ ਹਨ। ਬੂਟਾ ਸਿੰਘ ਪੁੱਤਰ ਸ਼ੇਰ ਸਿੰਘ ਨੇ ਕਿਹਾ ਕਿ ਉਸ ਦੇ ਘਰ ਦੇ ਲਗਭਗ 20 ਖਣਾਂ ਸਮੇਤ ਦੋਨੋਂ ਦੁਆਲੇ ਦੀਆਂ ਕੰਧਾਂ ਵਿੱਚ ਤਰੇੜਾਂ ਪੈ ਗਈਆਂ ਹਨ। ਛੱਤ ਲਗਾਤਾਰ ਝੁਕਦੀ ਜਾ ਰਹੀ ਹੈ। ਇਸ ਕਰਕੇ ਉਹ ਆਪਣੇ ਪਰਵਾਰ ਸਮੇਤ ਘਰ ਛੱਡ ਕੇ ਪਸ਼ੂਆਂ ਵਾਲੇ ਵਰਾਂਡੇ ਵਿੱਚ ਰਹਿਣ ਲਈ ਬੇਵੱਸ ਹੈ। ਪੀੜਤ ਬੱਗਾ ਸਿੰਘ ਪੁੱਤਰ ਨਛੱਤਰ ਸਿੰਘ ਨੇ ਦੱਸਿਆ ਕਿ ਲਗਾਤਾਰ ਮੀਂਹ ਕਾਰਨ ਘਰ ਦੀਆਂ ਕੰਧਾਂ ਤਰੇੜਾਂ ਪੈਣ ਨਾਲ ਕਮਜ਼ੋਰ ਹੋ ਗਈਆਂ ਹਨ ਤੇ ਛੱਤ ਚੋਅ ਰਹੀ ਹੈ। ਪੂਰਾ ਪਰਵਾਰ ਇੱਕੋ ਕਮਰੇ ਵਿੱਚ ਰਹਿ ਰਿਹਾ ਹੈ। ਕਿਸਾਨ ਸੱਜਣ ਸਿੰਘ ਪੁੱਤਰ ਨਛੱਤਰ ਸਿੰਘ ਨੇ ਕਿਹਾ ਕਿ ਉਸ ਦੇ ਸਾਰੇ ਘਰ 'ਚ ਤਰੇੜਾਂ ਪੈਣ ਕਾਰਨ ਵੱਡਾ ਨੁਕਸਾਨ ਹੋ ਚੁੱਕਿਆ ਹੈ। ਇਸੇ ਤਰ੍ਹਾਂ ਮਜ਼ਦੂਰ ਗੁਰਮੀਤ ਸਿੰਘ ਪੁੱਤਰ ਮਹਿੰਦਰ ਸਿੰਘ ਦੇ ਮਕਾਨ ਦੀ ਛੱਤ ਦੇ ਬਾਲੇ ਟੁੱਟ ਜਾਣ ਕਰਕੇ ਅੰਦਰ ਪਿਆ ਸਾਰਾ ਸਾਮਾਨ ਖਰਾਬ ਹੋ ਗਿਆ ਹੈ। ਇਸ ਮੌਕੇ ਗ੍ਰਾਮ ਪੰਚਾਇਤ, ਵੱਖ ਵੱਖ ਆਗੂਆਂ ਨੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਪੀੜਤ ਪਰਵਾਰਾਂ ਦੇ ਘਰਾਂ ਦੇ ਨੁਕਸਾਨ ਦਾ ਯੋਗ ਮੁਆਵਜ਼ਾ ਦਿੱਤਾ ਜਾਵੇ।

## ਭਾਰਤੀ ਕਲੋਨੀ ਨੌਜਵਾਨ ਸਭਾ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ




**ਲੁਧਿਆਣਾ (ਜਸਦੀਪ ਵਰਤੀਆ)**-ਵਾਰਡ ਨੰਬਰ ਇੱਕ ਭਾਰਤੀ ਕਲੋਨੀ ਨੌਜਵਾਨ ਸਭਾ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਫਿਰੋਜ਼ਪੁਰ ਹਰੀਕੇ ਪੱਤਣ ਲਈ ਕੁਝ ਰਾਹਤ ਸਮੱਗਰੀ ਪੂਰੇ ਮੁਹੱਲੇ ਦੇ ਸਹਿਯੋਗ ਨਾਲ ਨੌਜਵਾਨਾਂ ਹੱਥ ਭੇਜੀ ਗਈ, ਜਿਸ ਵਿੱਚ ਖਾਸ ਤੌਰ 'ਤੇ ਜਾਨਵਰਾਂ ਲਈ ਚੌਕਰ ਦਾ ਪ੍ਰਬੰਧ, ਪੀਣ ਵਾਲੇ ਪਾਣੀ ਦਾ ਪ੍ਰਬੰਧ, ਤ੍ਰਪਾਲਾਂ ਦਾ ਪ੍ਰਬੰਧ, ਨਾਰਮਲ ਮੈਡੀਕਲ ਦਵਾਵਾਂ, ਆਟਾ, ਦਾਲਾਂ, ਟੁੱਥ ਬਰਸ਼, ਸਾਬਣ, ਚਾਹ ਪੱਤੀ ਤੇ ਹੋਰ ਨਿੱਜੀ ਜ਼ਿੰਦਗੀ ਵਿੱਚ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਭੇਜੀਆਂ ਗਈਆਂ। ਅਸੀਂ ਹਿੰਦੁਸਤਾਨ ਵਿੱਚ ਵਸਦੇ ਸਾਰੇ ਪੰਜਾਬੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਾਰੇ ਵੀਰਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤੇ ਹੜ੍ਹ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਗੁਰਪ੍ਰੀਤ ਸਿੰਘ, ਮੁਨੀਸ਼ ਮਹਿਤੋ, ਗੁਰਪਾਲ ਸੰਧੀ, ਗੁਰਪਾਲ ਬੱਗਾ, ਵਿਸ਼ਾਲ ਮਹਿਰਾ, ਊਧਮ ਸਿੰਘ, ਅਜੇ, ਸੁਨੀਲ ਸ਼ੀਲਾ, ਗੋਪੀ ਸਨੀ, ਸੰਦੀਪ ਕੁਮਾਰ, ਪੁਸ਼ਪਿੰਦਰ ਸਿੰਘ, ਦੀਪਕ ਮਹਿਰਾ, ਟਹਿਲ ਸਿੰਘ, ਪੱਪੂ ਬਿੰਦ, ਰਾਜ ਕੁਮਾਰ ਤੇ ਰਿੰਕੂ ਸਿੱਧੜ ਆਦਿ ਹਾਜ਼ਰ ਸਨ।

## ਮਜ਼ਦੂਰ ਪਰਵਾਰਾਂ ਲਈ ਸਹਾਰਾ ਬਣੇ ਕਾਰੋਬਾਰੀ ਹਰਵਿੰਦਰ ਜਿੰਦਲ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਲਗਾਤਾਰ ਪੈ ਰਹੇ ਮੀਂਹ ਕਾਰਨ ਪਿੰਡਾਂ ਵਿੱਚ ਗਰੀਬ ਮਜ਼ਦੂਰ ਪਰਵਾਰਾਂ ਦੇ ਘਰਾਂ ਦੀ ਹਾਲਤ ਬਹੁਤ ਨਾਜ਼ੁਕ ਹੋ ਚੁੱਕੀ ਹੈ। ਕੰਮਕਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਿਸ ਕਰਕੇ ਕਈ ਪਰਵਾਰ ਸਰਨਾਰਥੀਆਂ ਵਾਂਗ ਧਰਮਸ਼ਾਲਾ ਵਿੱਚ ਰਹਿਣ ਲਈ ਮਜਬੂਰ ਹਨ। ਇਸ ਮੁਸ਼ਕਲ ਵੇਲੇ ਵਿੱਚ ਮਹਿਲ ਕਲਾਂ ਦੇ ਉੱਘੇ ਕਾਰੋਬਾਰੀ ਹਰਵਿੰਦਰ ਕੁਮਾਰ ਜਿੰਦਲ ਨੇ ਆਪਣੇ ਜੱਦੀ ਪਿੰਡ ਵਜੀਦਕੇ ਖ਼ੁਰਦ ਦੇ ਵਾਸੀਆਂ ਦਾ ਸਹਾਰਾ ਬਣਦਿਆਂ ਸਾਬਕਾ ਸਰਪੰਚ ਬਾਬੂ ਵਜੀਰ ਚੰਦ ਵਜੀਦਕੇ ਦੀ ਯਾਦ ਵਿੱਚ 15 ਪਰਵਾਰਾਂ ਨੂੰ ਇੱਕ ਮਹੀਨੇ ਲਈ ਜ਼ਰੂਰੀ ਰਾਸ਼ਨ ਤੇ 40 ਦੇ ਕਰੀਬ ਘਰਾਂ ਦੀਆਂ ਛੱਤਾਂ ਉੱਤੇ ਪਾਉਣ ਲਈ ਤਰਪਾਲਾਂ ਵੰਡੀਆਂ ਹਨ। ਇਸ ਮੌਕੇ ਗੱਲਬਾਤ ਕਰਦਿਆਂ ਜਿੰਦਲ ਨੇ ਕਿਹਾ ਕਿ ਪਿੰਡ ਦੇ ਲੋਕ ਮੇਰੇ ਪਰਵਾਰ ਦਾ ਹਿੱਸਾ ਹਨ। ਇਨ੍ਹਾਂ ਦੇ ਦੁੱਖ-ਸੁੱਖ ਵਿੱਚ ਸਾਥ ਦੇਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਇਸ ਕੁਦਰਤੀ ਮੁਸੀਬਤ ਵਿੱਚ ਮੈਂ ਆਪਣੇ ਭਰਾਵਾਂ ਦਾ ਪੂਰਾ ਸਾਥ ਦੇਵਾਂਗਾ ਤੇ ਅੱਗੇ ਵੀ ਜੋ ਵੀ ਲੋੜ ਹੋਵੇਗੀ, ਪੂਰੀ ਕੀਤੀ ਜਾਵੇਗੀ। ਇਸ ਮੌਕੇ ਕੁਲਵਿੰਦਰ ਸਿੰਘ ਸੋਨੂੰ, ਪੱਪੂ ਗਿੱਲ, ਜਸਵੀਰ ਸਿੰਘ ਵਜੀਦਕੇ ਕਾਬਿਲ ਸਿੰਘ ਘੁੰਮਣ, ਅਮਨਦੀਪ ਸਿੰਘ ਗੋਲਡੀ, ਪੰਚ ਅਮਨਜੋਤ ਸਿੰਘ, ਦੀਪੀ ਸਰਾਂ, ਪਾਲੀ ਵਜੀਦਕੇ, ਨੇ ਜਿੰਦਲ ਪਰਵਾਰ ਦੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਪਰਮਪ੍ਰੀਤ ਸਿੰਘ ਸਿੱਧੂ, ਪ੍ਰੀਤਮ ਸਿੰਘ ਮਿੱਠੂ, ਤਰਸੇਮ ਸਿੰਘ, ਗੁਰਪਾਲ ਸਿੰਘ ਬਿੱਲਾ, ਤਰਸੇਮ ਸਿੰਘ ਹਾਜ਼ਰ ਸਨ।

## ਬਿਜਲੀ ਮੁਲਾਜ਼ਮ ਤੇ ਪੈਨਸ਼ਨਰ ਇੱਕ ਦਿਨ ਦੀ ਤਨਖਾਹ ਤੇ ਪੈਨਸ਼ਨ ਮੁੱਖ ਮੰਤਰੀ ਰਾਹਤ ਫੰਡ 'ਚ ਦੇਣਗੇ : ਆਗੂ

**ਹੜ੍ਹਾਂ ਦੀ ਮਾਰ ਝਲ ਰਹੇ ਲੋਕਾਂ ਲਈ ਮੈਡੀਕਲ ਕੈਂਪ ਲਗਾਉਣ ਦਾ ਵੀ ਕੀਤਾ ਫੈਸਲਾ**

**ਜਲਾਲਾਬਾਦ (ਜੀਤ ਕੁਮਾਰ)**-ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਅਧਾਰਤ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ: 24), ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਪੰਜਾਬ, ਪੈਨਸ਼ਨਰਜ਼ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੂਬਾ ਪੱਧਰ ਦੇ ਆਗੂਆਂ ਦੀ ਹੰਗਾਮੀ ਆਨਲਾਈਨ ਹੋਈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸੰਦੀਪ ਕੁਮਾਰ ਚੋਹਾਣਾ ਜ਼ੋਨ ਪ੍ਰਧਾਨ ਲੁਧਿਆਣਾ ਤੇ ਸੁਖਵਿੰਦਰ ਭਗਤ ਜਰਨਲ ਸਕੱਤਰ ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ ਨੰ 24) ਪੰਜਾਬ ਨੇ ਦੱਸਿਆ ਕਿ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਰਕੇ ਬਹੁਤ ਹੀ ਨਾਜ਼ੁਕ ਤੇ ਗੰਭੀਰ ਸਥਿਤੀ ਦੇ ਚਲਦਿਆਂ ਲੋਕਾਂ ਦੇ ਹੋਏ ਜਾਨੀ-ਮਾਲੀ ਨੁਕਸਾਨ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਆਗੂਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਅੰਦਰ ਕੁਦਰਤੀ ਕਰੋਪੀ ਤੇ ਸਰਕਾਰਾਂ ਵੱਲੋਂ ਸਮੇਂ ਸਿਰ ਢੁੱਕਵੇਂ ਤੇ ਲੋੜੀਂਦੇ ਪ੍ਰਬੰਧ ਨਾ ਕਰਨ ਕਾਰਨ ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਪਾਣੀ ਦੀ ਮਾਰ ਝੱਲ ਰਹੇ ਲੋਕਾਂ ਜਿਨ੍ਹਾਂ ਦਾ ਬਹੁਤ ਵੱਡੇ ਪੱਧਰ 'ਤੇ ਘਰਾਂ ਦੀਆਂ ਬਿਲਡਿੰਗਾਂ ਤੇ ਕੀਮਤੀ ਸਾਜ਼ੋ ਸਾਮਾਨ, ਖਾਣ ਪੀਣ ਦੀਆਂ ਵਸਤਾਂ ਸਮੇਤ ਫਸਲਾਂ ਤੇ ਪਸ਼ੂਆਂ ਦਾ ਬਹੁਤ ਭਾਰੀ ਨੁਕਸਾਨ ਹੋ ਗਿਆ ਹੈ। ਉਨ੍ਹਾਂ ਦੇ ਮੁੜ ਵਸੇਬੇ ਲਈ ਬਹੁਤ ਵੱਡੇ ਉਪਰਾਲੇ ਦੀ ਲੋੜ ਨੂੰ ਮਹਿਸੂਸ ਕਰਦਿਆਂ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੰਜਾਬ ਦੇ ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਇਕ ਦਿਨ ਦੀ ਤਨਖਾਹ ਤੇ ਪੈਨਸ਼ਨ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜਣ ਦਾ ਫੈਸਲਾ ਕੀਤਾ ਹੈ। ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਸਤੰਬਰ ਮਹੀਨੇ ਦੀ ਤਨਖਾਹ ਵਿੱਚੋਂ ਬਿਜਲੀ ਕਾਮਿਆਂ ਤੇ ਪੈਨਸ਼ਨਰਾਂ ਦੀ ਇੱਕ ਦਿਨ ਦੀ ਤਨਖਾਹ ਦੀ ਕਟੌਤੀ ਕਰਵਾ ਕੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣਗੇ ਤਾਂ ਜੋ ਪੰਜਾਬ ਵਾਸੀਆਂ ਦੀ ਇਸ ਔਖੀ ਘੜੀ ਵਿੱਚ ਆਰਥਿਕ ਮਦਦ ਕੀਤੀ ਜਾ ਸਕੇ। ਮੀਟਿੰਗ ਵਿੱਚ ਇਹ ਫੈਸਲਾ ਵੀ ਕੀਤਾ ਗਿਆ ਕਿ ਜਥੇਬੰਦੀਆਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆਉਣ ਵਾਲੇ ਸਮੇਂ ਵਿੱਚ ਮੈਡੀਕਲ ਕੈਂਪ ਲਗਵਾਉਣ ਤੋਂ ਇਲਾਵਾ ਬਿਪਤਾ ਮਾਰੇ ਲੋਕਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਲਈ ਜ਼ਮੀਨੀ ਪੱਧਰ 'ਤੇ ਵੀ ਉਪਰਾਲੇ ਕੀਤੇ ਜਾਣਗੇ।

## ਦਾਜ ਲਈ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਪਤਨੀ ਨੂੰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕੀਤੇ ਜਾਣ ਦੇ ਇੱਕ ਕਥਿਤ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਸ਼ਿਕਾਇਤਕਰਤਾ ਮਹਿਲਾ ਦੇ ਪਤੀ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇੱਕ ਮਹਿਲਾ ਨੇ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਦਿੱਤੀ ਦਰਖਾਸਤ ਵਿੱਚ ਦੱਸਿਆ ਸੀ ਕਿ ਅਕਤੂਬਰ 2023 ਵਿੱਚ ਉਸ ਦਾ ਵਿਆਹ ਹਿੰਦੂ ਗੀਤ ਰਿਵਾਜ਼ਾਂ ਅਨੁਸਾਰ ਰਿਸ਼ਵ ਸਹਿਗਲ ਵਾਸੀ ਡੇਰਾ ਬਸੀ (ਮੋਹਾਲੀ) ਨਾਲ ਹੋਇਆ ਸੀ, ਪਰ ਵਿਆਹ ਤੋਂ ਕੁਝ ਸਮੇਂ ਬਾਅਦ ਹੀ ਉਸ ਦੇ ਪਤੀ ਰਿਸ਼ਵ ਸਹਿਗਲ ਨੇ ਉਸ ਨੂੰ ਘੱਟ ਦਾਜ ਦਹੇਜ ਲੈ ਕੇ ਆਉਣ ਲਈ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਦਰਖਾਸਤ 'ਚ ਲਗਾਏ ਗਏ ਦੋਸ਼ਾਂ ਦੀ ਪੜਤਾਲ ਕਰਵਾਉਣ ਉਪਰੰਤ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਮਾਮਲੇ 'ਚ ਪੀੜਤ ਮਹਿਲਾ ਦੇ ਪਤੀ ਵਿਰੁੱਧ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਰਿਸ਼ਵ ਸਹਿਗਲ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਪਾਣੀ ਦੀ ਮਾਰ ਹੇਠ ਆਏ ਪਿੰਡਾਂ 'ਚ ਭੇਜਿਆ ਰਾਸ਼ਨ ਤੇ ਹਰਾ ਚਾਰਾ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਫਰੀਦਕੋਟ ਦੇ ਨਜ਼ਦੀਕੀ ਪਿੰਡ ਗੋਲੇਵਾਲਾ ਵਿਖੇ ਨਿਰਮਲ ਡੇਰਾ ਬਾਬਾ ਸਰੂਪ ਸਿੰਘ ਜੀ ਗੋਲੇਵਾਲਾ ਦੇ ਮੁੱਖ ਸੇਵਾਦਾਰ ਬਾਬਾ ਹਰਪ੍ਰੀਤ ਸਿੰਘ ਜੀ ਵੱਲੋਂ ਤੇ ਗੋਲੇਵਾਲਾ ਨਗਰ ਵੱਲੋਂ ਹੜ੍ਹ ਦੀ ਮਾਰ ਹੇਠ ਆਏ ਲੋਕਾਂ ਲਈ ਸੇਵਾ ਭੇਜੀ ਗਈ, ਜਿਸ ਵਿੱਚ ਪਸ਼ੂਆਂ ਲਈ ਤੂੜੀ, ਫੀਡ, ਦਵਾਈਆਂ ਤੇ ਲੋਕਾਂ ਲਈ ਹੋਰ ਲੋੜੀ ਦਾ ਘਰੇਲੂ ਸਾਮਾਨ ਭੇਜਿਆ ਗਿਆ। ਇਸ ਮੌਕੇ ਬਾਬਾ ਹਰਪ੍ਰੀਤ ਸਿੰਘ ਵੱਲੋਂ ਕਿਹਾ ਗਿਆ ਕਿ ਲੋਕਾਂ ਦੇ ਨਾਲ-ਨਾਲ ਪਸ਼ੂਆਂ ਦੀ ਖੁਰਾਕ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ ਤਾਂ ਜੋ ਲੋੜ ਅਨੁਸਾਰ ਉਨ੍ਹਾਂ ਨੂੰ ਹਰਾ ਚਾਰਾ ਤੇ ਫੀਡ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੜ੍ਹ ਪੀੜਤਾਂ ਨਾਲ ਖੜੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹੜ੍ਹ ਪੀੜਤਾਂ ਲਈ ਪੂਰੇ ਪੰਜਾਬ ਦੇ ਲੋਕ ਇੱਕਜੁੱਟ ਹੋ ਕੇ ਜ਼ਰੂਰਤ ਮੰਦਾਂ ਨੂੰ ਰਾਸ਼ਨ ਕਿਟਾਂ, ਰਾਹਤ ਸਮੱਗਰੀ, ਸਿਹਤ ਸਹੂਲਤਾਂ, ਪਸ਼ੂਆਂ ਲਈ ਫੀਡ ਆਦਿ ਮੰਗ ਅਨੁਸਾਰ ਨਾਲੋ-ਨਾਲ ਵੰਡ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਖੁਦ ਤੇ ਉਨ੍ਹਾਂ ਦੀਆਂ ਟੀਮ ਲੋਕਾਂ ਨਾਲ ਮਿਲ ਇਸ ਔਖੇ ਸਮੇਂ ਵਿਚ ਰਲ-ਮਿਲ ਕੇ ਜ਼ਰੂਰਤਮੰਦਾਂ ਦੀ ਮਦਦ ਕਰ ਰਹੇ ਹਨ ਤਾਂ ਜੋ ਇਸ ਕੁਦਰਤੀ ਕਰੋਪੀ ਦਾ ਸਾਹਮਣਾ ਕਰ ਸਕੀਏ। ਉਨ੍ਹਾਂ ਕਿਹਾ ਕਿ ਨਗਰ ਦੇ ਲੋਕਾਂ ਦੇ ਸਹਿਯੋਗ ਵੱਲੋਂ ਅੱਗੇ ਵੀ ਸੇਵਾ ਜਾਰੀ ਰਹੇਗੀ।

## ਪਾਤੜਾਂ ਦੇ ਘੱਗਰ ਨੇੜਲੇ ਪਿੰਡਾਂ ਲਈ ਅਲਰਟ ਜਾਰੀ

**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਘੱਗਰ ਵਿੱਚ ਪਾਣੀ ਦਾ ਪੱਧਰ ਜ਼ਿਆਦਾ ਹੋਣ ਕਾਰਨ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਤੜਾਂ ਦੇ ਘੱਗਰ ਨੇੜਲੇ ਪਿੰਡਾਂ ਨੂੰ ਅਲਰਟ ਜਾਰੀ ਕੀਤਾ ਗਿਆ ਹੈ। ਇਹ ਅਲਰਟ 4 ਸਤੰਬਰ 2025 ਨੂੰ ਸਵੇਰੇ 9.15 ਵਜੇ ਕੀਤਾ ਗਿਆ ਹੈ। ਲਗਾਤਾਰ ਭਾਰੀ ਸਥਾਨਕ ਬਾਰਸ਼ ਕਾਰਨ, ਖੇਤਾਂ ਵਿੱਚ ਪਾਣੀ ਭਰਨ ਕਾਰਨ ਤੇ ਬਾਦਸ਼ਾਹਪੁਰ ਵਿਖੇ ਘੱਗਰ ਦੇ ਸਾਰੇ ਗੇਜਾਂ ਦੇ ਖ਼ਤਰੇ ਦੇ ਪੱਧਰ 'ਤੇ ਪਹੁੰਚਣ ਕਾਰਨ ਹਰਚੰਦਪੁਰਾ ਤੇ ਬਾਦਸ਼ਾਹਪੁਰ ਦੇ ਉੱਪਰਲੇ ਪਾਸੇ ਪਾਣੀ ਇਕੱਠਾ ਹੋ ਰਿਹਾ ਹੈ। ਇਸ ਲਈ ਪਿੰਡ ਹਰਚੰਦ ਪੁਰਾ, ਬਾਦਸ਼ਾਹਪੁਰ, ਅਰਨੇਟੂ, ਰਸੋਲੀ, ਸ਼ੁਤਰਾਣਾ, ਜੋਗੇਵਾਲ, ਗੁਲਾਹੜ, ਪੈਂਦ, ਸਧਾਰਨਪੁਰ, ਸਿਊਨਾ ਆਦਿ ਪਿੰਡਾਂ ਦੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਚਿਤਾਵਨੀ/ਸਲਾਹਕਾਰੀ ਜਾਰੀ ਕੀਤੀ ਜਾਂਦੀ ਹੈ। ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਤੁਰੰਤ ਆਪਣੇ ਘਰ ਖਾਲੀ ਕਰਕੇ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਬੇਨਤੀ ਕੀਤੀ ਜਾਂਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਸਹਾਇਤਾ ਪ੍ਰਦਾਨ ਕਰਨ ਲਈ ਹਾਜ਼ਰ ਹਨ। ਕਿਰਪਾ ਕਰਕੇ ਸਹਿਯੋਗ ਕਰੋ ਤੇ ਆਪਣੀ ਸੁਰੱਖਿਆ ਨੂੰ ਤਰਜੀਹ ਦਿਓ। ਸਿਰਫ਼ ਅਧਿਕਾਰਤ ਚੇਤਾਵਨੀਆਂ ਦੀ ਪਾਲਣਾ ਕਰੋ। ਪ੍ਰਸ਼ਾਸਨ ਵੱਲੋਂ ਰਾਹਤ ਕੇਂਦਰਾਂ ਦੀ ਵੀ ਸਥਾਪਨਾ ਕੀਤੀ ਗਈ ਹੈ, ਦੀ ਵੀ ਮਦਦ ਲਈ ਜਾ ਸਕਦੀ ਹੈ। ਕਿਸੇ ਵੀ ਹੰਗਾਮੀ ਸਥਿਤੀ ਵਿੱਚ ਪਾਤੜਾਂ ਦੇ ਕੰਟਰੋਲ ਰੂਮ ਨੰਬਰ 01764-243403 ਜਾਂ ਪਟਿਆਲਾ ਜ਼ਿਲ੍ਹਾ ਦੇ ਕੰਟਰੋਲ ਰੂਮ ਨੰਬਰ 0175-2350550 ਤੇ 2358550 'ਤੇ ਸੰਪਰਕ ਕੀਤਾ ਜਾਵੇ।

## ਸੁਨੱਖੀ ਪੰਜਾਬਣ ਮੁਕਾਬਲਾ-7 ਦਾ ਲਵਲੀ 'ਵਰਸਿਟੀ 'ਚ ਹੋਇਆ ਸੈਮੀਫਾਈਨਲ



**ਬੱਧਨੀ ਕਲਾ (ਲਵਲੀ ਮਾਛੀਕੇ)**-ਪੰਜਾਬੀ ਮਾਂ-ਬੋਲੀ, ਸੱਭਿਆਚਾਰ ਤੇ ਵਿਰਸੇ ਨੂੰ ਸੰਭਾਲਣ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਪੰਜਾਬੀ ਮੁਟਿਆਰਾਂ ਵਾਸਤੇ ਕਰਵਾਏ ਗਏ 'ਸੁਨੱਖੀ ਪੰਜਾਬਣ ਮੁਕਾਬਲਾ-7' ਦੇ ਆਡੀਸ਼ਨ ਤੋਂ ਬਾਅਦ ਪੰਜਾਬ ਦੀਆਂ ਭਾਗੀਦਾਰ ਮੁਟਿਆਰਾਂ ਲਈ ਸੁਨੱਖੀ ਪੰਜਾਬਣ-7 ਦਾ ਸੈਮੀਫਾਈਨਲ 2 ਸਤੰਬਰ 2025 ਨੂੰ ਜਲੰਧਰ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਆਡੀਟੋਰੀਅਮ ਵਿੱਚ ਕਰਵਾਇਆ ਗਿਆ। ਪ੍ਰੋਗਰਾਮ ਦਾ ਸੰਚਾਲਨ ਗੁਰਮਾਨਸ ਸਿੰਘ ਵੱਲੋਂ ਕੀਤਾ ਗਿਆ। ਸੁਨੱਖੀ ਪੰਜਾਬਣ ਸੀਜ਼ਨ-7 ਨੂੰ ਰੋਜ਼ਾ ਹਰਬਲ, ਯੰਗ ਪ੍ਰੋਗਰੈਸਿਵ ਸਿੱਖ ਫੋਰਮ ਨੇ ਸਾਥ ਦਿੱਤਾ ਤੇ ਮਰਯਾਦਾ ਫੁਲਕਾਰੀ, ਗੁਰਟੋਇ, ਪਲਸ਼ ਫੁਲਕਾਰੀ, ਨਵੀਂ ਪਹਿਲ; ਮੇਕਅਪ ਪਾਰਟਨਰ, ਆਪਣਾ ਵਿਹੜਾ ਵੀਡੀਓਗ੍ਰਾਫ਼ੀ ਤੇ ਫੋਟੋਗ੍ਰਾਫ਼ੀ ਪਾਰਟਨਰ, ਪੰਕਜ ਵੀਡੀਓਜ਼ ਨੇ ਵੀ ਸਹਿਯੋਗ ਦਿੱਤਾ। ਡਾ. ਅਵਨੀਤ ਕੌਰ ਭਾਟੀਆ ਨੇ ਦੱਸਿਆ ਕਿ ਪੰਜਾਬ ਦੇ ਵੱਖ-ਵੱਖ ਹਿੱਸਿਆਂ ਜਿਵੇਂ ਪਠਾਨਕੋਟ, ਪਟਿਆਲਾ, ਜਲੰਧਰ, ਮੋਗਾ, ਹੁਸ਼ਿਆਰਪੁਰ, ਚੰਡੀਗੜ੍ਹ ਤੋਂ 18 ਪੰਜਾਬਣਾਂ ਨੇ ਹਿੱਸਾ ਲਿਆ ਤੇ ਸਟੇਜ 'ਤੇ ਪੰਜਾਬੀ ਨਾਟਕ, ਭੰਗੜਾ, ਪੰਜਾਬੀ ਲੋਕ-ਗੀਤ ਤੇ ਕਾਮੇਡੀ ਨਾਟਕ ਕਰਕੇ ਆਪਣਾ ਹੁਨਰ ਪ੍ਰਦਰਸ਼ਨ ਕੀਤਾ। ਇਨ੍ਹਾਂ ਪੰਜਾਬਣਾਂ ਵਿੱਚੋਂ 7 ਪੰਜਾਬਣਾਂ ਨੂੰ ਅਗਲੇ ਪੜਾਅ ਲਈ ਚੁਣਿਆ ਗਿਆ ਹੈ। ਪ੍ਰੋਗਰਾਮ 'ਚ ਜੱਜਾਂ ਦੀ ਭੂਮਿਕਾ ਅਰਸ਼ ਮਾਂਗਟ (ਅਦਾਕਾਰਾ), ਨਵਪ੍ਰੀਤ ਗਿੱਲ (ਪੰਜਾਬੀ ਅਦਾਕਾਰਾ), ਹਰਜੀਤ ਸਿੰਘ ਓਬਰਾਏ (ਫਿਲਮ ਨਿਰਮਾਤਾ), ਅਰਸ਼ਦੀਪ (ਡਿਪਟੀ ਡਾਇਰੈਕਟਰ ਦੈਨਿਕ ਸਵੇਰਾ) ਤੇ ਹੋਰ ਸ਼ਖਸੀਅਤਾਂ ਵੱਲੋਂ ਨਿਭਾਈ ਗਈ। 'ਸੁਨੱਖੀ ਪੰਜਾਬਣ ਮੁਕਾਬਲਾ-7' ਦੇ ਆਡੀਸ਼ਨ ਦਿੱਲੀ ਤੇ ਮੁਹਾਲੀ ਵਿੱਚ ਹੋਏ ਸਨ। ਟੈਲੇਂਟ ਰਾਊਂਡ ਤੇ ਸੱਭਿਆਚਾਰਕ ਰਾਊਂਡ ਤੋਂ ਬਾਅਦ ਜੱਜ ਸਾਹਿਬਾਨਾਂ ਨੇ 7 ਮੁਟਿਆਰਾਂ ਨੂੰ ਚੁਣਿਆ, ਜਿਨ੍ਹਾਂ ਵਿੱਚ ਹਰਨੀਤ ਕੌਰ ਅਦਮਪੁਰ (ਜਲੰਧਰ), ਚਨਪ੍ਰੀਤ ਕੌਰ ਤਲਵੰਡੀ ਭਾਈ (ਫਿਰੋਜ਼ਪੁਰ), ਅਮਨਦੀਪ ਕੌਰ (ਜਲੰਧਰ), ਖ਼ੁਸ਼ੀ (ਪਟਿਆਲਾ), ਭਾਰਤੀ ਅੰਜਲਾ (ਜਲੰਧਰ), ਪ੍ਰਭਜੀਤ ਕੌਰ ਧਾਲੀਵਾਲ (ਮੋਗਾ) ਤੇ ਮੁਸਕਾਨ ਭਾਟੀਆ (ਪਠਾਨਕੋਟ) ਸ਼ਾਮਲ ਹਨ।

## ਏ ਡੀ ਸੀ ਵਿਕਾਸ ਵੱਲੋਂ ਘੁਰਕਾ ਤੇ ਢਾਣੀ ਮੋਹਨਾ ਰਾਮ ਦਾ ਦੌਰਾ



**ਜਲਾਲਾਬਾਦ (ਜੀਤ ਕੁਮਾਰ)**-ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਭਾਸ਼ ਚੰਦਰ ਨੇ ਘੁਰਕਾ ਤੇ ਢਾਣੀ ਮੋਹਨਾ ਰਾਮ ਪਿੰਡਾਂ ਦਾ ਦੌਰਾ ਕਰਕੇ ਇੱਥੇ ਹੜ੍ਹ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਹਰ ਪ੍ਰਕਾਰ ਦੀ ਮਦਦ ਪਹੁੰਚਾਈ ਜਾ ਰਹੀ ਹੈ ਤੇ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕੋਈ ਵੀ ਪੀੜਤ ਰਾਹਤ ਸਮੱਗਰੀ ਦੀ ਪਹੁੰਚ ਤੋਂ ਵਾਂਝਾ ਨਾ ਰਹੇ। ਉਨ੍ਹਾਂ ਇੱਥੇ ਲੋਕਾਂ ਨੂੰ ਮੱਛਰਦਾਨੀਆਂ ਵੀ ਵੰਡੀਆਂ। ਉਨ੍ਹਾਂ ਨੇ ਲੋਕਾਂ ਨੂੰ ਪਾਣੀ ਤੋਂ ਦੂਰ ਸੁਰੱਖਿਅਤ ਰਾਹਤ ਕੈਂਪਾਂ ਵਿੱਚ ਰਹਿਣ ਦੀ ਅਪੀਲ ਵੀ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਹੁਣ ਤੱਕ ਫਾਜ਼ਿਲਕਾ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ 7585 ਰਾਸ਼ਨ ਕਿੱਟਾਂ ਦੀ ਵੰਡ ਕਰ ਚੁੱਕਾ ਹੈ ਤੇ ਜਾਨਵਰਾਂ ਲਈ 4298 ਬੈਗ ਕੈਟਲ ਫੀਡ ਵੰਡੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਮਦਦ ਜਾਂ ਜਾਣਕਾਰੀ ਲਈ ਜ਼ਿਲ੍ਹਾ ਪੱਧਰੀ ਹੜ੍ਹ ਕੰਟਰੋਲ ਰੂਮ ਦੇ ਨੰਬਰ 01638-262153 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਰਾਜਪੁਰਾ ਤਹਿਸੀਲ ਦੇ ਪਿੰਡਾਂ ਲਈ ਹਾਈ ਅਲਰਟ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਲਗਾਤਾਰ ਮੀਂਹ ਪੈਣ ਕਾਰਨ ਪਟਿਆਲਾ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਹੜ੍ਹਾਂ ਦਾ ਖਤਰਾ ਬਣਿਆ ਹੋਇਆ ਹੈ। ਜ਼ਿਲ੍ਹਾ ਪਟਿਆਲਾ ਪ੍ਰਸ਼ਾਸਨ ਵੱਲੋਂ 4 ਸਤੰਬਰ ਨੂੰ ਸਵੇਰੇ 8.30 ਵਜੇ ਤਹਿਸੀਲ ਰਾਜਪੁਰਾਂ ਦੇ ਕਈ ਪਿੰਡਾਂ ਨੂੰ ਹਾਈ ਅਲਰਟ ਜਾਰੀ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਹਾ ਗਿਆ ਹੈ, ਪੱਚੀਦਰਾ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਰਾਜਪੁਰਾ ਤਹਿਸੀਲ ਦੇ ਪੱਚੀਦਰਾ ਦੇ ਨਾਲ ਲੱਗਦੇ ਪਿੰਡਾਂ (ਚਿਤਕਾਰਾ ਵਾਲੇ ਪਾਸੇ) ਦੇ ਵਸਨੀਕਾਂ ਨੂੰ ਸੁਰੱਖਿਅਤ ਜਾਂ ਉੱਚੇ ਥਾਂਵਾਂ 'ਤੇ ਜਾਣ ਲਈ ਸਲਾਹ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਵਗਦੇ ਪਾਣੀ ਦੇ ਨੇੜੇ ਨਾ ਜਾਣ ਲਈ ਵੀ ਹਦਾਇਤ ਕੀਤੀ ਜਾਂਦੀ ਹੈ। ਕਿਸੇ ਵੀ ਹੰਗਾਮੀ ਸਥਿਤੀ ਵਿੱਚ ਕੰਟਰੋਲ ਰੂਮ ਨੰਬਰ 'ਤੇ ਤੁਰੰਤ ਸੰਪਰਕ ਕੀਤਾ ਜਾ ਸਕਦਾ ਹੈ। ਰਾਜਪੁਰਾ ਦੇ ਫਲੱਡ ਕੰਟਰੋਲ ਰੂਮ ਦੇ ਨੰਬਰ 01762-224132 ਤੇ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਕੰਟਰੋਲ ਰੂਮ ਨੰਬਰ 0175-2350550 ਤੇ 2358550 ਉੱਪਰ ਸੂਚਿਤ ਕੀਤਾ ਜਾਵੇ।

# ਡਿਪਟੀ ਕਮਿਸ਼ਨਰ ਵੱਲੋਂ ਬਾਰਸ਼ ਪ੍ਰਭਾਵਤ ਪਿੰਡਾਂ ਦਾ ਦੌਰਾ

**ਜ਼ਿਲ੍ਹਾ ਪ੍ਰਸ਼ਾਸਨ ਅਵਾਮ ਦੀ ਹਰ ਸੰਭਵ ਮਦਦ ਲਈ ਹਮੇਸ਼ਾ ਤਿਆਰ : ਤਿੜਕੇ ■ ਹਥਣ ਦੇ ਸਰਪੰਚ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਰਾਹਤ ਕਾਰਜਾਂ ਦੀ ਸ਼ਲਾਘਾ**



**ਮਾਲੇਰਕੋਟਲਾ (ਅਸਗਰ ਪਰਿਹਾਰ)**

ਭਾਰੀ ਬਰਸਾਤ ਕਾਰਨ ਜ਼ਿਲ੍ਹੇ ਦੇ ਕਈ ਪਿੰਡਾਂ ਤੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਦੀ ਸਥਿਤੀ ਦਾ ਜਾਇਜ਼ਾ ਲੈਂਦੇ ਹੋਏ ਡਿਪਟੀ ਕਮਿਸ਼ਨਰ ਵਿਰਾਜ ਐੱਸ. ਤਿੜਕੇ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸੁਰੱਖਿਆ ਤੇ ਸਹੂਲਤ ਨੂੰ ਪਹਿਲ ਦੇਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਅਪਾਤ ਸਥਿਤੀ ਨੂੰ ਸੰਭਾਲਣ ਲਈ ਅਧਿਕਾਰੀ, ਕਰਮਚਾਰੀ ਤੇ ਰਾਹਤ ਟੀਮਾਂ ਮੁਸਤੈਦ ਹਨ। ਡਿਪਟੀ ਕਮਿਸ਼ਨਰ ਨੇ ਪਿੰਡ ਫਰੀਦਪੁਰ ਕਲ੍ਹਾਂ, ਫਰੀਦਪੁਰ ਖੁਰਦ, ਹਥਣ, ਬੁਰਜ, ਨੌਧਰਾਣੀ ਆਦਿ ਵਿੱਚ ਖੁਦ ਪਾਣੀ ਦੇ ਪੱਧਰ ਦਾ ਨਿਰੀਖਣ ਕੀਤਾ। ਇਸ ਮੌਕੇ ਐਸ.ਡੀ.ਐਮ. ਗੁਰਮੀਤ ਕੁਮਾਰ ਬਾਂਸਲ ਸਮੇਤ ਕਈ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਣੀ ਨਿਕਾਸੀ ਦੀ ਪ੍ਰਕਿਰਿਆ ਤੇਜ਼ ਕੀਤੀ ਜਾਵੇ ਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

ਡਿਪਟੀ ਕਮਿਸ਼ਨਰ ਵਿਰਾਜ ਐੱਸ. ਤਿੜਕੇ ਨੇ ਅਵਾਮ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਜਾਣਕਾਰੀ ਲਈ ਸਿਰਫ਼ ਅਧਿਕਾਰਤ ਸਰੋਤਾਂ 'ਤੇ ਹੀ ਨਿਰਭਰ ਕਰਨ ਤੇ ਅਫਵਾਹਾਂ ਤੋਂ ਦੂਰ ਰਹਿਣ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਗਲਤ ਜਾਣਕਾਰੀ ਫੈਲਾਉਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਿੰਡ ਪੱਧਰ 'ਤੇ ਰਾਹਤ ਤੇ ਰੈਸਕਿਊ ਟੀਮਾਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ, ਜੋ ਜ਼ਰੂਰਤ ਪੈਣ 'ਤੇ ਲੋਕਾਂ ਦੀ ਤੁਰੰਤ ਸਹਾਇਤਾ ਕਰਨਗੀਆਂ। ਸਿਹਤ ਵਿਭਾਗ ਨੂੰ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਬਰਸਾਤੀ ਮੌਸਮ ਵਿੱਚ ਪਾਣੀ ਨਾਲ ਜੁੜੀਆਂ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਵੇ।

ਡਿਪਟੀ ਕਮਿਸ਼ਨਰ ਵਿਰਾਜ ਐੱਸ. ਤਿੜਕੇ ਨੇ ਕਿਹਾ ਕਿ ਇਹ ਸਮਾਂ ਇੱਕ ਦੂਜੇ ਦਾ ਹੱਥ ਫੜ ਕੇ ਹਿੰਮਤ ਨਾਲ ਅੱਗੇ ਵਧਣ ਦਾ ਹੈ। ਪ੍ਰਸ਼ਾਸਨ ਤੁਹਾਡੇ ਨਾਲ ਹਰ ਪਲ ਖੜ੍ਹਾ ਹੈ। ਲੋਕਾਂ ਨੂੰ ਘਬਰਾਉਣ ਦੀ ਬਿਲਕੁਲ ਲੋੜ ਨਹੀਂ, ਸਿਰਫ਼ ਸਾਵਧਾਨੀ ਤੇ ਜ਼ਿੰਮੇਵਾਰੀ ਨਾਲ ਕਦਮ ਚੁੱਕਣ ਦੀ ਜ਼ਰੂਰਤ ਹੈ। ਮਿਲ ਕੇ ਅਸੀਂ ਇਸ ਚੁਣੌਤੀ 'ਤੇ ਕਾਬੂ ਪਾ ਸਕਦੇ ਹਾਂ। ਇਸ ਮੌਕੇ ਪਿੰਡ ਹਥਣ ਦੇ ਸਰਪੰਚ ਕਮਲਜੀਤ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਫੌਰੀ ਰਾਹਤ ਕਾਰਜਾਂ ਦੀ ਖਾਸ ਤੌਰ 'ਤੇ ਸਰਹਣਾ ਕੀਤੀ।

# ਕੇਂਦਰੀ ਮੰਤਰੀ ਚੌਹਾਨ ਤੇ ਬਿੱਟੂ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਖੇਤੀਬਾੜੀ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰਾਲੇ ਦੇ ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਚੌਹਾਨ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰ ਡੇਰਾ ਬਾਬਾ ਨਾਨਕ ਅਤੇ ਬਹਿਰਾਮਪੁਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਕੇਂਦਰੀ ਰਾਜ ਮੰਤਰੀ ਸ੍ਰੀ ਰਵਨੀਤ ਸਿੰਘ ਬਿੱਟੂ ਅਤੇ ਸੂਬੇ ਦੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਵੀ ਮੌਜੂਦ ਸਨ। ਡੇਰਾ ਬਾਬਾ ਨਾਨਕ ਨੇੜਲੇ ਪਿੰਡ ਧਰਮਕੋਟ ਰੰਧਾਵਾ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲ ਕਰਦਿਆਂ ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਚੌਹਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਪੰਜਾਬ ਦੇ ਸਰਹੱਦੀ ਖੇਤਰ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ ਫ਼ਸਲਾਂ ਤੇ ਪਸ਼ੂ ਧੰਨ ਦਾ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹੜ੍ਹ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਸਮੇਤ ਹਰ ਹੜ੍ਹ ਪ੍ਰਭਾਵਿਤ ਵਿਅਕਤੀ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਤੋਂ ਬਾਅਦ ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਚੌਹਾਨ ਵੱਲੋਂ ਟਰੈਕਟਰ 'ਤੇ ਸਵਾਰ ਹੋ ਕੇ ਪਿੰਡ ਧਰਮਕੋਟ ਪੱਤਣ ਦਾ ਦੌਰਾ ਕੀਤਾ ਗਿਆ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲ ਕੀਤੀ। ਇਸ ਉਪਰੰਤ ਉਨ੍ਹਾਂ ਵੱਲੋਂ ਬਹਿਰਾਮਪੁਰ ਦਾ ਦੌਰਾ ਵੀ ਕੀਤਾ ਗਿਆ। ਇਸ ਮੌਕੇ ਸੂਬੇ ਦੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਚੌਹਾਨ ਨਾਲ ਗੱਲ ਕਰਦਿਆਂ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਹੈ ਅਤੇ ਕਿਸਾਨਾਂ ਦੀ ਝੋਨੇ ਦੀ ਫਸਲ ਸਮੇਤ ਹੋਰ ਫਸਲਾਂ ਖਰਾਬ ਹੋ ਗਈਆਂ ਹਨ। ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਇਸ ਸਥਿਤੀ ਨਾਲ ਨਜਿੱਠਣ ਲਈ ਤੁਰੰਤ ਉਪਾਅ ਵਜੋਂ ਕੁੱਲ 71 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿੱਚ ਸਾਰੇ ਜ਼ਿਲ੍ਹਿਆਂ ਨੂੰ 35.50 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਸ. ਖੁੱਡੀਆਂ ਨੇ ਕੇਂਦਰੀ ਮੰਤਰੀ ਕੋਲੋਂ ਮੰਗ ਕੀਤੀ ਕਿ ਕੇਂਦਰ ਸਰਕਾਰ ਹੜ੍ਹ ਪ੍ਰਭਾਵਿਤ ਕਿਸਾਨਾਂ ਅਤੇ ਲੋਕਾਂ ਦੀ ਸਾਰ ਲਈ ਅੱਗੇ ਆਵੇ ਅਤੇ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕੇਜ ਦਿੱਤਾ ਜਾਵੇ। ਇਸ ਮੌਕੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵੱਲੋਂ ਵੀ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਨੂੰ ਮੰਗ ਪੱਤਰ ਦੇ ਕੇ ਹੜ੍ਹ ਪ੍ਰਭਾਵਿਤ ਵਿਅਕਤੀਆਂ ਦੀ ਕੇਂਦਰ ਸਰਕਾਰ ਵੱਲੋਂ ਵੱਧ ਤੋਂ ਵੱਧ ਮਦਦ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ, ਸਾਬਕਾ ਲੋਕ ਸਭਾ ਮੈਂਬਰ ਸ੍ਰੀ ਸੁਨੀਲ ਜਾਖੜ, ਸਾਬਕਾ ਡਿਪਟੀ ਸਪੀਕਰ ਸ੍ਰੀ ਦਿਨੇਸ਼ ਬੱਬੂ, ਤਰੁਨ ਚੁੱਗ, ਰਵੀਕਰਨ ਸਿੰਘ ਕਾਹਲੋਂ, ਸਾਬਕਾ ਵਿਧਾਇਕ ਫ਼ਤਹਿਜੰਗ ਸਿੰਘ ਬਾਜਵਾ, ਸਾਬਕਾ ਵਿਧਾਇਕ ਬਲਵਿੰਦਰ ਸਿੰਘ ਲਾਡੀ, ਚੇਅਰਮੈਨ ਰਜੀਵ ਸ਼ਰਮਾ, ਬਘੇਲ ਸਿੰਘ, ਹੀਰਾ ਵਾਲੀਆ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ, ਡੀ.ਆਈ.ਜੀ. ਸ. ਨਾਨਕ ਸਿੰਘ, ਐੱਸ.ਐੱਸ.ਪੀ. ਬਟਾਲਾ ਜਨਾਬ ਸੋਹੇਲ ਕਾਸਮ ਮੀਰ, ਐੱਸ.ਡੀ.ਐੱਮ. ਡਾ. ਅਦਿੱਤਯ ਸ਼ਰਮਾ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



## ਹੜ੍ਹਾਂ ਦੌਰਾਨ ਮਾਰੇ ਗਏ ਵਿਅਕਤੀਆਂ ਨੂੰ ਦਿੱਤੀ ਆਰਥਿਕ ਸਹਾਇਤਾ

**ਪਠਾਨਕੋਟ (ਦਵਿੰਦਰ ਸਿੰਘ)** -ਪਿਛਲੇ ਦਿਨ੍ਹਾਂ ਦੌਰਾਨ ਆਏ ਹੜ੍ਹਾਂ ਦੀ ਕੁਦਰਤੀ ਮਾਰ ਹੇਠ ਜਿੱਥੇ ਪੰਜਾਬ ਦੀਆਂ ਫਸਲਾਂ ਪ੍ਰਭਾਵਿੱਤ ਹੋਈਆਂ ਹਨ, ਪਸ਼ੂ ਧੰਨ ਦਾ ਨੁਕਸਾਨ ਹੋਇਆ, ਲੋਕਾਂ ਦੇ ਘਰ ਵੀ ਪ੍ਰਭਾਵਿਤ ਹੋਏ ਹਨ ਉੱਥੇ ਹੀ ਨਾਲ ਸਭ ਤੋਂ ਦੁੱਖਦਾਈ ਘਟਨਾਵਾਂ ਸਾਡੀਆਂ ਬਹੁਤ ਹੀ ਕੀਮਤੀ ਜਾਨਾਂ ਚਲੀਆਂ ਗਈਆਂ, ਸਰਕਾਰ ਹਰ ਦੁੱਖ ਦੀ ਘੜ੍ਹੀ ਵਿੱਚ ਇਨ੍ਹਾ ਪਰਿਵਾਰਾਂ ਦੇ ਨਾਲ ਖੜੀ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਆਯੋਜਿਤ ਇੱਕ ਵਿਸੇਸ ਪ੍ਰੋਗਰਾਮ ਦੌਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਅੰਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ, ਰਾਕੇਸ ਮੀਨਾ ਐਸ.ਡੀ.ਐਮ. ਪਠਾਨਕੋਟ, ਪਵਨ ਕੁਮਾਰ ਜਿਲ੍ਹਾ ਮਾਲ ਅਫਸਰ, ਵਿਕਰਮ ਏ.ਸੀ.ਜੀ. ਪਠਾਨਕੋਟ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜਰ ਸਨ।

ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਹੜ੍ਹਾਂ ਦੌਰਾਨ ਅਸੀਂ ਬਹੁਤ ਮਾਰ ਝੱਲੀ ਹੈ ਪਰ ਦੁੱਖ ਦੀ ਗੱਲ ਹੈ ਕਿ ਸਾਡੇ ਜਿਲ੍ਹੇ ਦੇ ਕੁਝ ਪਰਿਵਾਰ ਅਜਿਹੇ ਹਨ, ਜਿਨ੍ਹਾਂ ਨੂੰ ਅਪਣੇ ਪਰਿਵਾਰਕ ਮੈਂਬਰਾਂ ਨੂੰ ਗਵਾਉਂਣਾ ਪਿਆ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਪੰਜਾਬ ਸਰਕਾਰ ਇਨ੍ਹਾਂ ਪਰਿਵਾਰਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਬਹੁਤ ਜਲਦੀ ਪਹਿਲਕਦਮੀ ਕਰਦਿਆਂ ਉਨ੍ਹਾਂ ਪਰਿਵਾਰਾਂ ਦੇ ਲਈ ਆਰਥਿਕ ਸਹਾਇਤਾਂ ਦੀ ਸੁਰੂਆਤ ਕੀਤੀ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਦੇ 8 ਪਰਿਵਾਰ ਹਨ, ਜਿਨ੍ਹਾਂ ਦੇ ਪਰਿਵਾਰਿਕ ਮੈਂਬਰ ਹੜ੍ਹਾਂ ਦੇ ਅੰਦਰ ਰੁੜ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ 4 ਪਰਿਵਾਰਾਂ ਦੇ ਲਈ ਜਿਸ ਵਿੱਚ ਪਿੰਡ ਅੱਤੇਪੁਰ ਤੋਂ ਨੌਜਵਾਨ ਜਗਤਾਰ, ਢਾਂਗੂ ਸਰਾਂ ਤੋਂ ਸਾਹਿਲ, ਰਾਜਪੁਰਾ ਤੋਂ ਕੇਸਵ ਕੁਮਾਰ ਅਤੇ ਰੇਸਮਾਂ ਇਨ੍ਹਾਂ ਚਾਰ ਪਰਿਵਾਰਾਂ ਦੇ ਵਾਰਿਸਾਂ ਨੂੰ ਚਾਰ-ਚਾਰ ਲੱਖ ਰੁਪਏ ਦੇ ਚੈਕ ਪੰਜਾਬ ਸਰਕਾਰ ਵੱਲੋਂ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਠਾਨਕੋਟ ਪਹਿਲਾ ਜਿਲ੍ਹਾ ਹੈ ਜਿਸ ਵਿੱਚ ਇਹ ਸੁਰੂਆਤ ਹੋਈ ਹੈ। ਉਨ੍ਹਾਂ ਕਿਹਾ ਕਿ ਰਹਿੰਦੇ ਚਾਰ ਪਰਿਵਾਰਾਂ ਦੇ ਕਾਗਜ਼ਾਤ ਜੋ ਪੂਰਨ ਨਹੀਂ ਹਨ, ਉਨ੍ਹਾ ਚਾਰ ਪਰਿਵਾਰਾਂ ਨੂੰ ਵੀ ਜਲਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ।

## ਕਟਾਰੂਚੱਕ ਦੀ ਦੇਖ-ਰੇਖ ਹਿੱਤ ਅਸਥਾਈ ਬੰਨ੍ਹ ਬਣਾਏ ਜਾਣ ਦਾ ਕਾਰਜ ਜ਼ੋਰਾਂ 'ਤੇ

ਪਠਾਨਕੋਟ, (ਦਵਿੰਦਰ ਸਿੰਘ)-ਪਿਛਲੇ ਦਿਨੀਂ ਹੜ੍ਹਾਂ ਦੀ ਮਾਰ ਹੇਠ ਆਏ ਬਮਿਆਲ ਅਤੇ ਨਰੋਟ ਜੈਮਲ ਸਿੰਘ ਦੇ ਖੇਤਰਾਂ ਨੂੰ ਲੈ ਕੇ ਲੋਕਾਂ ਵਿੱਚ ਕਾਫੀ ਚਿੰਤਾ ਪਾਈ ਜਾ ਰਹੀ ਸੀ। ਜਿਲ੍ਹਾ ਪ੍ਰਸ਼ਾਸਨ ਅਤੇ ਲੋਕਾਂ ਦੇ ਸਹਿਯੋਗ ਨਾਲ ਰਾਵੀ ਦੇ ਕਿਨਾਰੇ ਕੋਹਲੀਆ ਮੋੜ ਅਤੇ ਪਿੰਡ ਪੰਮਾਂ ਦੇ ਨਾਲ ਲਗਦੇ ਰਾਵੀ ਦੇ ਪਾਣੀ ਦੇ ਕਟਾਓ ਨੂੰ ਰੋਕਣ ਦੇ ਲਈ ਅਸਥਾਈ ਬੰਨ ਬਣਾਇਆ ਜਾ ਰਿਹਾ ਹੈ। ਪਿਛਲੇ ਬੀਤੇ ਦਿਨ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਆਮ ਆਦਮੀ ਪਾਰਟੀ ਦੇ ਆਹੁਦੇਦਾਰਾਂ ਤੇ ਵਰਕਰਾਂ ਵੱਲੋਂ ਤੇਜ ਬਾਰਿਸ ਦੌਰਾਨ ਬੰਨ ਦੇ ਨਿਰਮਾਣ ਕਾਰਜ ਚਲਾਏ ਜਾ ਰਹੇ ਹਨ।ਅੱਜ ਵੀ ਕੈਬਨਿਟ ਮੰਤਰੀ ਪੰਜਾਬ ਅਤੇ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਭਾਰੀ ਸੰਖਿਆ ਵਿੱਚ ਅਸਥਾਈ ਬੰਨ ਦੇ ਨਿਰਮਾਣ ਕਾਰਜ ਵਿੱਚ ਲੱਗਾ ਹੋਇਆ ਹੈ।

ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਬੀਤੇ ਕੱਲ ਦੋਰਾਨ ਅਤੇ ਅੱਜ ਆਮ ਆਦਮੀ ਪਾਰਟੀ ਦੇ ਕਾਰਜਕਰਤਾਵਾਂ ਵੱਲੋਂ ਬਹੁਤ ਹਿੰਮਤ ਦਾ ਕੰਮ ਕਰਦੇ ਹੋਏ ਜੋ ਅਸਥਾਈ ਬੰਨ ਬਣਾਇਆ ਜਾ ਰਿਹਾ ਹੈ ਉੱਥੇ ਯੋਗਦਾਨ ਦਿੱਤਾ। ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਇਸ ਕਾਰਜ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾ ਕਿਹਾ ਕਿ ਅੱਜ ਸਾਡਾ ਟੀਚਾ ਹੈ ਕਿ ਰਾਵੀ ਦੇ ਕਿਨਾਰੇ ਜੋ ਚਾਰ ਸਥਾਨਾਂ ਤੇ ਬੰਨ ਬਣਾਉਂਣ ਦਾ ਕਾਰਜ ਸੁਰੂ ਕੀਤਾ ਸੀ ਉਹ ਅੱਜ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਜਲਦੀ ਸਹਾਇਤਾ ਕਰਨੀ ਚਾਹੀਦੀ ਹੈ। ਇਸ ਮੌਕੇ ਨਰੇਸ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਲਵਲੀ ਮੰਜੀਰੀ, ਸੂਬੇਦਾਰ ਕੁਲਵੰਤ ਸਿੰਘ ਅਤੇ ਹੋਰ ਪਾਰਟੀ ਦੇ ਕਾਰਜ ਕਰਤਾ ਹਾਜਰ ਸਨ।



# ਜਦੋਂ ਐੱਸ ਡੀ ਐੱਮ ਦੇ ਯਤਨਾਂ ਸਦਕਾ ਹੜ੍ਹ 'ਚ ਫਸੀ ਲੜਕੀ ਦਾ ਵਿਆਹ ਹੋ ਸਕਿਆ

ਗੁਰਦਾਸਪੁਰ (ਜਨਕ ਮਹਾਜਨ)- ਰਾਵੀ ਦਰਿਆ ਦੇ ਹੜ੍ਹਾਂ ਦੌਰਾਨ ਲੋਕਾਂ ਨੂੰ ਬਚਾਉਣ ਤੇ ਰਾਹਤ ਪਹੁੰਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵਲੋਂ ਮਿਸਾਲੀ ਕੰਮ ਕੀਤਾ ਜਾ ਰਿਹਾ ਹੈ। ਬੀਤੇ ਦਿਨੀਂ ਹੜ੍ਹਾਂ ਦੌਰਾਨ ਐੱਸ.ਡੀ.ਐੱਮ. ਕਲਾਨੌਰ ਜਯੋਤਸਨਾ ਸਿੰਘ ਦੇ ਦਲੇਰੀ ਭਰੇ ਉਪਰਾਲੇ ਕਾਰਨ ਇੱਕ ਲੜਕੀ ਦੀ ਡੋਲੀ ਤੁਰ ਸਕੀ ਹੈ। ਕਲਾਨੌਰ ਦੇ ਨਜ਼ਦੀਕ ਪਿੰਡ ਸ਼ਾਲੇ ਚੱਕ ਦੀ ਵਸਨੀਕ ਮੁਟਿਆਰ ਕਰਮੀ ਪੁੱਤਰੀ ਬੂਆ ਮਸੀਹ ਦਾ ਵਿਆਹ 28 ਅਗਸਤ ਨੂੰ ਬਟਾਲਾ ਦੇ ਇੱਕ ਨੌਜਵਾਨ ਨਾਲ ਹੋਣਾ ਨਿਯਤ ਹੋਇਆ ਸੀ। ਅਚਾਨਕ 27 ਅਗਸਤ ਦੀ ਰਾਤ ਨੂੰ ਆਏ ਹੜ੍ਹ ਕਾਰਨ ਪਿੰਡ ਸ਼ਾਲੇ ਚੱਕ ਪਾਣੀ ਵਿੱਚ ਘਿਰ ਗਿਆ। ਅਗਲੀ ਸਵੇਰ ਬੂਆ ਮਸੀਹ ਦੀ ਲੜਕੀ ਦਾ ਵਿਆਹ ਸੀ ਪਰ ਹੜ੍ਹ ਅੱਗੇ ਪਰਵਾਰ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਲੜਕੀ ਦਾ ਵਿਆਹ ਕਲਾਨੌਰ ਵਿਖੇ ਹੋਣਾ ਸੀ। ਲਾੜੇ ਸਮੇਤ ਬਰਾਤ ਕਲਾਨੌਰ ਲਈ ਬਟਾਲਾ ਤੋਂ ਰਵਾਨਾ ਹੋ ਗਈ। ਉਧਰ ਅਖੀਰ ਕੋਈ ਵਾਹ ਨਾ ਚੱਲਦੀ ਦੇਖ ਕੇ ਲੜਕੀ ਦੇ ਪਿਤਾ ਬੂਆ ਮਸੀਹ ਨੇ ਆਪਣੇ ਪਿੰਡ ਦੇ ਸਰਪੰਚ ਕੋਲ ਆਪਣੀ ਮੁਸ਼ਕਲ ਦੱਸੀ। ਸਰਪੰਚ ਨੇ ਉਸੇ ਵੇਲੇ ਐੱਸ.ਡੀ.ਐੱਮ. ਕਲਾਨੌਰ ਨੂੰ ਫ਼ੋਨ ਕਰਕੇ ਸਹਾਇਤਾ ਮੰਗੀ। ਐੱਸ.ਡੀ.ਐੱਮ. ਜਯੋਤਸਨਾ ਸਿੰਘ ਨੂੰ ਜਦੋਂ ਇਹ ਪਤਾ ਲੱਗਾ ਕਿ ਇੱਕ ਲੜਕੀ ਹੱਥੀਂ ਚੂੜਾ ਪਾ ਕੇ ਸਾਰੇ ਸ਼ਗਨ ਵਿਹਾਰ ਕਰਕੇ ਆਪਣੇ ਵਿਆਹ ਲਈ ਤਿਆਰ ਹੈ ਪਰ ਹੜ੍ਹ ਦਾ ਪਾਣੀ ਰਾਹ ਰੋਕੀ ਖੜ੍ਹਾ ਹੈ ਤਾਂ ਮੈਡਮ ਐੱਸ.ਡੀ.ਐੱਮ. ਤੁਰੰਤ ਐੱਨ.ਡੀ.ਆਰ.ਐੱਫ. ਦੀ ਟੀਮ ਰਾਹੀਂ ਕਿਸ਼ਤੀ ਵਿੱਚ ਸਵਾਰ ਹੋ ਕੇ ਪਿੰਡ ਸ਼ਾਲੇ ਚੱਕ ਜਾ ਪਹੁੰਚੇ। ਮੈਡਮ ਐੱਸ.ਡੀ.ਐੱਮ. ਨੇ ਪਿੰਡ ਪਹੁੰਚ ਕੇ ਵਿਆਹ ਵਾਲੀ ਕੁੜੀ ਨੂੰ ਵਧਾਈ ਦਿੱਤੀ ਅਤੇ ਪਰਵਾਰਕ ਮੈਂਬਰਾਂ ਨਾਲ ਕਿਸ਼ਤੀ ਵਿੱਚ ਸਵਾਰ ਕਰਕੇ ਕਲਾਨੌਰ ਲਿਆਂਦਾ ਜਿੱਥੇ ਪੂਰੀ ਧੂਮ-ਧਾਮ ਨਾਲ ਉਸ ਦਾ ਵਿਆਹ ਹੋ ਸਕਿਆ। ਕੁੜੀ ਦੇ ਪਰਵਾਰ ਨੇ ਇਸ ਔਖੇ ਵੇਲੇ ਮਦਦ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਐੱਸ.ਡੀ.ਐੱਮ. ਕਲਾਨੌਰ ਜਯੋਤਸਨਾ ਸਿੰਘ ਦਾ ਧੰਨਵਾਦ ਕੀਤਾ ਹੈ।



# ਖੱਬੀਆਂ ਪਾਰਟੀਆਂ ਦੀ ਹੜ੍ਹਾਂ ਸੰਬੰਧੀ ਵਿਸ਼ੇਸ਼ ਮੀਟਿੰਗ

ਬਟਾਲਾ (ਤਰਲੋਕ ਬੱਗਾ) - ਫੈਜਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ ਸੀ ਪੀ ਆਈ, ਸੀ ਪੀ ਐੱਮ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਅਤੇ ਆਰ ਐੱਮ ਪੀ ਆਈ ਦੇ ਜ਼ਿਲ੍ਹਾ ਪੱਧਰੀ ਖੱਬੇ ਪੱਖੀ ਆਗੂਆਂ ਨੇ ਆਪਣੀ ਮੀਟਿੰਗ ਕਰਕੇ ਇਕ ਟੀਮ ਅਧਾਰਤ 6 ਅਤੇ 7 ਸਤੰਬਰ ਨੂੰ ਹੜ੍ਹਾਂ ਤੋਂ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਪੀੜਤ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਿਆ ਜਾ ਸਕੇ।ਮੀਟਿੰਗ ਵਿੱਚ ਸ਼ਾਮਲ ਜਰਨੈਲ ਸਿੰਘ, ਰਣਬੀਰ ਸਿੰਘ ਵਿਰਕ,ਗੁਰਮੀਤ ਸਿੰਘ ਬਖਤਪੁਰਾ ਅਤੇ ਮਾਸਟਰ ਰਘਬੀਰ ਸਿੰਘ ਪਕੀਵਾ ਨੇ ਦੱਸਿਆ ਕਿ ਹੜ੍ਹਾਂ ਦਾ ਘਟਨਾਕਰਮ ਸ਼ੁਰੂ ਹੋਇਆ 10 ਦਿਨ ਬੀਤ ਚੁੱਕੇ ਹਨ, ਪਰ ਹੜ੍ਹ ਪੀੜਤਾਂ ਲਈ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਨਿਭਾਇਆ ਜਾ ਰਿਹਾ ਰੋਲ ਅਤਿ ਨਿੰਦਣਯੋਗ ਹੈ, ਜ਼ਰੂਰਤ ਇਹ ਬਣਦੀ ਸੀ ਕਿ ਸਰਕਾਰ ਦੇ ਮੰਤਰੀ ਅਤੇ ਐਮਐਲਏ ਹੜ੍ਹ ਮਾਰੇ ਇਲਾਕਿਆਂ ਵਿੱਚ ਜਾ ਕੇ ਵੀਡੀਓ ਤੇ ਫੋਟੋਆਂ ਲਵਾਉਣ ਦੀ ਰਾਜਨੀਤੀ ਕਰਨ ਦੀ ਬਜਾਏ ਪ੍ਰਸ਼ਾਸਨ ਨੂੰ ਚੁਸਤ-ਦਰੁਸਤ ਕਰਦੇ, ਸਮੇਂ ਸਿਰ ਸਮੁੱਚੇ ਪ੍ਰਬੰਧਾਂ ਸਮੇਤ ਕਿਸ਼ਤੀਆਂ ਦਾ ਅਗਾਊਂ ਪ੍ਰਬੰਧ ਹੁੰਦਾ, ਪਰ ਦੇਖਣ ਵਿਚ ਆਇਆ ਕਿ ਭਾਂਵੇ ਮੌਨਸੂਨ ਆਇਆ ਨੂੰ ਕਰੀਬ ਦੋ ਮਹੀਨੇ ਬੀਤ ਚੁੱਕੇ ਹਨ, ਪਰ ਹੜ੍ਹਾਂ ਵਿੱਚ ਘਿਰੇ ਹੋਏ ਲੋਕਾਂ ਅਤੇ ਪਸ਼ੂਆ ਨੂੰ ਬਾਹਰ ਕੱਢਣ ਲਈ ਸਰਕਾਰ ਪਾਸ ਕਿਸ਼ਤੀਆ ਵੀ ਨਹੀ ਸਨ, ਮਰੇ ਪਸ਼ੂਆਂ, ਪੋਟਰੀ ਅਤੇ ਮੱਛੀ ਫਾਰਮਾਂ ਦੇ ਨੁਕਸਾਨ ਦੇ ਸਹੀ ਸਹੀ ਅੰਕੜੇ ਹੁਣ ਤਕ ਸਰਕਾਰ ਵਲੋ ਇਕੱਠੇ ਕੀਤੇ ਜਾਣੇ ਚਾਹੀਦੇ ਸਨ, ਪਰ ਅਜੇ ਤੱਕ ਵੀ ਸਰਕਾਰ ਅਤੇ ਪ੍ਰਸ਼ਾਸਨ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਪ੍ਰਸ਼ਾਸਨ ਨੂੰ ਕੰਮ 'ਤੇ ਲਗਾਉਣ ਅਤੇ ਪ੍ਰਸ਼ਾਸਨ ਕੰਮ ਕਰੇ, ਦੀ ਗਰੰਟੀ ਕਰਨ ਦੀ ਬਜਾਏ ਸਰਕਾਰ ਦੇ ਮੰਤਰੀ ਅਤੇ ਐੱਮ ਐੱਲ ਏ ਕੇਵਲ ਤੇ ਕੇਵਲ ਪਾਣੀ ਵਿੱਚ ਖੜ ਕੇ ਵੀਡੀਓ ਬਣਾਉਣ ਦੀ ਹੀ ਰਾਜਨੀਤੀ ਕਰ ਰਹੇ ਹਨ ਅਤੇ ਪ੍ਰਸ਼ਾਸਨ ਦੇ ਕੰਮ ਕਾਜ ਵਿੱਚ ਵਿਘਨ ਪਾ ਰਹੇ ਹਨ, ਭਾਵੇਂ ਪੰਜਾਬ ਦੇ ਮਜ਼ਦੂਰਾਂ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ ਪਰ ਸਰਕਾਰ ਨੇ ਕੇਵਲ ਹੁਣ ਤਕ 71 ਕਰੋੜ ਰੁਪਏ ਦੀ ਹੀ ਰਾਸ਼ੀ ਹੜ੍ਹ ਪੀੜਤਾਂ ਲਈ ਜਾਰੀ ਕੀਤੀ ਹੈ ਅਤੇ ਕੇਂਦਰ ਸਰਕਾਰ ਨੇ ਹੜ੍ਹਾਂ ਬਾਬਤ 10 ਦਿਨ ਬਾਅਦ ਮੂੰਹ ਖੋਲਿਆ ਹੈ। ਆਗੂਆਂ ਕਿਹਾ ਕਿ ਕੀ ਹੜ੍ਹਾਂ ਦੀ ਨੌਬਤ ਜਾਂ ਹੜ੍ਹਾਂ ਵਿੱਚ ਹੋਏ ਜਿਆਦਾ ਨੁਕਸਾਨ ਹੋਣ ਤੋਂ ਬਚਿਆ ਜਾ ਸਕਦਾ ਸੀ? ਜਾਣਨ ਲਈ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਸੂ ਮੋਟੋ ਲੈ ਕੇ ਹਾਈ ਕੋਰਟ ਦੀ ਅਗਵਾਈ ਵਿੱਚ ਕਮਿਸ਼ਨ ਕਾਇਮ ਕਰਨਾ ਚਾਹੀਦਾ ਹੈ, ਤਾਂ ਜੋ ਪੰਜਾਬ ਅਤੇ ਕੇਂਦਰ ਸਰਕਾਰ ਦਾ ਰੋਲ ਸਾਹਮਣੇ ਲਿਆਂਦਾ ਜਾ ਸਕੇ। ਮੀਟਿੰਗ ਵਿੱਚ ਜਨਕ ਰਾਜ ,ਗੁਲਜ਼ਾਰ ਸਿੰਘ ਭੁੰਬਲੀ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਦਲਬੀਰ ਭੋਲਾ ਅਤੇ ਹੰਸਾ ਸਿੰਘ ਆਗੂ ਸ਼ਾਮਲ ਸਨ।



## ਆਲ ਕੇਡਰਜ਼ ਪੈਨਸ਼ਨਰ ਐਸੋ. ਇੱਕ ਦਿਨ ਦੀ ਤਨਖਾਹ ਤੇ ਪੈਨਸ਼ਨ ਦੇਣਗੇ: ਹਰਭਜਨ ਸਿੰਘ

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)- ਪੰਜਾਬ ਰਾਜ ਬਿਜਲੀ ਬੋਰਡ ਆਲ ਕੈਡਰਜ਼ ਪੈਨਸ਼ਨਰਜ਼ ਐਸੋਸੀਏਸ਼ਨ ਸੂਬਾ ਕਮੇਟੀਆਂ ਦੇ ਆਗੂਆਂ ਦੀ ਹਗਾਮੀ ਮੀਟਿੰਗ ਆਨਲਾਈਨ ਜੇ ਪੀ ਸਿੰਘ ਔਲਖ ਸਰਪਰਸਤ ਪ੍ਰਧਾਨ, ਅਜੀਤ ਸਿੰਘ ਅੱਜਲਾ ਪੰਜਾਬ ਕਮੇਟੀ ਪ੍ਰਧਾਨ, ਜੈਦੇਵ ਰਿਸ਼ੀ ਸਕੱਤਰ ਪੰਜਾਬ ਕਮੇਟੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਰਕੇ ਬਹੁਤ ਹੀ ਨਾਜ਼ੁਕ ਤੇ ਗੰਭੀਰ ਸਥਿਤੀ ਦੇ ਚਲਦਿਆਂ ਲੋਕਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ।ਆਗੂਆਂ ਨੇ ਦੱਸਿਆ ਮੀਟਿੰਗ ਵਿੱਚ ਪੰਜਾਬ ਅੰਦਰ ਕੁਦਰਤੀ ਕਰੂਪੀ ਕਾਰਨ ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਪਾਣੀ ਦੀ ਮਾਰ ਚੱਲ ਰਹੇ ਲੋਕਾਂ ਜਿੰਨਾ ਦਾ ਬਹੁਤ ਭਾਰੀ ਨੁਕਸਾਨ ਹੋ ਗਿਆ ਹੈ, ਉਨ੍ਹਾਂ ਦੇ ਮੁੜ ਵਸੇਬੇ ਲਈ ਬਹੁਤ ਵੱਡੇ ਉਪਰਾਲੇ ਦੀ ਲੋੜ ਨੂੰ ਮਹਿਸੂਸ ਕਰਦਿਆਂ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੰਜਾਬ ਦੇ ਪੈਨਸ਼ਨਰਾਂ ਨੇ ਇੱਕ ਦਿਨ ਦੀ ਤਨਖਾਹ ਅਤੇ ਪੈਨਸ਼ਨ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜਣ ਦਾ ਫੈਸਲਾ ਕੀਤਾ ਹੈ ।ਸਤੰਬਰ ਦੇ ਮਹੀਨੇ ਤਨਖਾਹ ਵਿੱਚੋਂ ਪੈਨਸ਼ਨਰਾਂ ਦੀ ਇੱਕ ਦਿਨ ਦੀ ਤਨਖਾਹ ਦੀ ਕਟੌਤੀ ਕਰਵਾ ਕੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣਗੇ ਤਾਂ ਜੋ ਪੰਜਾਬ ਵਾਸੀਆਂ ਦੀ ਇਸ ਔਖੀ ਘੜੀ ਵਿੱਚ ਆਰਥਿਕ ਮਦਦ ਕੀਤੀ ਜਾ ਸਕੇ।

ਇਸ ਮੌਕੇ ਤੇ ਹਰਭਜਨ ਸਿੰਘ ਲੈਹਲ, ਮਨੋਹਰ ਲਾਲ ਸੋਨੀ, ਜਸਪਾਲ ਕੌਸ਼ਲ, ਐਸਕੇ ਵਰਮਾ ਵਿੱਤ ਸਕੱਤਰ, ਸੰਤੋਖ ਸਿੰਘ ਰੰਧਾਵਾ, ਪ੍ਰਾਨ ਨਾਥ ਬਟਾਲਾ ਸ਼ਰਮਾ, ਹਰਭਜਨ ਸਿੰਘ ਝੰਜੋਟੀ, ਕੁਲਜੀਤ ਸਿੰਘ ਅੰਮ੍ਰਿਤਸਰ, ਰਤਨ ਸਿੰਘ ਘਈ, ਸਤਪਾਲ ਕਾਲੀਆ, ਗੁਰਮੀਤ ਸਿੰਘ ਭਾਟੀਆ ਆਦਿ ਆਗੂਆਂ ਨੇ ਹਿੱਸਾ ਲਿਆ।



# ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀ ਪਿੰਡ-ਪਿੰਡ ਜਾ ਕੇ ਵੰਡਣ ਲੱਗੇ ਫੀਡ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਅਜਨਾਲਾ ਇਲਾਕੇ ਵਿੱਚ ਆਏ ਹੜ੍ਹਾਂ ਦੀ ਮਾਰ ਕੇਵਲ ਲੋਕਾਂ ਨੂੰ ਹੀ ਨਹੀਂ ਬਲਕਿ ਬੇਜ਼ੁਬਾਨ ਪਸ਼ੂਆਂ ਨੂੰ ਵੀ ਵੱਡੀ ਪੱਧਰ 'ਤੇ ਪਈ ਹੈ। ਹਣ ਪੀੜਤ ਇਲਾਕਿਆਂ ਵਿੱਚ ਪਸ਼ੂ ਚਾਰੇ ਦੀ ਤੋਟ ਆ ਗਈ ਹੈ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨਾਂ ਦੇ ਪਸ਼ੂਆਂ ਲਈ ਚਾਰੇ ਅਤੇ ਫੀਡ ਦਾ ਪੂਰਾ ਪ੍ਰਬੰਧ ਕੀਤਾ ਹੈ ਅਤੇ 11 ਰਾਹਤ ਕੇਂਦਰ ਜਿਨ੍ਹਾਂ ਵਿੱਚ ਪਿੰਡ ਘੋਨੇਵਾਲ, ਕੋਟ ਰਜਾਦਾ, ਸੂਫੀਆਂ, ਸੁਧਾਰ, ਚੱਕ ਫੁਲਾ, ਰਮਦਾਸ, ਥੋਬਾ, ਹਰੜ ਖੁਰਦ, ਜਗਦੇਵ ਖੁਰਦ, ਢੰਗਈ ਅਤੇ ਲੋਪੋਕੇ ਵਿਖੇ ਪਸ਼ੂਆਂ ਦੀ ਫੀਡ ਵੰਡੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਖਸ਼ੀ ਸਾਹਨੀ ਨੇ ਦੱਸਿਆ ਕਿ ਕੁਝ ਲੋਕਾਂ ਵੱਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਉਨ੍ਹਾਂ ਨੂੰ ਪਸ਼ੂਆਂ ਦਾ ਚਾਰਾ ਨਹੀਂ ਮਿਲ ਰਿਹਾ, ਜਿਸ 'ਤੇ ਤੁਰੰਤ ਕਰਵਾਈ ਕਰਦੇ ਹੋਏ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ/ਕਰਮਚਾਰੀ ਪਿੰਡ ਪਿੰਡ ਜਾ ਕੇ ਪਸ਼ੂਆਂ ਦੀ ਫੀਡ ਵੰਡਣ ਲੱਗੇ ਹੋਏ ਹਨ। ਡਿਪਟੀ ਕਮਿਸ਼ਨਰ ਨੇ ਸੰਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਿਸੇ ਕਿਸਮ ਦੀ ਊਣਤਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਫੀਡ ਵੰਡਣ ਲੱਗਿਆ ਸੰਬੰਧਤ ਪਸ਼ੂ ਪਾਲਕਾਂ ਦੀ ਸ਼ਨਾਖਤ ਜ਼ਰੂਰ ਕਰ ਲਈ ਜਾਵੇ। ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਨਵਰਾਜ ਸਿੰਘ ਸੰਧੂ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਵਿੱਚ 5685 ਫੀਡ ਦੀਆਂ ਬੋਰੀਆਂ ਅਤੇ 242 ਕੁਇੰਟਲ ਸਾਇਲੇਜ (ਹਰਾ ਚਾਰਾ) ਪ੍ਰਾਪਤ ਹੋਇਆ ਹੈ ਜਿਸ ਵਿੱਚੋਂ 5000 ਫੀਡ ਦੀਆਂ ਬੋਰੀਆਂ ਅਤੇ 242 ਕੁਇੰਟਲ ਸਾਇਲੇਜ ਦੀ ਵੰਡ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੇ ਕਰਮਚਾਰੀ ਪਿੰਡ ਪਿੰਡ ਜਾ ਕੇ ਪਸ਼ੂ ਪਾਲਕਾਂ ਦੇ ਅਧਾਰ ਕਾਰਡ ਜਾਂ ਹੋਰ ਸ਼ਨਾਖਤੀ ਕਾਰਡ ਚੈਕ ਕਰਨ ਉਪਰੰਤ ਹੀ ਫੀਡ ਦੀ ਵੰਡ ਕਰ ਰਹੇ ਹਨ। ਉਨ੍ਹਾਂ ਪਸ਼ੂ ਪਾਲਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਸ਼ੂਆਂ ਨੂੰ ਲੋੜ ਅਨੁਸਾਰ ਹੀ ਫੀਡ ਦਿੱਤੀ ਜਾਵੇ ਅਤੇ ਕੋਸ਼ਿਸ਼ ਕੀਤੀ ਜਾਵੇ ਕਿ ਪਸ਼ੂਆਂ ਨੂੰ ਸੁੱਕੀ ਥਾਂ 'ਤੇ ਹੀ ਰੱਖਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਬਿਮਾਰੀ ਨਾ ਲੱਗ ਸਕੇ। ਡਿਪਟੀ ਕਮਿਸ਼ਨਰ ਸ੍ਰੀਮਤੀ ਸਾਹਨੀ ਨੇ ਦੱਸਿਆ ਕਿ ਹੜ੍ਹ ਪੀੜਤ ਪਰਵਾਰਾਂ ਦੇ ਪਸ਼ੂਆਂ ਲਈ ਵੱਡੀ ਗਿਣਤੀ ਵਿੱਚ ਦਾਨੀ ਸੱਜਣਾਂ ਵੱਲੋਂ ਵੀ ਫੀਡ ਅਤੇ ਪਸ਼ੂ ਚਾਰਾ ਵੰਡਿਆ ਜਾ ਰਿਹਾ ਹੈ।



# ਕੇਂਦਰ ਸਰਕਾਰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਤੁਰੰਤ ਵਿਸ਼ੇਸ਼ ਆਰਥਿਕ ਪੈਕੇਜ ਜਾਰੀ ਕਰੇ : ਰੰਧਾਵਾ

## ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਤੁਰੰਤ ਮੁਰੰਮਤ ਕੀਤੀ ਜਾਵੇ

**ਡੇਰਾ ਬਾਬਾ ਨਾਨਕ ( ਰਮੇਸ਼ ਸ਼ਰਮਾ )**- ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਡੇਰਾ ਬਾਬਾ ਨਾਨਕ ਵਿਖੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਕੇਂਦਰੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਮੰਗ ਪੱਤਰ ਦੇ ਕੇ ਕੇਂਦਰ ਸਰਕਾਰ ਕੋਲੋਂ ਜਿੱਥੇ ਹੜ੍ਹ ਪੀੜ੍ਹਤਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਦੀ ਮੰਗ ਰੱਖੀ, ਉੱਥੇ ਹੜ੍ਹ ਨਾਲ ਨੁਕਸਾਨੇ ਗਏ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਤੁਰੰਤ ਮੁਰੰਮਤ ਦੀ ਵੀ ਮੰਗ ਕੀਤੀ ਹੈ। ਸ. ਰੰਧਾਵਾ ਨੇ ਮੰਗ ਪੱਤਰ ਰਾਹੀਂ ਕੇਂਦਰ ਸਰਕਾਰ ਕੋਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਵਿਸ਼ੇਸ਼ ਆਰਥਿਕ ਸਹਾਇਤਾ ਦਾ ਪੈਕੇਜ ਮੰਗਿਆ ਹੈ। ਡੇਰਾ ਬਾਬਾ ਨਾਨਕ ਵਿਖੇ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਨੂੰ ਮੰਗ ਪੱਤਰ ਦਿੰਦਿਆਂ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਰਾਵੀ ਦਰਿਆ ਦੇ ਹੜ੍ਹ ਕਾਰਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ 159 ਪਿੰਡ ਅਤੇ 1.10 ਲੱਖ ਤੋਂ ਵੱਧ ਵਸੋਂ ਪ੍ਰਭਾਵਿਤ ਹੋਈ ਹੈ। ਹੜ੍ਹਾਂ ਕਾਰਨ ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ ਅਤੇ ਲੋਕਾਂ ਦੀ ਅਤੇ ਸਰਕਾਰੀ ਜਾਇਦਾਦ ਨੂੰ ਵੀ ਵੱਡਾ ਨੁਕਸਾਨ ਪਹੁੰਚਿਆ ਹੈ। ਬਹੁਤ ਸਾਰੇ ਲੋਕਾਂ ਦੇ ਹੜ੍ਹ ਕਾਰਨ ਘਰ ਤਬਾਹ ਹੋ ਗਏ ਹਨ, ਜਿਸ ਕਾਰਨ ਉਹ ਬੇਘਰ ਹੋ ਗਏ ਹਨ। ਇਸ ਤੋਂ ਇਲਾਵਾ ਹੜ੍ਹ ਦੇ ਪਾਣੀ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਦੇ ਕਾਰੀਡੋਰ ਨੂੰ ਵੀ ਵੱਡਾ ਨੁਕਸਾਨ ਪਹੁੰਚਿਆ ਹੈ। ਸ. ਰੰਧਾਵਾ ਨੇ ਕਿਹਾ ਕਿ ਹੜ੍ਹਾਂ ਦੌਰਾਨ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਪੰਜਾਬ ਸਰਕਾਰ ਦੀ ਸਰਕਾਰੀ ਮਸ਼ੀਨਰੀ ਦਿਨ-ਰਾਤ ਸੇਵਾ ਵਿੱਚ ਲੱਗੀ ਹੋਈ ਹੈ ਅਤੇ ਇਸ ਦੇ ਨਾਲ ਸਮਾਜ ਸੇਵੀ ਸੰਸਥਾਵਾਂ ਵੀ ਆਪਣਾ ਸਹਿਯੋਗ ਦੇ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 970 ਵਿਅਕਤੀਆਂ ਨੂੰ ਖ਼ਤਰਨਾਕ ਪੱਧਰ ਤੱਕ ਪਹੁੰਚੇ ਹੜ੍ਹ ਦੇ ਪਾਣੀ ਵਿਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਵਲੰਟੀਅਰਜ਼ ਵੱਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ। ਵਿਧਾਇਕ ਰੰਧਾਵਾ ਨੇ ਕਿਹਾ ਕਿ ਕੇਂਦਰ ਸਰਕਾਰ ਤੁਰੰਤ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਅਤੇ ਮੁੜ-ਵਸੇਬੇ ਲਈ ਤੁਰੰਤ ਵਿਸ਼ੇਸ਼ ਆਰਥਿਕ ਪੈਕਜ ਜਾਰੀ ਕਰੇ। ਇਸ ਤੋਂ ਇਲਾਵਾ ਜਿਨ੍ਹਾਂ ਵਿਅਕਤੀਆਂ ਦੇ ਘਰਾਂ ਦਾ ਨੁਕਸਾਨ ਹੋਇਆ ਉਨ੍ਹਾਂ ਦੀ ਆਰਥਿਕ ਸਹਾਇਤਾ ਕੀਤੀ ਜਾਵੇ। ਉਨ੍ਹਾਂ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਕਿਹਾ ਕਿ ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਅਤੇ ਪਬਲਿਕ ਪ੍ਰਾਪਰਟੀ ਨੂੰ ਜੋ ਨੁਕਸਾਨ ਪਹੁੰਚਿਆ ਹੈ ਉਸ ਨੂੰ ਠੀਕ ਕਰਨ ਲਈ ਵੀ ਵਿਸ਼ੇਸ਼ ਰਾਸ਼ੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਥਿਤ ਪਾਵਨ ਗੁਰਧਾਮ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਵਿਖੇ ਬਣੇ ਕਾਰੀਡੋਰ ਨੂੰ ਵੀ ਹੜ੍ਹਾਂ ਕਾਰਨ ਵੱਡਾ ਨੁਕਸਾਨ ਪਹੁੰਚਿਆ ਹੈ। ਸਮੂਹ ਨਾਨਕ ਨਾਮ ਲੇਵਾ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਤੁਰੰਤ ਮੁਰੰਮਤ ਕਰਕੇ ਇਸ ਨੂੰ ਮੁੜ ਖੋਲ੍ਹਿਆ ਜਾਵੇ।



## ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਹੜ੍ਹ ਪੀੜਤਾਂ ਦੀ ਸਹਾਇਤਾ ਸੰਬੰਧੀ ਵਿਸ਼ੇਸ਼ ਮੀਟਿੰਗ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਬਹਾਦਰਗੜ੍ਹ ਦੇ ਦਿਸ਼ਾ ਨਿਰਦੇਸ਼ ਹੇਠ ਸਮੂਹ ਸਟਾਫ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਮੀਟਿੰਗ ਦੌਰਾਨ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਵੱਲੋਂ ਹੜ੍ਹ ਪੀੜਤ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਉਹਨਾਂ ਦੇ ਹੱਲ ਸਬੰਧੀ ਵਿਸਥਾਰਪੂਰਵਕ ਚਰਚਾ ਕੀਤੀ ਗਈ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਗੱਲਬਾਤ ਦੌਰਾਨ ਕਿਹਾ ਕੁਦਰਤੀ ਆਫਤਾਂ ਨਾਲ ਨਜਿੱਠਣਾ ਹਮੇਸ਼ਾ ਪੰਜਾਬੀਆਂ ਦਾ ਮੁਕੱਦਰ ਰਿਹਾ ਹੈ। ਇਸ ਮੁਸ਼ਕਲ ਸਮੇਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹਾਂ ਦੀ ਮਾਰ ਨਾਲ ਜੂਝ ਰਹੇ ਪੰਜਾਬੀਆਂ ਦੀ ਹਰ ਸੰਭਵ ਸਹਾਇਤਾ ਲਈ ਤੱਤਪਰ ਹੈ। ਇਸ ਮੀਟਿੰਗ ਵਿੱਚ ਸਮੂਹ ਸਟਾਫ ਮੈਂਬਰਾਂ ਦੀ ਸਹਿਮਤੀ ਨਾਲ ਆਪਣੀ ਇੱਕ ਦਿਨ ਦੀ ਤਨਖਾਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹਤ ਫੰਡ ਵਿੱਚ ਅਤੇ ਇੱਕ ਦਿਨ ਦੀ ਤਨਖਾਹ ਨੇੜਲੇ ਭਵਿੱਖ ਵਿੱਚ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੇ ਮੁੜ ਵਸੇਬੇ ਲਈ ਜ਼ਰੂਰੀ ਵਰਤੋਂ ਦੇ ਸਮਾਨ ਲਈ ਦੇਣ ਦਾ ਫੈਸਲਾ ਲਿਆ ਗਿਆ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



## ਨਗਰ ਕੌਂਸਲ ਵੱਲੋਂ ਬਾਰਿਸ਼ ਦੇ ਪਾਣੀ ਤੇ ਹੜ੍ਹਾਂ ਤੋਂ ਬਚਾਅ ਲਈ ਨਵਾਂ ਡਿਸਪੋਜ਼ਲ ਪੰਪ ਸਥਾਪਤ

**ਮਜੀਠਾ (ਸੋਇਮ ਆਨੰਦ)**-ਕਸਬਾ ਮਜੀਠਾ 'ਚ ਬਾਰਿਸ਼ ਅਤੇ ਹੜ੍ਹਾਂ ਦੇ ਖਤਰੇ ਨੂੰ ਮੁੱਖ ਰੱਖਦਿਆਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕੌਂਸਲਰ ਪਿੰਕਾ ਮਜੀਠਾ ਦੇ ਵਿਸ਼ੇਸ਼ ਯਤਨਾਂ ਸਦਕਾ ਨਗਰ ਕੌਂਸਲ ਮਜੀਠਾ ਨੇ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਲਈ ਲਗਭਗ 50,000 ਰੁਪਏ ਦੀ ਲਾਗਤ ਨਾਲ ਇੱਕ ਨਵਾਂ ਡਿਸਪੋਜ਼ਲ ਪੰਪ ਸਥਾਪਤ ਕੀਤਾ ਹੈ। ਇਸ ਪੰਪ ਦੀ ਸਥਾਪਨਾ ਨਾਲ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿੱਚ ਇਕੱਠਾ ਹੋਣ ਵਾਲਾ ਮੀਂਹ ਦਾ ਪਾਣੀ ਜਲਦੀ ਨਿਕਲ ਸਕੇਗਾ। ਕਾਰਜ ਸਾਧਕ ਅਫਸਰ ਅਨਿਲ ਕੁਮਾਰ ਚੋਪੜਾ ਨੇ ਦੱਸਿਆ ਕਿ ਇਸ ਨਵੇਂ ਡਿਸਪੋਜ਼ਲ ਪੰਪ ਦੀ ਸਥਾਪਨਾ ਨਾਲ ਬਰਸਾਤ ਦਾ ਪਾਣੀ ਜਲਦੀ ਨਿਕਲ ਸਕੇਗਾ। ਇਸ ਨਾਲ ਨਾ ਸਿਰਫ਼ ਸ਼ਹਿਰ ਦੀ ਸਫ਼ਾਈ ਵਿੱਚ ਸੁਧਾਰ ਹੋਵੇਗਾ, ਸਗੋਂ ਪਾਣੀ ਇਕੱਠਾ ਹੋਣ ਕਾਰਨ ਫੈਲਣ ਵਾਲੀਆਂ ਬਿਮਾਰੀਆਂ ਦਾ ਖਤਰਾ ਵੀ ਘਟੇਗਾ। ਉਨ੍ਹਾਂ ਦੱਸਿਆ ਕਿ ਇਹ ਪੰਪ ਵੱਡੀ ਮਾਤਰਾ ਵਿੱਚ ਪਾਣੀ ਨੂੰ ਤੇਜ਼ੀ ਨਾਲ ਨਿਕਾਸ ਕਰਨ ਦੀ ਸਮਰੱਥਾ ਰੱਖਦਾ ਹੈ।

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਕੌਂਸਲਰ ਪਿੰਕਾ ਮਜੀਠਾ ਨੇ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਪੰਪ ਦੀ ਸਥਾਪਨਾ ਨਾਲ ਸ਼ਹਿਰ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ। ਉਨ੍ਹਾਂ ਨੇ ਕਿਹਾ, ਪਹਿਲਾਂ ਥੋੜ੍ਹੀ ਜਿਹੀ ਬਾਰਿਸ਼ ਵਿੱਚ ਹੀ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿੱਚ ਪਾਣੀ ਖੜ੍ਹਾ ਹੋ ਜਾਂਦਾ ਸੀ ਜੋ ਘੰਟਿਆਂ ਬੱਧੀ ਬਜ਼ਾਰਾਂ ਵਿੱਚ ਖੜ੍ਹਾ ਰਹਿੰਦਾ ਸੀ, ਜਿਸ ਨਾਲ ਰਾਹਗੀਰਾਂ ਅਤੇ ਦੁਕਾਨਦਾਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀਇਸ ਮੌਕੇ 'ਤੇ ਕੌਂਸਲਰ ਪਿੰਕਾ ਮਜੀਠਾ, ਜੂਨੀਅਰ ਸਹਾਇਕ ਰਜੇਸ਼ ਕੁਮਾਰ, ਕਲਰਕ ਬਿਕਰਮਜੀਤ ਸ਼ਰਮਾ, ਬੇਅੰਤ ਸਿੰਘ ਅਤੇ ਬਲਦੇਵ ਸਿੰਘ ਸਮੇਤ ਹੋਰ ਅਧਿਕਾਰੀ ਅਤੇ ਸਥਾਨਕ ਲੋਕ ਹਾਜ਼ਰ ਸਨ।



## ਉੱਘੇ ਕਾਰੋਬਾਰੀ ਠਾਕੁਰ ਬਲਰਾਜ ਨੇ ਹੜ੍ਹ ਪ੍ਰਭਾਵਤ ਇਲਾਕੇ 'ਚ ਪਸ਼ੂਆਂ ਲਈ ਭੇਜਿਆ ਅਚਾਰ ਤੇ ਤੂੜੀ

ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)- ਕਾਹਨੂੰਵਾਨ ਇਲਾਕੇ ਦੇ ਸਿਰਕੱਢ ਅਤੇ ਉੱਘੇ ਕਾਰੋਬਾਰੀ ਠਾਕੁਰ ਬਲਰਾਜ ਸਿੰਘ ਨੇ ਦਰਿਆ ਬਿਆਸ ਨੇੜਲੇ ਹੜ੍ਹ ਪ੍ਰਭਾਵਤ ਇਲਾਕੇ ਵਿੱਚ ਪਸ਼ੂਆਂ ਲਈ ਅਚਾਰ ਅਤੇ ਤੂੜੀ ਭੇਜੀ ਹੈ। ਰਵੀ ਠਾਕੁਰ ਰਵੀ ਸਿੰਘ ਅਤੇ ਡਾ. ਸ਼ਾਮ ਸਿੰਘ ਫੱਤੂ ਬਰਕਤ ਨੇ ਦੱਸਿਆ ਕਿ ਉਨ੍ਹਾਂ ਨੇ ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਦਾ ਜਾਇਜ਼ਾ ਲੈਣ ਬਾਅਦ ਇਲਾਕੇ ਦੇ ਜਾਣੇ ਪਹਿਚਾਣੇ ਉੱਘੇ ਕਾਰੋਬਾਰੀ ਠਾਕੁਰ ਬਲਰਾਜ ਸਿੰਘ ਨੂੰ ਅਪੀਲ ਕੀਤੀ ਕਿ ਇਲਾਕੇ ਵਿੱਚ ਪਸ਼ੂਆਂ ਦਾ ਹਰਾ ਚਾਰਾ ਅਤੇ ਤੂੜੀ ਦਾ ਬਹੁਤ ਨੁਕਸਾਨ ਹੋ ਗਿਆ ਹੈ।

ਇਸ ਕਾਰਨ ਬੇਟ ਖੇਤਰ ਦੇ ਨੀਵੇਂ ਇਲਾਕਿਆਂ ਦੀ ਬਹੁਤ ਲੋਕਾਂ ਦੇ ਮਾੜੇ ਹਾਲ ਹੋ ਗਏ ਹਨ। ਜਿਸ ਕਰ ਕੇ ਕੁੱਝ ਪਿੰਡਾਂ ਵਿੱਚ ਪਸ਼ੂਆਂ ਦੇ ਚਾਰੇ ਦੀ ਬਹੁਤ ਸਮੱਸਿਆ ਖੜ੍ਹੀ ਹੋ ਗਈ ਹੈ। ਇਸ ਲਈ ਪ੍ਰਭਾਵਤ ਇਲਾਕੇ ਵਿੱਚ ਪਸ਼ੂਆਂ ਜੇ ਚਾਰੇ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਜਾਵੇ।

ਉਨ੍ਹਾਂ ਦੀ ਅਪੀਲ ਉੱਤੇ ਠਾਕੁਰ ਬਲਰਾਜ ਸਿੰਘ ਵੱਲੋਂ ਆਪਣੇ ਵਿੱਤ ਅਨੁਸਾਰ ਕੁੱਝ ਦਾਨੀ ਸੱਜਣਾਂ ਨੂੰ ਨਾਲ ਲੈ ਕੇ ਪਸ਼ੂਆਂ ਲਈ ਅਚਾਰ ਅਤੇ ਤੂੜੀ ਭੇਜੀ ਹੈ। ਉਨ੍ਹਾਂ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਪ੍ਰਭਾਵਤ ਪਿੰਡਾਂ ਲਈ ਉਹ ਹੋਰ ਵੀ ਮਦਦ ਭੇਜਣ ਦਾ ਯਤਨ ਕਰਨਗੇ।



## ਵਿਆਹ ਪੁਰਬ ਨੂੰ ਸਮਰਪਤ ਡੀ ਏ ਵੀ ਕਾਲਜ ਵਿਖੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ

ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਐੱਸ.ਐੱਲ.ਬਾਵਾ ਡੀ.ਏ.ਵੀ. ਕਾਲਜ, ਬਟਾਲਾ ਦੇ ਪ੍ਰਿੰਸੀਪਲ ਪ੍ਰੋ. (ਡਾ.) ਵਰਿੰਦਰ ਭਾਟੀਆ ਦੀ ਯੋਗ ਅਗਵਾਈ ਹੇਠ ਅਤੇ ਆਰਟਸ ਫੈਕਲਟੀ ਦੇ ਡਾ. ਗੁਰਪ੍ਰੀਤ ਸਿੰਘ ਅਤੇ ਡਾ. ਨਵੀਨ ਚੰਦ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਸੁਲੱਖਣੀ ਜੀ ਦੇ ਵਿਆਹ ਪੁਰਬ ਦਿਹਾੜੇ ਨੂੰ ਸਮਰਪਤ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ।

ਕਾਲਜ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਦੁਆਰਾ ਪੂਰੀ ਸ਼ਰਧਾ ਨਾਲ ਗੁਰੂ ਕਾ ਲੰਗਰ ਵਰਤਾਇਆ ਗਿਆ ਅਤੇ ਵੱਖ-ਵੱਖ ਸਕੂਲਾਂ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਵੀ ਪੂਰੀ ਸ਼ਰਧਾ ਨਾਲ ਗੁਰੂ ਕਾ ਲੰਗਰ ਛਕਿਆ।ਇਸ ਮੌਕੇ ਪ੍ਰਿੰਸੀਪਲ ਡਾ. ਵਰਿੰਦਰ ਭਾਟੀਆ ਨੇ ਹਾਜ਼ਰੀਨ ਨੂੰ ਬਾਬਾ ਦੇ ਵਿਆਹ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਆਪਣੇ ਜੀਵਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਜਿਵੇਂ ਕਿ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ, ਇੱਕ ਪਰਮਾਤਮਾ ਵਿੱਚ ਵਿਸ਼ਵਾਸ, ਔਰਤਾਂ ਦਾ ਸਤਿਕਾਰ, ਅੰਧਵਿਸ਼ਵਾਸਾਂ ਦਾ ਵਿਰੋਧ ਆਦਿ ਨੂੰ ਅਪਣਾਉਣਾ ਚਾਹੀਦਾ ਹੈ।ਇਸ ਮੌਕੇ ਡਾ. ਰੂਪਕਿਰਨਪ੍ਰੀਤ ਕੌਰ, ਪ੍ਰੋ. ਸੁਮਨਪ੍ਰੀਤ ਕੌਰ, ਪ੍ਰੋ. ਅਮਨਦੀਪ ਸਿੰਘ, ਡਾ. ਬਰਿੰਦਰਪਾਲ ਸਿੰਘ, ਡਾ. ਵਨੀਤ ਕੁਮਾਰ ਦੇ ਨਾਲ-ਨਾਲ ਸੁਰਜੀਤ ਕੁਮਾਰ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਆਪਣਾ ਪੂਰਾ ਸਮਰਥਨ ਦਿੱਤਾ।



## ਦੋ ਨਸ਼ਾ ਤਸਕਰ ਨਸ਼ੇ ਸਮੇਤ ਕਾਬੂ, ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਦੇ ਏ.ਐਸ.ਆਈ. ਕੁਲਦੀਪ ਸਿੰਘ ਨੇ ਸਮੇਤ ਪੁਲਸ ਪਾਰਟੀ ਨਹਿਰੂ ਪਾਰਕ ਗੁਰਦਾਸਪੁਰ ਤੋਂ ਅਸ਼ੀਸ਼ ਮਹਾਜਨ ਤਨੂੰ ਪੁੱਤਰ ਵਿਜੇ ਮਹਾਜਨ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 41 ਗਰਾਮ 150 ਮਿਲੀਗਰਾਮ ਹੈਰੋਇਨ, 9000 ਰੁਪਏ ਡਰੱਗ ਮਨੀ ਬਰਾਮਦ ਹੋਈ । ਇਸੇ ਤਰ੍ਹਾਂ ਥਾਣਾ ਦੀਨਾਨਗਰ ਦੇ ਏ.ਐਸ.ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਿਸ ਪਾਰਟੀ ਇਕ ਇਤਲਾਹ 'ਤੇ ਦੀਨਾਨਗਰ ਤੋਂ ਰਿੰਕੂ ਪੁੱਤਰ ਜੀਤ ਰਾਮ ਵਾਸੀ ਜੋੜਾ ਛੱਤਰਾਂ, ਸਤਨਾਮ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪੂਰੋਵਾਲ ਅਰਾਈਆਂ ਨੂੰ ਮੋਟਰਸਾਇਕਲ ਸਮੇਤ ਕਾਬੂ ਕਰਕੇ ਉਕਤ ਵਿਅਕਤੀ ਪਾਸੋਂ ਬਰਾਮਦ ਕੈਨ ਪਲਾਸਟਿਕ ਨੂੰ ਚੈਕ ਕੀਤਾ ਜਿਸ ਵਿਚੋ 30 ਹਜ਼ਾਰ ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਹੋਈ । ਪੁਲਸ ਨੇ ਦੋਵਾਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਸੱਚਰ ਵੱਲੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਵੱਡੀ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਸੀਨੀਅਰ ਕਾਂਗਰਸੀ ਆਗੂ ਤੇ ਹਲਕਾ ਮਜੀਠਾ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਵੱਲੋਂ ਅੱਜ ਹਲਕੇ ਦੇ ਪੀਣਾ ਬੋਪਾਰਾਏ ਵਿਖੇ ਸਰਪੰਚ ਬਲਕਾਰ ਸਿੰਘ ਬੋਪਾਰਾਏ ਦੇ ਗ੍ਰਹਿ ਵਿਖੇ ਕਾਂਗਰਸੀ ਆਗੂਆਂ ਨਾਲ ਮੀਟਿੰਗ ਕੀਤੀ ਗਈ, ਜਿਸ ਦੌਰਾਨ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਆ ਰਹੀਆਂ ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਸਾਨੂੰ ਆ ਰਹੀਆ ਬਲਾਕ ਸੰਮਤੀ ਅਤੇ ਜਿਲ੍ਹਾ ਪਰਿਸ਼ਦ ਚੋਣਾਂ ਵਿੱਚ ਕਾਂਗਰਸ ਦੀ ਜਿੱਤ ਲਈ ਹੁਣ ਤੋ ਹੀ ਤਿਆਰੀ ਸੂਰੂ ਕਰ ਦੇਣੀ ਚਾਹੀਦੀ ਹੈ ਉਹਨਾਂ ਪੰਜਾਬ ਵਿੱਚ ਪੈ ਰਹੀ ਭਾਰੀ ਬਾਰਿਸ਼ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪਹਿਲਾਂ ਹੀ ਪੰਜਾਬ ਹੜ੍ਹਾਂ ਦੀ ਲਪੇਟ 'ਚ ਹੈ ਤੇ ਬਹੁਤ ਸਾਰਾ ਜਾਨੀ-ਮਾਲੀ ਨੁਕਸਾਨ ਹੋ ਰਿਹਾ ਹੈ। ਅੱਜ ਦੀ ਇਸ ਭਾਰੀ ਬਾਰਿਸ਼ ਨਾਲ ਚਿੰਤਾਵਾਂ ਹੋਰ ਵਧ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਆਧੁਨਿਕ ਯੁੱਗ 'ਚ ਵੀ ਸੂਬਾ ਤੇ ਕੇਂਦਰ ਸਰਕਾਰ ਹੜ੍ਹਾਂ ਦੀ ਰੋਕਥਾਮ ਕਰਨ 'ਚ ਬੁਰੀ ਤਰ੍ਹਾਂ ਫੇਲ ਸਾਬਤ ਹੋਈਆਂ ਹਨ। ਸੱਚਰ ਨੇ ਕਿਹਾ ਕਿ ਅਸੀਂ ਸਾਥੀਆਂ ਸਮੇਤ ਲੋੜੀਂਦਾ ਸਾਮਾਨ ਲੈ ਕੇ ਜਾਵਾਂਗੇ, ਜਿਸ ਵਿਚ ਪਸ਼ੂਆਂ ਲਈ ਵੀ ਦਵਾਈਆਂ ਤੇ ਚਾਰਾ ਵਗੈਰਾ ਹੋਵੇਗਾ। ਸੱਚਰ ਨੇ ਕਿਹਾ ਕਿ ਸਾਨੂੰ ਸਰਹੱਦੀ ਜ਼ਿਲ੍ਹਿਆਂ ਨੂੰ ਹਮੇਸ਼ਾ ਹਰ ਪਾਸੇ ਤੋਂ ਹੀ ਮਾਰ ਪੈਂਦੀ ਹੈ।

ਇਸ ਮੌਕੇ ਬਲਾਕ ਪ੍ਰਧਾਨ ਸਤਨਾਮ ਸਿੰਘ ਕਾਜੀਕੋਟ, ਸਾਬਕਾ ਚੇਅਰਮੈਨ ਜਗਦੇਵ ਸਿੰਘ ਬੱਗਾ, ਸਰਪੰਚ ਸ਼ਮਸ਼ੇਰ ਸਿੰਘ ਬਾਬੋਵਾਲ, ਝਿਲਮਿਲ ਸਿੰਘ ਬਾਠ , ਤਜਿੰਦਰ ਸਿੰਘ ਤਰਫਾਨ, ਸੁਰਜੀਤ ਸਿੰਘ ਭੀਲੋਵਾਲ, ਪਰਮਜੀਤ ਸਿੰਘ ਭੋਏਵਾਲ , ਸੁੱਖਬੀਰ ਸਿੰਘ ਬੋਪਾਰਾਏ, ਰਣਜੀਤ ਸਿੰਘ ਚੋਗਾਵਾਂ, ਜਗਦੇਵ ਸਿੰਘ ਚੋਗਾਵਾਂ,ਸੁਲੱਖਣ ਸਿੰਘ ਕੱਥੂਨੰਗਲ, ਡਾ ਮੋਹਨ ਸਿੰਘ, ਹਰਜੀਤ ਸਿੰਘ ਨਵਾਂ ਤਨੇਲ, ਜਰਮਨਜੀਤ ਸਿੰਘ ਖਿੱਦੋਵਾਲੀ, ਸੋਨੀ ਭੋਏਵਾਲ ਤੇ ਹੋਰ ਵੀ ਆਗੂ ਮੌਜੂਦ ਸਨ ।



# ਜੌਹਲ ਢਾਏ ਵਾਲਾ ਤੇ ਘੜਕਾ 'ਚ ਮੈਡੀਕਲ ਕੈਂਪ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਪਿੰਡ ਕਿੜੀਆਂ, ਕੰਬੋ ਢਾਏ ਵਾਲਾ ਅਤੇ ਧੂੰਦਾ ਵਿਖੇ ਮੈਡੀਕਲ ਕੈਂਪ ਲਗਾਏ ਗਏ ਹਨ। ਇਸ ਸਮੇਂ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਮੈਡੀਕਲ ਟੀਮਾਂ ਬਣਾ ਕੇ ਰੋਜ਼ਾਨਾ ਵੱਖ ਵੱਖ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਜਿਸ ਦੀ ਲੜੀ ਤਹਿਤ ਅੱਜ ਵੀ ਪਿੰਡ ਜੌਹਲ ਢਾਏ ਵਾਲਾ, ਖਾਰਾ ਅਤੇ ਪਿੰਡ ਘੜਕਾ ਵਿਖੇ ਮੈਡੀਕਲ ਕੈਂਪ ਲਗਾ ਕੇ ਲੋਕਾਂ ਦੀ ਜਾਂਚ ਕਰਕੇ ਉਹਨਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ ਗਈਆਂ। ਉਹਨਾਂ ਦੱਸਿਆ ਕਿ ਇਸ ਸਮੇਂ ਲੋਕਾਂ ਨੂੰ ਬਰਸਾਤੀ ਦਿਨਾਂ ਵਿੱਚ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਨਾਲ ਨਾਲ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆਂ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਮੇਂ ਉਹਨਾਂ ਲੋਕਾਂ ਨੂੰ ਦੱਸਿਆ ਕਿ ਉਹ ਆਪਣੇ ਘਰਾਂ ਦੀਆਂ ਛੱਤਾਂ ਤੇ ਪਏ ਟੁੱਟੇ ਗਮਲਿਆਂ ਅਤੇ ਟਾਇਰਾਂ ਵਿੱਚ ਪਾਣੀ ਇੱਕਠਾ ਨਾ ਹੋਣ ਦੇਣ ਅਤੇ ਕੂਲਰਾਂ ਵਿੱਚੋਂ ਹਫਤੇ ਵਿੱਚ ਇੱਕ ਵਾਰ ਪਾਣੀ ਬਾਹਰ ਕੱਢ ਕੇ ਸਾਫ ਸਫਾਈ ਕਰਨ ਤਾਂ ਜੋ ਭਿਆਨਕ ਬਿਮਾਰੀਆਂ ਫੈਲਾਉਣ ਵਾਲੇ ਮੱਛਰ ਪੈਦਾ ਨਾ ਹੋ ਸਕਣ। ਉਹਨਾਂ ਦੱਸਿਆ ਕਿ ਜੇਕਰ ਤੁਹਾਨੂੰ ਤੇਜ਼ ਸਿਰਦਰਦ ਜਾਂ ਤੇਜ਼ ਬੁਖ਼ਾਰ ਜਾਂ ਖਾਂਸੀ ਆਉਂਦੀ ਹੈ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਆਪਣੀ ਜਾਂਚ ਕਰਵਾਉਣ ਤਾਂ ਜੋ ਸਮੇਂ ਸਿਰ ਇਲਾਜ ਕੀਤਾ ਜਾ ਸਕੇ। ਇਸ ਸਮੇਂ ਕਮਿਓਨਿਟੀ ਹੈਲਥ ਅਫਸਰ ਹਰਵੰਤ ਕੌਰ, ਸੀ ਐਚ ਓ ਪ੍ਰਭਜੋਤ ਕੌਰ, ਸੀ ਐਚ ਓ ਨਵਜੋਤ ਕੌਰ, ਏ ਐਨ ਐਮ ਦਲਜੀਤ ਕੌਰ, ਐਸ ਆਈ ਦੀਨ ਦਿਆਲ, ਹੈਲਥ ਵਰਕਰ ਗੁਰਦਿਆਲ ਸਿੰਘ, ਹੈਲਥ ਵਰਕਰ ਸੰਤੋਖ ਸਿੰਘ, ਹੈਲਥ ਵਰਕਰ ਦਲਜੀਤ ਸਿੰਘ ਚੰਬਾ ਆਦਿ ਹਾਜ਼ਰ ਸਨ।



## ਹੈਲੀਕਾਪਟਰ ਰਾਹੀਂ ਅੰਤਿਮ ਸੰਸਕਾਰ ਲਈ ਗੁਰਦਾਸਪੁਰ ਪਹੁੰਚਣ 'ਚ ਕੀਤੀ ਮਦਦ

ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )-ਇੱਕ ਅਸਾਧਾਰਨ ਮਾਨਵਤਾਵਾਦੀ ਯਤਨ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਨੇ ਭਾਰਤੀ ਫੌਜ ਦੀ ਸਹਾਇਤਾ ਨਾਲ ਹੜ੍ਹ ਨਾਲ ਪ੍ਰਭਾਵਤ ਰਾਵੀ ਦਰਿਆ ਪਾਰ ਇੱਕ ਦੁਖੀ ਪਰਵਾਰ ਨੂੰ ਸੁਰੱਖਿਅਤ ਢੰਗ ਨਾਲ ਪਾਰ ਕਰਵਾਉਣ ਲਈ ਫੌਜ ਦੇ ਹੈਲੀਕਾਪਟਰ ਰਾਹੀਂ ਇੱਕ ਨਿਰਵਿਘਨ ਹਵਾਈ ਬਚਾਅ ਕਾਰਜ ਕੀਤਾ।ਇੱਕ 22 ਸਾਲਾ ਨੌਜਵਾਨ ਦੀ ਮ੍ਰਿਤਕ ਦੇਹ ਕੱਲ੍ਹ ਫਾਜ਼ਿਲਕਾ ਤੋਂ ਗੁਰਦਾਸਪੁਰ ਪਹੁੰਚੀ ਸੀ। ਪਿੰਡ ਰਾਜਪੁਰ ਛਿੱਬ ਵਿੱਚ ਰਹਿਣ ਵਾਲਾ ਉਸ ਦਾ ਪਰਵਾਰ ਭਾਰੀ ਹੜ੍ਹ ਕਾਰਨ ਫਸਿਆ ਹੋਇਆ ਸੀ ਅਤੇ ਅੰਤਿਮ ਸੰਸਕਾਰ ਕਰਨ ਲਈ ਗੁਰਦਾਸਪੁਰ ਵਿੱਚ ਸ਼ਾਮਲ ਹੋਣਾ ਚਾਹੁੰਦਾ ਸੀ।ਜ਼ਰੂਰੀ ਕਾਰਵਾਈ ਕਰਦੇ ਹੋਏ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਅਤੇ ਐਸ ਡੀ ਐਮ ਦੀਨਾਨਗਰ, ਜਸਪਿੰਦਰ ਸਿੰਘ ਦੀ ਸਿੱਧੀ ਨਿਗਰਾਨੀ ਹੇਠ ਇਹ ਕਾਰਵਾਈ ਕੀਤੀ ਗਈ। ਸਿਵਲ ਪ੍ਰਸ਼ਾਸਨ ਅਤੇ ਫੌਜ ਵਿਚਕਾਰ ਨਿਰਵਿਘਨ ਤਾਲਮੇਲ ਨਾਲ, 10 ਵਿਅਕਤੀਆਂ ਦੇ ਪਰਵਾਰ ਨੂੰ ਹਵਾਈ ਜਹਾਜ਼ ਰਾਹੀਂ ਸੁਰੱਖਿਅਤ ਪਾਰ ਪਹੁੰਚਾਇਆ ਗਿਆ।ਅੰਤਮ ਸੰਸਕਾਰ ਕੱਲ੍ਹ ਗੁਰਦਾਸਪੁਰ ਵਿਖੇ ਕੀਤੇ ਜਾਣਗੇ, ਜਿਸ ਨਾਲ ਪਰਵਾਰ ਆਪਣੇ ਪੁੱਤਰ ਨੂੰ ਸਨਮਾਨ ਨਾਲ ਵਿਦਾਇਗੀ ਦੇ ਸਕੇਗਾ। ਇਸ ਬਚਾਅ ਕਾਰਜ ਵਿੱਚ ਭਰਿਆਲ ਅਤੇ ਰਾਜਪੁਰ ਛਿੱਬ ਪਿੰਡਾਂ ਦੇ ਸਰਪੰਚਾਂ ਨੇ ਮੁੱਖ ਭੂਮਿਕਾ ਨਿਭਾਈ।





## ਉਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉਤਰ ਰੇਲਵੇ, ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 26.09.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 26.09.2025 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਲ. ਨੰ. | ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ # (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|---|
| 1. | 716-ਟੀ.ਆਰ. ਡੀ.-ਫਿਰੋਜਪੁਰ-2025-26 | ਫਿਰੋਜਪੁਰ ਮੰਡਲ ਵਿਚ ASR-KEMK ਸੈਕਸ਼ਨ ਉਤੇ ਤਰਨਤਾਰਨ (TTO) ਤੇ ਗਤੀਸ਼ੀਲਤਾ ਵਿਚ ਸੁਧਾਰ ਦੇ ਲਈ ਲੋਡਿੰਗ ਲਾਈਨ ਨੰਬਰ 4 ਉਤੇ ਰਿਸੇਪਸ਼ਨ ਅਤੇ ਡਿਸਪੈਚ ਸੁਵਿਧਾ ਵਿਚ ਟੀਆਰਡੀ ਕੰਮ | 88,61,070.36 | ਜੀਰੋ | 26.09.2025 15:00 ਵਜੇ ਤਕ | 1,77,200/- | 06 ਮਹੀਨੇ | 26.09.2025 15:00 ਵਜੇ ਦੇ ਬਾਅਦ | www.ireps.gov.in |
| 2. | 717-ਟੀ.ਆਰ. ਡੀ.-ਫਿਰੋਜਪੁਰ-2025-26 | ਫਿਰੋਜਪੁਰ ਡਵੀਜਨ ਵਿਚ GZS ਯਾਰਡ ਵਿਚ ਪੀਐਸਆਰ ਨੂੰ ਹਟਾਉਣ ਅਤੇ ਇਕੱਠੇ ਰਿਸੇਪਸ਼ਨ ਦੀ ਸਹੂਲਤ ਦੇ ਸਬੰਧ ਵਿਚ ਟੀਆਰਡੀ ਕੰਮ | 70,99,161.06 | ਜੀਰੋ | 26.09.2025 15:00 ਵਜੇ ਤਕ | 1,42,000/- | 06 ਮਹੀਨੇ | 26.09.2025 15:00 ਵਜੇ ਦੇ ਬਾਅਦ | www.ireps.gov.in |
| ਕੰਮ ਦੀ ਸਮਾਨ ਨੇਚਰ: (ਉਪਰੋਕਤ ਦੋਵੇਂ ਨਿਵਿਦਾ ਨੰ. 716-ਟੀ.ਆਰ.ਡੀ.-ਫਿਰੋਜਪੁਰ-2025-26 ਅਤੇ 717-ਟੀ.ਆਰ.ਡੀ.-ਫਿਰੋਜਪੁਰ-2025-26 ਦੇ ਲਈ): "50 ਹਟ੍ਜ, ਸਿੰਗਲ ਫੇਜ 25 ਕੇਵੀ ਏਸੀ ਓਐਚਈ ਦਾ ਡਿਜਾਈਨ, ਸਪਲਾਈ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ" (ਸੰਦਰਭ: Pr.CEE/NR ਦੇਪੱਤਰ ਨੰਬਰ 181-ਇਲੈਕਟ/ਟੀਆਰਡੀ/189/ ਭਾਗ II, ਮਿਤੀ 29.07.2021 ਨੂੰ ਓਐਚਈ ਕੰਮ ਦਾ ਲੜੀ ਨੰਬਰ 1.1). | | | | | | | | | |
| 3. | 718-ਟੀ.ਆਰ. ਡੀ.-ਫਿਰੋਜਪੁਰ-2025-26 | ਫਿਰੋਜਪੁਰ ਮੰਡਲ ਵਿਚ ADEN-I-ASR ਸੈਕਸ਼ਨ ਉਤੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਵਾਸ਼ਿੰਗ ਲਾਈਨ ਨੰਬਰ 4 ਅਤੇ ਸਿਕ ਲਾਈਨ/ ਏਸੀ ਪਿਟ ਦੇ ਸੁਧਾਰ ਦੇ ਸਬੰਧ ਵਿਚ ਟੀਆਰਡੀ ਕੰਮ | 40,10,829.18 | ਜੀਰੋ | 26.09.2025 15:00 ਵਜੇ ਤਕ | 80,200/- | 06 ਮਹੀਨੇ | 26.09.2025 15:00 ਵਜੇ ਦੇ ਬਾਅਦ | www.ireps.gov.in |

#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੇਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। ਨੰ.:716, 717 ਅਤੇ 718-ਟੀਆਰਡੀ-ਫਿਰੋਜਪੁਰ-2025-26 ਮਿਤੀ: 07.09.2025

2682/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

5 Sep Page 12.qxd 9/4/2025 10:53 PM Page 1



# ਗੁਰੂ ਬਿਨਾਂ ਗਿਆਨ ਕਹਾਂ, ਗਿਆਨ ਬਿਨਾਂ ਇਨਸਾਨ ਕਹਾਂ : ਮਨਿੰਦਰ ਸਿੰਘ ਭਾਟੀਆ

ਭਾਰਤ ਵਿੱਚ ਅਧਿਆਪਕ ਦਿਵਸ 5 ਸਤੰਬਰ ਨੂੰ ਡਾ. ਸਰਵਪੱਲੀ ਰਾਧਾਕ੍ਰਿਸ਼ਨਨ, ਉੱਘੇ ਦਾਰਸ਼ਨਿਕ, ਅਧਿਆਪਕ ਅਤੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਦੇ ਜਨਮ ਦਿਵਸ 'ਤੇ, ਮਨਾਇਆ ਜਾਂਦਾ ਹੈ । ਉਨ੍ਹਾਂ ਦਾ ਮੰਨਣਾ ਸੀ ਕਿ 'ਅਧਿਆਪਕ ਦੇਸ਼ ਦੇ ਸਭ ਤੋਂ ਵਧੀਆ ਦਿਮਾਗ ਹੋਣੇ ਚਾਹੀਦੇ ਹਨ' । ਉਨ੍ਹਾਂ ਦਾ ਸੰਦੇਸ਼ ਅੱਜ ਓਨਾ ਹੀ ਢੁਕਵਾਂ ਹੈ, ਜਿੰਨਾ ਦਹਾਕੇ ਪਹਿਲਾਂ ਸੀ । ਇੱਕ ਰਾਸ਼ਟਰ ਦੀ ਤਰੱਕੀ ਇਸ ਦੇ ਸਮਰਪਿਤ ਅਧਿਆਪਕਾਂ ਵੱਲੋਂ ਉਨ੍ਹਾਂ ਦੀਆਂ ਕਲਾਸਾਂ ਵਿੱਚ ਸ਼ੁਰੂ ਹੁੰਦੀ ਹੈ।

ਏ.ਐੱਸ. ਸੀਨੀਅਰ ਸੈਕੰਡਰੀ ਸਕੂਲ, ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ 1968 ਤੋਂ 1975 ਤੱਕ ਸਿੱਖਿਆ ਯਾਤਰਾ ਨੇ ਸਾਡੇ ਜੀਵਨ ਦੇ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਕੀਤੀ ਸੀ । ਸਧਾਰਨ ਕਲਾਸ ਰੂਮਾਂ ਅਤੇ ਸਮਰਪਿਤ ਅਧਿਆਪਕਾਂ ਦੇ ਨਾਲ ਉਸ ਸਮੇਂ ਉਨ੍ਹਾਂ ਕਦਰਾਂ-ਕੀਮਤਾਂ ਅਤੇ ਅਨੁਸ਼ਾਸਨ ਦੀ ਨੀਂਹ ਰੱਖੀ, ਜਿਨ੍ਹਾਂ ਲਈ ਇਹ ਸਕੂਲ ਅੱਜ ਵੀ ਜਾਣਿਆ ਜਾਂਦਾ ਹੈ ।

ਜਿਵੇਂ ਹੀ ਅਸੀਂ ਅਧਿਆਪਕ ਦਿਵਸ 2025 ਮਨਾਉਂਦੇ ਹਾਂ, ਅਸੀਂ ਉਹਨਾਂ ਅਧਿਆਪਕਾਂ ਨੂੰ ਸ਼ੁਕਰਗੁਜ਼ਾਰੀ ਨਾਲ ਯਾਦ ਕਰਦੇ ਹਾਂ, ਜਿਨ੍ਹਾਂ ਨੇ ਧੀਰਜ ਅਤੇ ਵਚਨਬੱਧਤਾ ਨਾਲ ਸਾਡੇ ਬਾਲ ਮਨਾਂ ਨੂੰ ਆਕਾਰ ਦਿੱਤਾ। ਉਨ੍ਹਾਂ ਦੀ ਵਿਰਾਸਤ ਅੱਜ ਵੀ ਅਧਿਆਪਕਾਂ ਦੀ ਅਗਵਾਈ ਕਰਦੀ ਹੈ, ਸਾਨੂੰ ਯਾਦ ਦਿਵਾਉਂਦੀ ਹੈ ਕਿ ਜਦੋਂ ਤਰੀਕੇ ਬਦਲਦੇ ਹਨ, ਤਾਂ ਸਿੱਖਿਆ ਦੀ ਭਾਵਨਾ ਸਦੀਵੀ ਰਹਿੰਦੀ ਹੈ।

ਉਸ ਸਮੇਂ ਜਿੰਨੇ ਵਿਦਿਆਰਥੀ ਖੰਨੇ ਵਿੱਚੋਂ ਸਕੂਲ ਵਿੱਚ ਪੜ੍ਹਨ ਆਉਂਦੇ ਸਨ, ਤਕਰੀਬਨ ਓਨੇ ਹੀ ਆਲੇ-ਦੁਆਲੇ ਦੇ ਪਿੰਡਾਂ ਵਿੱਚੋਂ ਜਿਵੇਂ ਕਿ ਛੋਟਾ ਖੰਨਾ, ਰਹਾਉਣ, ਬਾਹੋਮਾਜਰਾ, ਮੋਹਨਪੁਰ, ਇਕਲਾਹਾ, ਸਲਾਣਾ, ਅਮਲੋਹ, ਸੇਹ ਆਦਿ। ਭਾਵੇਂ ਉਸ ਵੇਲੇ ਦੇ ਬਹੁਤੇ ਵਿਦਿਆਰਥੀਆਂ ਦੇ ਮਾਪੇ ਆਰਥਿਕ ਪੱਖੋਂ ਕੋਈ ਜ਼ਿਆਦਾ ਤਕੜੇ ਨਹੀਂ ਸਨ, ਫਿਰ ਵੀ ਵਿਦਿਆਰਥੀਆਂ ਵਿੱਚ ਇੱਕ ਸੰਤੋਸ਼ ਦੀ ਭਾਵਨਾ ਹੁੰਦੀ ਸੀ । ਕੁਝ ਸਿੱਖਣ ਦੀ ਭੁੱਖ ਹੁੰਦੀ ਸੀ। ਮੈਨੂੰ ਯਾਦ ਹੈ ਕਿ ਬਹੁਤ ਸਾਰੇ ਸਾਡੇ ਦੋਸਤ ਦੁਪਹਿਰ ਦੀ ਰੋਟੀ ਪਰੌਂਠਿਆਂ ਦੇ ਰੂਪ ਵਿੱਚ ਅਚਾਰ ਦੇ ਨਾਲ ਲਿਆਉਂਦੇ ਸਨ ਅਤੇ ਅਸੀਂ ਇਕੱਠੇ ਬੈਠ ਕੇ ਖਾਂਦੇ ਸਾਂ।

ਹਰ ਰੋਜ਼ ਸਕੂਲ ਵਿਚ ਸਵੇਰ ਦੀ ਅਸੈਂਬਲੀ ਦੀ ਗੂੰਜ, ਨੋਟ ਬੁੱਕਾਂ ਦੀ ਗੂੰਜ ਅਤੇ ਅਧਿਆਪਕਾਂ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਦਿੱਤਾ ਜਾਣ ਵਾਲਾ ਨਿੱਘ ਤਾਜ਼ਾ ਹੋ ਜਾਂਦਾ ਸੀ। ਅਧਿਆਪਕ ਦਿਵਸ 'ਤੇ ਇਹ ਰੋਜ਼ਾਨਾ ਦਾ ਜਾਦੂ ਯਾਦ ਆਉਂਦਾ ਹੈ: ਅਸੀਂ ਉਨ੍ਹਾਂ ਉਸਤਾਦਾਂ ਦਾ ਧੰਨਵਾਦ ਕਰਦੇ ਹਾਂ, ਜੋ ਉਤਸੁਕਤਾ ਜਗਾਉਂਦੇ ਹਨ, ਕੰਬਦੇ ਹੱਥਾਂ ਨੂੰ ਸਥਿਰ ਕਰਦੇ ਹਨ ਅਤੇ ਸੰਭਾਵਨਾ ਨੂੰ ਉਦੇਸ਼ ਵਿੱਚ ਬਦਲਦੇ ਹਨ। ਉਹ ਸਫਾਈ ਮੁਹਿੰਮਾਂ, ਪੌਦੇ ਲਗਾਉਣ, ਸੜਕ ਸੁਰੱਖਿਆ ਅਤੇ ਸਮਾਜਿਕ ਜਾਗਰੂਕਤਾ ਵਿੱਚ ਵਿਦਿਆਰਥੀਆਂ ਦੀ ਅਗਵਾਈ ਵੀ ਕਰਦੇ ਅਤੇ ਗਿਆਨ ਨੂੰ ਸੇਵਾ ਵਿੱਚ ਬਦਲਣਾ ਸਿਖਾਉਂਦੇ। ਨਤੀਜੇ ਸਿਰਫ਼ ਮਾਰਕਸ਼ੀਟਾਂ ਵਿੱਚ ਹੀ ਨਹੀਂ, ਸਗੋਂ ਸ਼ਿਸ਼ਟਾਚਾਰ ਵਿੱਚ ਵੀ ਦਿਖਾਈ ਦਿੰਦੇ ਸਨ: ਉਹਨਾਂ ਵਿਦਿਆਰਥੀਆਂ ਵਿੱਚ ਜੋ ਸੁਣਦੇ ਸਨ, ਸਵਾਲ ਕਰਦੇ ਸਨ, ਸਹਿਯੋਗ ਕਰਦੇ ਸਨ ਅਤੇ ਅਗਵਾਈ ਕਰਦੇ ਸਨ ।



Sh. Madan Gopal Chopra
5-11-1949 - 14-10-1974



ਭਾਵੇਂ ਸਕੂਲ ਦੇ ਵਿਦਿਆਰਥੀ ਸਾਰੇ ਅਧਿਆਪਕਾਂ ਦਾ ਸਨਮਾਨ ਕਰਦੇ ਸਨ, ਪਰ ਸਭ ਤੋਂ ਵੱਧ ਸਨਮਾਨ ਉਸ ਵੇਲੇ ਦੇ ਪ੍ਰਿੰਸੀਪਲ ਮਦਨ ਗੋਪਾਲ ਚੋਪੜਾ ਜੀ ਦਾ ਕਰਦੇ ਸਨ, ਜੋ 25 ਸਾਲ ਤੱਕ (5.11.1949 ਤੋਂ 14.10.1974) ਸਕੂਲ ਦੇ ਪ੍ਰਿੰਸੀਪਲ ਰਹੇ ਅਤੇ ਜਿਨ੍ਹਾਂ ਦੇ ਵੇਲੇ ਇਹ ਸਕੂਲ ਪੰਜਾਬ ਵਿੱਚ ਉਪਰਲੇ ਤਿੰਨ-ਚਾਰ ਸਕੂਲਾਂ ਵਿੱਚੋਂ ਇੱਕ ਹੁੰਦਾ ਸੀ। ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਇੱਥੋਂ ਦੇ ਵਿਦਿਆਰਥੀਆਂ ਦੀਆਂ ਪਹਿਲੀਆਂ ਪੁਜ਼ੀਸ਼ਨਾਂ ਆਉਂਦੀਆਂ ਸਨ ਅਤੇ ਬਹੁਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਬੋਰਡ ਦੀਆਂ ਕਲਾਸਾਂ ਵਿੱਚ ਮੈਰਿਟ 'ਤੇ ਆਉਂਦੇ ਸਨ । ਸ੍ਰੀ ਮਦਨ ਗੋਪਾਲ ਚੋਪੜਾ ਜੀ ਤੋਂ ਬਾਅਦ ਸ੍ਰੀ ਰਿਖੀ ਰਾਮ ਸ਼ਰਮਾ ਜੀ 15.10.1974 ਤੋਂ ਪ੍ਰਿੰਸੀਪਲ ਬਣੇ।

ਮਾਸਟਰ ਵਿਨੋਦ ਕਪਿਲਾ ਅਤੇ ਲਾਜਪਤ ਰਾਏ ਜੀ ਵਾਈਸ ਪ੍ਰਿੰਸੀਪਲ ਸਨ, ਮਾਸਟਰ ਅਵਿਨਾਸ਼ ਚੰਦਰ ਅਤੇ ਮਾਸਟਰ ਨਰੇਸ਼ ਚੰਦ ਵੀ ਬਾਅਦ ਵਿਚ ਸਕੂਲ ਦੇ ਪ੍ਰਿੰਸੀਪਲ ਬਣੇ।

ਮਾਸਟਰ ਹੇਮ ਰਾਜ, ਮਾਸਟਰ ਸੋਮ ਨਾਥ- ਹਿੰਦੀ- ਸਾਹਿਤ ਅਤੇ ਸੰਸਕ੍ਰਿਤ, ਰਾਮ ਸਰੂਪ ਚੋਪੜਾ, ਮਾਸਟਰ ਗੁਰਮੀਤ ਸਿੰਘ, ਮਾਸਟਰ ਹਰਦਵਾਰੀ ਲਾਲ-ਹਿੰਦੀ, ਮਾਸਟਰ ਵਾਸੂਦੇਵ- ਸੰਸਕ੍ਰਿਤ, ਮਾਸਟਰ ਤਿਲਕ ਰਾਜ-ਹਿੰਦੀ, ਮੈਡਮ ਗੋਪਾਲ ਸ਼ਰਮਾ, ਅਵਿਨਾਸ਼ ਚੰਦਰ, ਮਾਸਟਰ ਨਰੇਸ਼ ਨੌਹਰੀਆ, ਮਾਸਟਰ ਓ.ਪੀ. ਟੱਕਿਆਰ, ਮਾਸਟਰ ਮਹਿੰਦਰ ਪਾਲ-ਗਣਿਤ, ਮਾਸਟਰ ਓਮ ਪ੍ਰਕਾਸ਼ ਨੌਹਰੀਆ- ਗਣਿਤ, ਮਾਸਟਰ ਜੋਗਿੰਦਰ ਸਿੰਘ-ਪੰਜਾਬੀ, ਮਾਸਟਰ ਬਚਨ ਸਿੰਘ ਅਤੇ ਮਾਸਟਰ ਨਿਰਮਲ ਸਿੰਘ- ਪੀ.ਟੀ, ਮਾਸਟਰ ਓ.ਪੀ. ਵਰਮਾ- ਵਾਲੀਬਾਲ, ਮਾਸਟਰ ਜੋਗਿੰਦਰ ਪਾਲ ਗੁਪਤਾ-ਅੰਗਰੇਜ਼ੀ, ਮਾਸਟਰ ਮੁਖਤਿਆਰ ਸਿੰਘ ਸਿੱਧੂ ਸਟੈਨੋ ਅਤੇ ਐੱਨ ਸੀ ਸੀ ਏਅਰ ਵਿੰਗ ਦੇ ਇੰਚਾਰਜ, ਮਾਸਟਰ ਉਜਾਗਰ ਸਿੰਘ, ਮਾਸਟਰ ਸੁਰਜੀਤ ਸਿੰਘ ਅਤੇ ਮਾਸਟਰ ਤਰਲੋਚਨ ਸਿੰਘ ਖੰਗੂੜਾ, ਮਾਸਟਰ ਗੁਰਦਿਆਲ ਸਿੰਘ, ਮਾਸਟਰ ਐਮ.ਐਲ. ਕੰਡਾ, ਮਾਸਟਰ ਮੰਗਤ ਰਾਏ, ਮਾਸਟਰ ਹਰਦਵਾਰੀ ਲਾਲ, ਮਾਸਟਰ ਤਿਲਕ ਰਾਜ, ਮਾਸਟਰ ਰਾਮ ਨਾਥ, ਮਾਸਟਰ ਖੈਰਤੀ ਲਾਲ (ਸੀਨੀਅਰ) ਅਤੇ ਜੂਨੀਅਰ, ਮਾਸਟਰ ਕਮਲ ਕੁਮਾਰ ਸ਼ਰਮਾ- ਇਤਿਹਾਸ ਤੇ ਹਿੰਦੀ (ਲੁਧਿਆਣਾ ਵਾਲੇ), ਮਾਸਟਰ ਰਾਮ ਦਾਸ ਜੀ (ਬਾਅਦ ਵਿਚ ਇਕ ਹੋਰ ਸਰਕਾਰੀ ਸਕੂਲ ਵਿਚ ਪ੍ਰਿੰਸੀਪਲ ਬਣੇ), ਮਾਸਟਰ ਦੇਸ ਰਾਜ, ਮਾਸਟਰ ਰੁਲਾ ਰਾਮ-ਅੰਗਰੇਜ਼ੀ/ਹਿੰਦੀ ਅਤੇ ਹਾਕੀ ਕੋਚ, ਮਾਸਟਰ ਮਦਨ ਲਾਲ, ਪੀ ਟੀ ਆਈ ਮਾਸਟਰ ਕਰਨੈਲ ਸਿੰਘ ਅਤੇ ਪ੍ਰੇਮ ਸਿੰਘ, ਮਾਸਟਰ ਧਰਮਪਾਲ ਗਰਗ, ਮਾਸਟਰ ਹਰੀ ਓਮ, ਮਾਸਟਰ ਵਿਜੇ ਮੋਹਨ ਭਾਂਬਰੀ, ਮਾਸਟਰ ਸਤਪਾਲ ਮੈਨਰੋ, ਮਾਸਟਰ ਦੇਸ ਰਾਜ ਨੇ 5ਵੀਂ 'ਚ ਗਣਿਤ ਪੜ੍ਹਾਇਆ, ਮਾਸਟਰ ਸ੍ਰੀ ਵੇਦ ਪ੍ਰਕਾਸ਼ ਨੇ 5ਵੀਂ 'ਚ ਹਿੰਦੀ ਪੜ੍ਹਾਈ, ਮਾਸਟਰ ਸ਼ਿਵ ਪ੍ਰਕਾਸ਼ ਜਿਨ੍ਹਾਂ ਨੇ 5ਵੀਂ ਜਮਾਤ ਵਿੱਚ ਦੇ ਬੀ ਸੀ ਪੜ੍ਹਾਈ, ਮਾਸਟਰ ਸਤ ਪਾਲ ਵਰਮਾ, ਮਾਸਟਰ ਸਾਧੂ ਰਾਮ-ਡਰਾਇੰਗ, ਮਾਸਟਰ ਬਚਨਾ ਰਾਮ, ਮਾਸਟਰ ਐੱਨ ਕੇ ਵਰਮਾ, ਮਾਸਟਰ ਜਤਿੰਦਰ ਕੁਮਾਰ, ਮਾਸਟਰ ਮੇਹਰ ਸਿੰਘ, ਮਾਸਟਰ ਹਰੀ ਓਮ, ਮਾਸਟਰ ਅਜੀਤ ਕੁਮਾਰ-ਭੌਤਿਕ ਵਿਗਿਆਨ (ਕੁਝ ਸਮੇਂ ਬਾਅਦ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ), ਡਰਾਇੰਗ ਮਾਸਟਰ ਗੁਰਚਰਨ ਸਿੰਘ, ਪੰਜਾਬੀ ਮਾਸਟਰ ਕਰਮ ਸਿੰਘ, ਮਾਸਟਰ ਧਰਮ ਪਾਲ ਅੰਗਰੇਜ਼ੀ, ਮਾਸਟਰ ਤਰਲੋਚਨ ਸਿੰਘ ਗਿੱਲ, ਮਾਸਟਰ ਭੋਲਾ ਨਾਥ ਮੈਥ ਪੜ੍ਹਾਉਂਦੇ ਵਿਚ ਨਿਸ਼ਠਾ ਦੀ ਇਕ ਮਿਸਾਲ ਸਨ । ਉਹ ਇਕ-ਇਕ ਸਵਾਲ ਬਲੈਕ ਬੋਰਡ 'ਤੇ ਹੱਲ ਕਰਦੇ ਸਨ । ਸਕੂਲ ਵਿੱਚ ਬੇਟਾ ਅਤੇ ਬਾਪ ਦੋਵਾਂ ਦੇ ਇੱਕੋ ਸਮੇਂ ਅਧਿਆਪਕ ਹੋਣ ਦੀਆਂ ਮਿਸਾਲਾਂ ਵੀ ਮਿਲਦੀਆਂ ਹਨ, ਜਿਵੇਂ ਕਿ ਮਾਸਟਰ ਅਯੁੱਧਿਆ ਪ੍ਰਕਾਸ਼ ਅਤੇ ਮਾਸਟਰ ਨਰੇਸ਼ ਚੰਦ ਖੰਨਾ, ਵੀ ਪੀ ਕਪੂਰ-ਫਿਜਿਕਸ ਅਤੇ ਮਾਸਟਰ ਹੇਮਰਾਜ- ਸਿੰਪਲ ਮੈਥ ਪੜ੍ਹਾਉਂਦੇ ਸਨ ।ਮਾਸਟਰ ਕ੍ਰਿਸ਼ਨ ਕੁਮਾਰ ਸ਼ਰਮਾ ਜੀ 1972 ਵਿਚ ਸਾਡੇ ਸਕੂਲ ਵਿੱਚ ਆਏ ਸਨ । ਉਹਨਾਂ ਨੇ ਅਧਿਆਪਕ-ਵਿਦਿਆਰਥੀ ਸੰਬੰਧਾਂ ਵਿਚ ਇਕ ਨਵਾਂ ਅਧਿਆਏ ਸ਼ੁਰੂ ਕੀਤਾ। ਬਾਅਦ ਵਿਚ ਸਕੂਲ ਦੇ ਪ੍ਰਿੰਸੀਪਲ ਵੀ ਬਣੇ। ਪੰਜਾਬੀ ਪੜ੍ਹਾਉਣ ਦੇ ਨਾਲ-ਨਾਲ ਉਹ ਵਾਲੀਬਾਲ ਦੇ ਬਹੁਤ ਵਧੀਆ ਕੋਚ ਸਨ । ਉਹਨਾਂ ਦੇ ਯਤਨਾਂ ਸਦਕਾ ਹੀ ਸਕੂਲ ਦੀ ਵਾਲੀਬਾਲ ਦੀ ਟੀਮ ਸੂਬਾ ਪੱਧਰ ਤੇ ਹੀ ਨਹੀਂ ਸਗੋਂ ਕੌਮੀ ਪੱਧਰ 'ਤੇ ਵੀ ਪ੍ਰਸਿੱਧੀ ਪ੍ਰਾਪਤ ਸੀ।

ਅਧਿਆਪਕਾਂ ਦੀ ਭਾਵਨਾ ਵਿਦਿਆਰਥੀਆਂ ਦਾ ਨਵੀਂ ਪੀੜ੍ਹੀ ਵਜੋਂ ਨਿਰਮਾਣ ਕਰਨਾ ਸੀ, ਨਾ ਕਿ ਅੰਕ ਵਾਂਗ ਗਿਣਤੇ ਵਧਾਰਕ ਸਨ। ਸੀਮਤ ਸਹੂਲਤਾਂ ਦੇ ਬਾਵਜੂਦ ਅਤੇ ਮਾਪਿਆਂ ਵਿੱਚ ਸਾਖਰਤਾ ਦਾ ਘੱਟ ਹੋਣ ਦੇ ਬਾਵਜੂਦ ਬਹੁਤ ਸਾਰੇ ਪ੍ਰਤਿਭਾਸ਼ਾਲੀ ਵਿਦਿਆਰਥੀ ਚੰਗੀਆਂ ਮਨੁੱਖੀ ਕਦਰਾਂ-ਕੀਮਤਾਂ ਵਾਲੇ ਸਨ । ਬਹੁਤੀਆਂ ਉੱਚੀਆਂ ਤਨਖਾਹਾਂ ਵੀ ਨਹੀਂ ਸਨ, ਇੱਥੋਂ ਤੱਕ ਕਿ ਕੋਈ ਪੈਨਸ਼ਨ ਸਕੀਮ ਵੀ ਨਹੀਂ ਸੀ, ਇਹ ਅਧਿਆਪਕਾਂ ਦੇ ਅੰਦਰ ਨੌਕਰੀ ਪ੍ਰਤੀ ਜੋਸ਼ ਅਤੇ ਸੇਵਾ ਦੇ ਮੁਖੀ ਦੁਆਰਾ ਮਨੁੱਖੀ ਤਰੀਕਿਆਂ ਦੇ ਚੰਗੇ ਪ੍ਰਬੰਧਨ ਦਾ ਨਤੀਜਾ ਸੀ, ਜਿਸ ਨੇ ਸਾਡੇ ਅਦਾਰਿਆਂ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਅਤੇ ਦੇਸ਼ ਭਗਤੀ ਦਾ ਜੋਸ਼ ਪੈਦਾ ਕੀਤਾ ਜੋ ਅਦਾਰਿਆਂ ਦੀ ਆਤਮਾ ਸੀ।

ਸਾਡੇ ਸਤਿਕਾਰਯੋਗ ਅਧਿਆਪਕਾਂ ਵਿੱਚ ਇੱਕ ਸ੍ਰੀ ਓਮ ਪ੍ਰਕਾਸ਼ ਸ਼ਰਮਾ ਜੀ ਕਾਮਰਸ ਅਧਿਆਪਕ ਸਨ ਅਤੇ ਐੱਨ ਸੀ ਸੀ ਦੇ ਆਰਮੀ ਵਿੰਗ ਦੇ ਇੰਚਾਰਜ ਸਨ, ਜੋ ਅੰਬਾਲਾ ਵਿੱਚ ਸੇਵਾਮੁਕਤ ਜੀਵਨ ਬਤੀਤ ਕਰ ਰਹੇ ਹਨ।ਮਾਸਟਰ ਸੁਰਜੀਤ ਸਿੰਘ ਬੈਡਮਿੰਟਨ ਦੇ ਕੋਚ ਸਨ।

ਵੈਸੇ ਤਾਂ ਹਰ ਬੈਚ ਵਿੱਚ ਹੀ ਸਕੂਲ ਦੇ ਵਿਦਿਆਰਥੀ ਪਹਿਲੀਆਂ ਪੁਜ਼ੀਸ਼ਨਾਂ ਆਉਂਦੇ ਅਤੇ ਮੈਰਿਟ 'ਤੇ ਆਏ, ਪਰ 1974 ਦਸਵੀਂ ਤੇ 75 ਗਿਆਰ੍ਹਵੀਂ ਦਾ ਬੈਚ ਅਜੇ ਤੱਕ ਨਹੀਂ ਭੁੱਲਦਾ, ਜਦੋਂ 10ਵੀਂ ਵਿੱਚ 1974 ਵਿੱਚ ਸੁਧੀਰ ਘਈ ਪੰਜਾਬ ਵਿਚ ਤੀਜੇ ਅਤੇ ਜਗਦੀਸ਼ ਘਈ ਪੰਜਾਬ ਵਿੱਚ 7ਵੇਂ ਸਥਾਨ 'ਤੇ ਸੀ। ਦਸਵੀਂ ਕਾਮਰਸ 1974 ਵਿੱਚ ਲਖਮੀਰ ਸਿੰਘ ਪੰਜਾਬ ਵਿੱਚ ਪਹਿਲੇ ਨੰਬਰ 'ਤੇ ਆਇਆ । 11ਵੀਂ ਵਿੱਚ 1975 ? ਵਿੱਚ ਸੁਧੀਰ ਘਈ ਨਾਨ ਮੈਡੀਕਲ ਪੰਜਾਬ ਵਿੱਚ ਪਹਿਲੇ ਅਤੇ ਜਗਦੀਸ਼ ਘਈ ਪੰਜਾਬ ਵਿੱਚ 5ਵੇਂ ਸਥਾਨ 'ਤੇ ਸੀ । ਇਸੇ ਤਰ੍ਹਾਂ ਮੈਡੀਕਲ ਸਟਰੀਮ ਵਿੱਚ ਰਵਿੰਦਰ ਕੁਮਾਰ ਅਰੋੜਾ ਟੌਪਰ ਸੀ। ਜ਼ਿਲ੍ਹਾ ਪੱਧਰ 'ਤੇ 10ਵੀਂ ਅਤੇ 11ਵੀਂ ਦੋਵਾਂ ਵਿੱਚ ਸੁਧੀਰ ਘਈ ਅਤੇ ਜਗਦੀਸ਼ ਘਈ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਸਨ । ਇਹਨਾਂ ਅਧਿਆਪਕਾਂ ਦੇ ਪੜ੍ਹਾਏ ਹੋਏ ਵਿਦਿਆਰਥੀਆਂ ਵਿੱਚੋਂ ਕਈ ਆਈ ਏ ਐੱਸ, ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਸੀ ਏ, ਅਧਿਆਪਕ, ਬੈਂਕ ਜਾਂ ਹੋਰ ਸਰਕਾਰੀ ਦਫਤਰਾਂ ਵਿੱਚ ਕਰਮਚਾਰੀ ਤੇ ਅਫ਼ਸਰ ਲੱਗੇ ਸਨ। ਕਈਆਂ ਨੇ ਆਪਣੇ ਕਾਰੋਬਾਰ ਸ਼ੁਰੂ ਕੀਤੇ ਅਤੇ ਕਾਮਯਾਬ ਉੱਚਾਈ ਬਣੇ । ਕੁਝ ਸਾਡੇ ਦੋਸਤ ਸਮਾਜ ਸੇਵਾ ਅਤੇ ਰਾਜਨੀਤੀ ਦੇ ਖੇਤਰ ਵਿੱਚ ਵੀ ਸਰਗਰਮ ਹਨ।

ਸਾਡਾ ਇਕ ਦੋਸਤ ਅਵਿਨਾਸ਼ ਸਿੰਘ ਛੌਕਰ, ਜਿਸ ਨੇ ਪਹਿਲਾਂ ਐਮ ਬੀ ਬੀ ਐੱਸ ਕੀਤੀ ਅਤੇ ਬਾਅਦ ਵਿੱਚ ਆਈ ਏ ਐੱਸ ਕੀਤੀ, ਉਹ ਪੰਜਾਬ ਦੇ ਸੈਕਟਰੀ ਪੱਧਰ ਤੱਕ ਪਹੁੰਚਿਆ।

ਖੇਡਾਂ ਵਿੱਚ ਵੀ ਉਸ ਵੇਲੇ ਦੇ ਬਹੁਤ ਸਾਰੇ ਹੋਣਹਾਰ ਵਿਦਿਆਰਥੀਆਂ ਨੇ ਨਾਮਣਾ ਖੱਟਿਆ ਅਤੇ ਸਕੂਲ ਦਾ ਨਾਂਅ ਜ਼ਿਲ੍ਹਾ, ਸੂਬਾ ਅਤੇ ਦੇਸ਼ ਪੱਧਰ ਤੱਕ ਰੌਸ਼ਨ ਕੀਤਾ। 1972 ਵਿੱਚ ਸਕੂਲ ਵਿੱਚ ਖੋ-ਖੋ ਦੀ ਟੀਮ ਬਣੀ ਸੀ ਤੇ ਮੈਨੂੰ ਯਾਦ ਹੈ ਕਿ ਅੰਤਰ-ਜ਼ਿਲ੍ਹਾ ਦੇ ਸੈਸ਼ਨ ਵਿੱਚ 12 ਵਿੱਚੋਂ 9 ਖਿਡਾਰੀ ਸਿਲੈਕਟ ਹੋਏ ਸਨ । ਕੁਝ ਨਾਂਅ ਮੈਨੂੰ ਯਾਦ ਹਨ- ਛੋਟੇ ਖੰਨੇ ਤੋਂ ਦਰਸ਼ਨ ਸਿੰਘ ਤੇ ਤਰਲੋਕ ਨਾਥ, ਗੁਲਜ਼ਾਰ ਤੋਂ ਪ੍ਰੀਤਮ ਸਿੰਘ ਤੇ ਮੇਹਰ ਸਿੰਘ ਆਦਿ ਤੇ ਮੈਂ ਵੀ ਉਸ ਟੀਮ ਵਿੱਚ ਸ਼ਾਮਲ ਸੀ । ਅਸੀਂ 1973 ਵਿੱਚ ਸੂਬਾ ਪੱਧਰ ਵਿਚੋਂ ਜੇਤੂ ਹੋਇਆ ਸੀ ਜ਼ਿਲ੍ਹਾ ਖੰਨਾ ਵਿੱਚ ਖੋ-ਖੋ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ।

ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਸਭ ਗੁਰੂ ਸਾਡੀ ਤਾਕਤ ਹਨ । ਉਹਨਾਂ ਨੇ ਹੀ ਸਾਡੇ ਸੁਪਨਿਆਂ ਨੂੰ ਉਡਾਣ ਦਿੱਤੀ। ਅੱਜ ਅਸੀਂ ਜੋ ਵੀ ਹਾਂ, ਉਨ੍ਹਾਂ ਦੀ ਸਖ਼ਤ ਮਿਹਨਤ, ਸੱਚਾਈ ਤੇ ਮਮਤਾ ਲਈ ਧੰਨਵਾਦ ਕਰਦੇ ਹਾਂ ।

ਅਸੀਂ ਆਪਣੇ ਸਤਿਕਾਰਯੋਗ ਅਧਿਆਪਕਾਂ, ਖਾਸ ਕਰਕੇ ਪ੍ਰਿੰਸੀਪਲ ਮਦਨ ਗੋਪਾਲ ਚੋਪੜਾ ਜੀ ਵਰਗੀ ਸ਼ਖਸੀਅਤ ਦੇ ਧੰਨਵਾਦੀ ਹਾਂ, ਉਨ੍ਹਾਂ ਦੇ ਸਮਰਪਣ ਅਤੇ ਮਾਰਗਦਰਸ਼ਨ ਦੇ, ਜਿਨ੍ਹਾਂ ਨੇ ਸਾਡੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਅੱਜ 50 ਸਾਲ ਬਾਅਦ ਸਾਡੇ ਗੁਰੂਆਂ ਦਾ ਸਨਮਾਨ ਸਾਡੇ ਦਿਲਾਂ 'ਚ ਪਹਿਲਾਂ ਨਾਲੋਂ ਵੀ ਜ਼ਿਆਦਾ ਹੈ।

ਅਧਿਆਪਕ ਦਿਵਸ ਮੁਬਾਰਕ!

(ਲੇਖਕ ਏ ਐੱਸ ਸੀਨੀਅਰ ਸੈਕੰਡਰੀ (ਉਦੋਂ ਹਾਇਰ ਸੈਕੰਡਰੀ ਸੀ) ਸਕੂਲ, ਖੰਨਾ ਦਾ 1968 ਤੋਂ 1974 ਤੱਕ ਦਾ ਵਿਦਿਆਰਥੀ ਹੈ ਅਤੇ ਪੰਜਵੀਂ, ਅੱਠਵੀਂ ਅਤੇ ਦਸਵੀਂ ਵਿੱਚ ਮੈਰਿਟ ਲਿਸਟ 'ਤੇ ਆਇਆ ਸੀ)

# ਸੰਪਰਕ : 91 99884-91002

## ਜਨਮ ਦਿਨ ਮੁਬਾਰਕ



ਅਨਮੋਲ ਸਿੰਘ
ਕਪੂਰਥਲਾ



ਗੈਰੀ ਸ਼ਰਮਾ



ਦੈਵਿਕ ਧੀਰ
ਰਾਮਪੁਰਾ ਫੂਲ

## ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ

**ਭਲਾਣ (ਹਰਭਜਨ ਸਿੰਘ ਢਿੱਲੋਂ)-** ਸਾਬਕਾ ਸਪੀਕਰ ਰਾਣਾ ਕੇ.ਪੀ ਸਿੰਘ ਨੇ ਹੜ੍ਹ ਪ੍ਰਭਾਵਿਤ ਪਿੰਡ ਬੇਲਾ ਧਿਆਨੀ, ਪਲਾਸੀ, ਭਨਾਮ, ਭਲਾਣ ਆਦਿ ਵਿੱਚ ਪਹੁੰਚ ਕੇ ਲੋਕਾਂ ਦਾ ਹਾਲ ਜਾਣਿਆ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਅਜਿਹੀ ਕੁਦਰਤੀ ਮਾਰ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨਾ ਕਾਫੀ ਮੁਸ਼ਕਿਲ ਹੈ। ਉਨਾਂ ਪੀੜ੍ਹਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਬਰਸਾਤੀ ਪਾਣੀ ਦੇ ਨਾਲ ਹਰ ਸਾਲ ਹੋਣ ਵਾਲੇ ਨੁਕਸਾਨ ਦਾ ਪੱਕਾ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨਾਲ ਰਾਜ ਕੁਮਾਰ ਰਾਜੂ, ਸੋਨੂੰ ਰਾਣਾ ਨਾਨਗਰਾਂ, ਸਰਪੰਚ ਨਾਜਰ ਸਿੰਘ, ਡਾ. ਚਮਨ ਲਾਲ, ਕਮਲਜੀਤ ਭੱਲੜੀ, ਸਰਬਣ ਸਿੰਘ ਭੱਠਲ, ਗਿਰਧਾਰੀ ਲਾਲ, ਵਿੱਕੀ ਸਰਪੰਚ ਪਲਾਸੀ, ਸੁਰੇਸ਼ ਕੁਮਾਰ ਰਿੰਕਾ, ਗੁਰਚਰਨ ਸਿੰਘ ਸੋਢੀ ਸਰਪੰਚ, ਕਿਸਾਨ ਆਗੂ ਓਂਕਾਰ ਸਿੰਘ ਭੋਡਾ, ਜੋਗਿੰਦਰ ਸਿੰਘ ਜਿੰਦੂ, ਰਣਵੀਰ ਸਿੰਘ ਅਟਵਾਲ, ਸੰਦੀਪ ਕੁਮਾਰ ਸ਼ਰਮਾ, ਅਸ਼ਵਨੀ ਕੁਮਾਰ ਸ਼ਰਮਾ, ਡਾ. ਕਿਸ਼ੋਰ ਚੰਦ, ਸੁਰਜੀਤ ਸਿੰਘ ਰਾਣਾ ਆਦਿ ਹਾਜ਼ਰ ਸਨ।



## ਮੀਂਹ ਕਾਰਨ ਘਰ ਦੀ ਛੱਤ ਡਿੱਗੀ

**ਅਲਾਵਲਪੁਰ (ਮਦਨ ਬੰਗੜ)-** ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਕਾਰਨ ਜਿੱਥੇ ਕਸਬਾ ਅਲਾਵਲਪੁਰ ਦੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਗਿਆ ਹੈ। ਉੱਥੇ ਹੀ ਅਲਾਵਲਪੁਰ ਦੇ ਕਈ ਰਸਤੇ ਪਾਣੀ ਵਿੱਚ ਡੁੱਬਣ ਕਾਰਨ ਲੋਕਾਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪਿਆ। ਬੀਤੇ ਦਿਨ ਸਵੇਰ ਸਮੇਂ ਸ਼ੁਰੂ ਹੋਏ ਮੀਹ ਦੌਰਾਨ ਇੱਕ ਮਕਾਨ ਦੀ ਛੱਤ ਡਿੱਗਣ ਦਾ ਸਮਾਂਚਾਰ ਵੀ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਪਰਮਿੰਦਰ ਕੌਰ (ਨੇੜੇ ਗੀਤਾ ਭਵਨ ਵਾਰਡ ਨੰ:- 8, ਅਲਾਵਲਪੁਰ) ਨੇ ਦੱਸਿਆ ਕਿ ਸਵੇਰ ਸਮੇਂ ਤੋਂ ਹੀ ਪੈ ਰਹੇ ਭਾਰੀ ਮੀਂਹ ਦੌਰਾਨ ਉਹ ਕਮਰੇ ਵਿੱਚ ਬੈਠੀ ਸੀ।ਜਦੋਂ 11 ਕੁ ਵਜੇ ਦੇ ਕਰੀਬ ਮੀਂਹ ਹਟਿਆ ਤਾਂ ਉਹ ਜਦੋਂ ਕਮਰੇ ਦੇ ਵਿੱਚੋਂ ਬਾਹਰ ਨਿਕਲੀ ਤਾਂ ਇੱਕਦਮ ਘਰ ਦੀ ਛੱਤ ਡਿੱਗ ਪਈ।ਜਿਸ ਕਾਰਨ ਘਰ ਦੇ ਵਿੱਚ ਪਿਆ ਹੋਇਆ ਸਾਰਾ ਕੀਮਤੀ ਘਰੇਲੂ ਸਮਾਨ ਛੱਤ ਦੇ ਮਲਬੇ ਹੇਠ ਦੱਬਿਆ ਗਿਆ।ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਨਗਰ ਕੌਂਸਲ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਕਾਰਜ ਸਾਧਕ ਅਧਿਕਾਰੀ ਰਾਮਜੀਤ ਵੱਲੋਂ ਵੀ ਮੌਕਾ ਵੇਖਿਆ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਹ ਕਾਰਨ ਅਲਾਵਲਪੁਰ ਦੇ ਠੱਠੀ ਮਹੱਲਾ ਵਿੱਚ ਵੀ ਕਈ ਮਕਾਨ ਪਾਣੀ ਦੇ ਵਿੱਚ ਘਿਰੇ ਹੋਏ ਹਨ।ਮੀਂਹ ਦਾ ਪਾਣੀ ਛੱਪੜਾਂ ਵਿੱਚ ਜਮਾ ਹੋ ਕੇ ਓਵਰਫਲੋ ਹੋਣ ਤੋਂ ਬਾਅਦ ਨੇੜੇ ਦੇ ਰਸਤਿਆਂ ਅਤੇ ਸੜਕਾਂ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ।ਪਿਛਲੇ ਕਈ ਦਿਨਾਂ ਤੋਂ ਅਲਾਵਲਪੁਰ ਤੋਂ ਬਿਆਸ ਪਿੰਡ ਵਾਲੀ ਸੜਕ ਵਿੱਚ ਲਗਭਗ ਦੋ ਫੁੱਟ ਪਾਣੀ ਜਮ੍ਹਾਂ ਹੋਣ ਕਾਰਨ ਅਲਾਵਲਪੁਰ ਬਿਆਸ ਪਿੰਡ ਦਾ ਲਿੰਕ ਟੁੱਟਾ ਹਇਆ ਹੈ।



## ਲੋਕ ਅਫ਼ਵਾਹਾਂ ਤੋਂ ਸੁਚੇਤ ਰਹਿਣ : ਸੰਤੋਸ਼ ਕਟਾਰੀਆ



**ਬਲਾਚੌਰ (ਜਸਵਿੰਦਰ ਬੈਂਸ)** ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਔਲੀਆਪੁਰ ਵਿਖੇ ਸਤਲੁਜ ਬੰਨ੍ਹ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਮੌਜੂਦਾ ਸਮੇਂ ਪਾਣੀ ਦਾ ਪੱਧਰ 65,000 ਕਿਊਸਿਕ ਹੈ ਅਤੇ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ।ਉਨ੍ਹਾਂ ਦੱਸਿਆ ਕਿ ਦੇਰ ਰਾਤ ਔਲੀਆਪੁਰ ਵਿਖੇ ਬੰਨ੍ਹ ਨੂੰ ਥੋੜੀ ਢਾਅ ਲੱਗੀ ਸੀ, ਜਿਸਨੂੰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਮੇਂ ਸਿਰ ਰੋਕ ਲਿਆ ਗਿਆ ਅਤੇ ਬੰਨ੍ਹ ਦੀ ਮਜ਼ਬੂਤੀ ਦਾ ਕੰਮ ਲਗਾਤਾਰ ਜਾਰੀ ਹੈ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿਚ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਸਮੇਤ ਪਿੰਡਾਂ ਦੇ ਵਸਨੀਕਾਂ ਵੱਲੋਂ ਲਗਾਤਾਰ ਕੰਮ ਕਰਦਿਆਂ ਬੰਨ੍ਹ ਨੂੰ ਠੀਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਭਾਰਤੀ ਫ਼ੌਜ ਨਾਲ ਵੀ ਰਾਬਤਾ ਕੀਤਾ ਜਾ ਚੁੱਕਾ ਹੈ ਅਤੇ ਜੇਕਰ ਭਵਿੱਖ ਵਿਚ ਲੋੜ ਪੈਂਦੀ ਹੈ ਤਾਂ ਫੌਜ ਦੀਆਂ ਸੇਵਾਵਾਂ ਵੀ ਲਈਆਂ ਜਾਣਗੀਆਂ। ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਤੋਂ ਸੁਚੇਤ ਰਹਿਣ।ਇਸ ਮੌਕੇ ਐਸ ਐਸ ਪੀ ਡਾ, ਮਹਿਤਾਬ ਸਿੰਘ, ਐੱਸ ਡੀ ਐਮ ਕ੍ਰਿਤੀਕਾ ਗੋਇਲ, ਸੁਖਬੀਰ ਕੌਰ ਤਹਿਸੀਲਦਾਰ ਬਲਾਚੌਰ, ਰਨਵੀਰ ਸਿੰਘ ਬਲਾਕ ਪ੍ਰਧਾਨ, ਸੰਤੋਖ ਸਿੰਘ ਸ਼ਿਵਾਲਿਕ, ਜਸਵਿੰਦਰ ਸਿਆਨ ਤੇ ਪਿੰਡ ਵਾਸੀ ਆਦਿ ਹਾਜ਼ਰ ਸਨ।

## ਮੇਹਰ ਚੰਦ ਪਾਲੀਟੈਕਨਿਕ ਕਾਲਜ ਵੱਲੋਂ ਰਾਸ਼ਟਰੀ ਖੇਡ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)** ਮੇਹਰ ਚੰਦ ਪਾਲੀਟੈਕਨਿਕ ਕਾਲਜ ਵੱਲੋਂ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਗਵਾਈ ਹੇਠ ਰਾਸ਼ਟਰੀ ਖੇਡ ਦਿਵਸ ਖੇਲੋ ਇੰਡੀਆ ਦੇ ਨਾਮ ਅਧੀਨ ਮਨਾਇਆ ਗਿਆ।ਇਸ ਮੌਕੇ ਸਪੋਰਟਸ ਪ੍ਰਧਾਨ ਵਿਕਰਮਜੀਤ ਸਿੰਘ ਸੰਘੋਤਰਾ ਦੀ ਸਹਾਇਤਾ ਨਾਲ ਸਟਾਫ ਮੈਂਬਰਾਂ ਲਈ ਮਨੋਰੰਜਨਕ ਖੇਡਾਂ ਦਾ ਆਯੋਜਨ ਕੀਤਾ ਗਿਆ।ਇਹਨਾਂ ਖੇਡਾਂ ਦਾ ਮੁੱਖ ਉਦੇਸ਼ ਸਟਾਫ ਮੈਂਬਰਾਂ ਦੇ ਸ਼ਾਰੀਰਕ ਤੇ ਮਾਨਸਿਕ ਵਿਕਾਸ ਨੂੰ ਉਤਸਾਹਿਤ ਕਰਨਾ ਸੀ।ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਅਤੇ ਸਟਾਫ ਮੈਂਬਰਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਖੇਡਾਂ ਦਾ ਪੂਰੀ ਤਰ੍ਹਾਂ ਆਨੰਦ ਮਾਣਿਆ।ਪ੍ਰਿੰਸੀਪਲ ਡਾ ਜਗਰੂਪ ਸਿੰਘ ਨੇ ਇਸ ਮੌਕੇ ਸਮੁੱਚੇ ਸਟਾਫ ਅਤੇ ਸਪੋਰਟਸ ਟੀਮ ਨੂੰ ਵਧਾਈ ਦਿੱਤੀ।ਉਹਨਾਂ ਸਟਾਫ ਨੂੰ ਪ੍ਰੇਰਿਤ ਕੀਤਾ ਕਿ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਨਾਲ ਵੱਧ ਤੋਂ ਵੱਧ ਜੋੜਿਆ ਜਾਵੇ।ਮੇਜ 'ਤੇ ਪਏ ਗਿਲਾਸਾਂ ਨੂੰ ਦੂਰੋਂ ਖਿਦੋ ਨਾਲ ਢੁੰਡਣ ਵਾਲੀ ਇਸ ਅਲੌਕਿਕ ਖੇਡ ਦੀ ਪੁਰਸ਼ ਸਟਾਫ ਸ਼੍ਰੇਣੀ ਵਿੱਚ ਹਨੀਸ਼ ਕੁਮਾਰ (ਸੀ ਐਸ ਈ) ਨੇ ਪਹਿਲਾ ਸਥਾਨ ਹਾਸਲ ਕੀਤਾ, ਜਦੋਂਕਿ ਇੰਦਰਜੀਤ ਸਿੰਘ (ਵਰਕਸ਼ਾਪ) ਦੂਜੇ ਸਥਾਨ 'ਤੇ ਰਹੇ। ਮਹਿਲਾ ਸਟਾਫ ਸ਼੍ਰੇਣੀ ਵਿੱਚ ਮੈਡਮ ਪ੍ਰੀਆ (ਸੀ ਐਸ ਈ) ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਮੈਡਮ ਪ੍ਰੀਤ ਕੰਵਲ (ਇਲੈਕਟ੍ਰਾਨਿਕਸ) ਦੂਜੇ ਸਥਾਨ 'ਤੇ ਰਹੀ। ਸਮਾਗਮ ਦੌਰਾਨ ਪ੍ਰਿੰਸੀਪਲ ਵਲੋਂ ਜੇਤੂਆਂ ਨੂੰ ਇਨਾਮ ਵੀ ਵੰਡੇ ਗਏ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਖ਼ਾਸ ਤੌਰ 'ਤੇ ਖੇਡ ਪ੍ਰਧਾਨ ਵਿਕਰਮਜੀਤ ਸਿੰਘ ਸੰਘੋਤਰਾ , ਗਗਨਦੀਪ ਅਤੇ ਉਨ੍ਹਾਂ ਦੀ ਟੀਮ ਦੀ ਸਰਾਹਨਾ ਕੀਤੀ। ਇਸ ਮੌਕੇ ਸਾਰੇ ਵਿਭਾਗ ਮੁਖੀ ਅਤੇ ਸਟਾਫ ਮੈਂਬਰ ਵੀ ਹਾਜ਼ਰ ਰਹੇ।



## ਦਲਜੀਤ ਕੌਰ ਤੇ ਸੰਤ ਪਵਨ ਕੁਮਾਰ ਨੇ ਪਿੰਡ ਵਾਸੀਆਂ ਦੀ ਲਈ ਸਾਰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਪਿਛਲੇ ਦਿਨਾਂ ਤੋਂ ਪੰਜਾਬ ਵਿੱਚ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਵੱਖ ਵੱਖ ਪਿੰਡਾਂ ਦੇ ਲੋਕ ਪ੍ਰਭਾਵਿਤ ਹੋ ਰਹੇ ਹਨ।ਪਿੰਡ ਤਾਜੇਵਾਲ ਦੀ ਸਰਪੰਚ ਸ੍ਰੀਮਤੀ ਦਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਸੰਤ ਪਵਨ ਕੁਮਾਰ ਤਾਜੇਵਾਲ ਨੇ ਪੰਚਾਇਤ ਮੈਂਬਰਾਂ ਨੂੰ ਨਾਲ ਲੈ ਕੇ ਘਰ- ਘਰ ਜਾ ਕੇ ਪਿੰਡ ਵਾਸੀਆਂ ਦਾ ਹਾਲ ਚਾਲ ਪੁੱਛਿਆ। ਗੱਲਬਾਤ ਕਰਦਿਆਂ ਸਰਪੰਚ ਸ੍ਰੀਮਤੀ ਦਲਜੀਤ ਕੌਰ ਅਤੇ ਸੰਤ ਪਵਨ ਕੁਮਾਰ ਤਾਜੇਵਾਲ ਨੇ ਕਿਹਾ ਕਿ ਪਿਛਲੇ ਦਿਨਾਂ ਤੋਂ ਹੋ ਰਹੀ ਬਾਰਿਸ਼ ਕਾਰਨ ਬਾਲਿਆਂ ਵਾਲੇ ਮਕਾਨਾਂ ਅਤੇ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ।ਮਜ਼ਦੂਰਾਂ ਦੇ ਹਾਲਾਤ ਖਰਾਬ ਹੋਏ ਹਨ।ਪਿੰਡ ਵਿੱਚ ਜਿਨਾਂ ਲੋਕਾਂ ਦੇ ਕੱਚੇ ਮਕਾਨ ਹਨ ਉਹ ਚੋਅ ਰਹੇ ਹਨ।ਜਿਸ ਕਾਰਨ ਲੋਕਾਂ ਦਾ ਘਰੇਲੂ ਸਮਾਨ ਖਰਾਬ ਹੋ ਰਿਹਾ ਹੈ।ਸਥਿਤੀ ਬੜੀ ਨਾਜ਼ੁਕ ਬਣੀ ਹੋਈ ਹੈ ਗਰੀਬ ਪਰਵਾਰਾਂ ਦਾ ਕਾਫੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਹ ਆਪਣੇ ਪਿੰਡ ਦੇ ਮੌਜੂਦਾ ਹਾਲਾਤਾਂ ਤੋਂ ਜਾਣੂੰ ਕਰਵਾਉਣ ਲਈ ਐਮ ਪੀ ਡਾਕਟਰ ਰਾਜ ਕੁਮਾਰ ਚੱਬੇਵਾਲ ਅਤੇ ਹਲਕਾ ਵਿਧਾਇਕ ਡਾਕਟਰ ਇਸ਼ਾਕ ਕੁਮਾਰ ਨੂੰ ਮਿਲੇ ਹਨ ਅਤੇ ਪਿੰਡ ਦੀ ਮੌਜੂਦਾ ਸਥਿਤੀ ਬਾਰੇ ਉਹਨਾਂ ਨੂੰ ਵਿਸਥਾਰ ਪੂਰਵਕ ਦੱਸਿਆ ਹੈ।ਸਰਪੰਚ ਸ਼੍ਰੀਮਤੀ ਦਲਜੀਤ ਕੌਰ ਅਤੇ ਸੰਤ ਪਵਨ ਕੁਮਾਰ ਤਾਜੇਵਾਲ ਨੇ ਦੱਸਿਆ ਕਿ ਮੈਂਬਰ ਪਾਰਲੀਮੈਂਟ ਡਾਕਟਰ ਰਾਜ ਕੁਮਾਰ ਚੱਬੇਵਾਲ ਅਤੇ ਐਮ.ਐਲ.ਏ. ਡਾਕਟਰ ਇਸ਼ਾਕ ਕੁਮਾਰ ਨੇ ਉਹਨਾਂ ਨੂੰ ਭਰੋਸਾ ਦਿੱਤਾ ਹੈ ਕਿ ਜਿਹੜੇ ਵੀ ਪਰਵਾਰ ਬਾਰਿਸ਼ਾਂ ਦੇ ਪਾਣੀ ਕਾਰਨ ਪ੍ਰਭਾਵਿਤ ਹੋ ਰਹੇ ਹਨ।ਉਹਨਾਂ ਦੀ ਹਰ ਹਾਲ ਵਿੱਚ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਬਲਜੀਤ ਕੌਰ ਪੰਚ, ਸੋਹਣ ਸਿੰਘ ਪੰਚ, ਆਸ਼ਾ ਵਰਕਰ ਸੰਦੇਸ਼ ਰਾਣੀ, ਸੁਰਜੀਤ ਲਾਲ, ਕਰਮ ਚੰਦ, ਵਿਜੇ ਕੁਮਾਰ, ਜਸਵੰਤ ਰਾਮ, ਜੋਗਿੰਦਰ ਰਾਮ, ਜਸਵਿੰਦਰ ਕੌਰ, ਬਲਵੀਰ ਸਿੰਘ, ਕੁਲਜੀਤ ਸਿੰਘ, ਸੀਮਾ ਰਾਣੀ ਸਮੇਤ ਪਿੰਡ ਨਿਵਾਸੀ ਹਾਜ਼ਰ ਸਨ।



## ਡੀ ਸੀ ਕੋਮਲ ਮਿੱਤਲ ਨੇ ਮੀਂਹ ਦੇ ਪਾਣੀ ਦੀ ਨਿਕਾਸੀ ਦਾ ਜਾਇਜ਼ਾ ਲਿਆ

**ਐਸ ਏ ਐਸ ਨਗਰ (ਕ੍ਰਿਸ਼ਨ ਗਰਗ)-** ਘੱਗਰ ਦੇ ਵਿੱਚ ਪਾਣੀ ਦਾ ਵਹਾਅ ਜ਼ਿਆਦਾ ਹੋਣ ਕਾਰਨ ਪ੍ਰਭਾਵਿਤ ਹੋਏ ਪਿੰਡ ਖਜੂਰ ਮੰਡੀ ਦਾ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੌਰਾ ਕੀਤਾ। ਉਨ੍ਹਾਂ ਨੇ ਇਸ ਸੰਕਟ ਦੀ ਘੜੀ ਦੌਰਾਨ ਪਿੰਡ ਵਾਸੀਆਂ ਨੂੰ ਹਰ ਜ਼ਰੂਰੀ ਸਹਾਇਤਾ ਦਾ ਭਰੋਸਾ ਦਿੱਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਭਾਵਿਤ ਵਸਨੀਕਾਂ ਨੂੰ ਡਾਕਟਰੀ ਸਹਾਇਤਾ, ਪਸ਼ੂ ਪਾਲਣ ਟੀਮਾਂ, ਸੁੱਕਾ ਰਾਸ਼ਨ ਅਤੇ ਪਸ਼ੂਆਂ ਲਈ ਚਾਰਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਆਫ਼ਤ ਪ੍ਰਬੰਧਨ ਨਿਯਮਾਂ ਅਧੀਨ ਆਉਣ ਵਾਲੇ ਫਸਲਾਂ ਅਤੇ ਹੋਰ ਨੁਕਸਾਨ ਦੀ ਢੁਕਵੀਂ ਭਰਪਾਈ ਕੀਤੀ ਜਾਵੇਗੀ, ਜਿਸ ਲਈ ਮਾਲ ਪਟਵਾਰੀ ਨੂੰ ਤੁਰੰਤ ਮੁਲਾਂਕਣ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਮੈਡੀਕਲ ਕੈਂਪ, ਰਾਸ਼ਨ ਵੰਡ ਸਥਾਨਾਂ ਅਤੇ ਪ੍ਰਭਾਵਿਤ ਪਿੰਡ ਵਾਸੀਆਂ ਦੇ ਘਰਾਂ ਦੇ ਦੌਰੇ ਦੌਰਾਨ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਭਾਈਚਾਰੇ ਦੀਆਂ ਖਾਸ ਜ਼ਰੂਰਤਾਂ ਅਨੁਸਾਰ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਬਾਅਦ ਵਿੱਚ, ਡਿਪਟੀ ਕਮਿਸ਼ਨਰ ਨੇ ਪਿੰਡ ਝਰਮੜੀ ਨੇੜੇ ਅੰਬਾਲਾ-ਚੰਡੀਗੜ੍ਹ ਰਾਸ਼ਟਰੀ ਰਾਜਮਾਰਗ ਅਧੀਨ ਪੁੱਲ ਹੇਠੋਂ ਨਿਕਾਸੀ ਨਾ ਹੋਣ ਕਾਰਨ ਪਾਣੀ ਖੜ੍ਹਨ ਅਤੇ ਨਿਕਾਸੀ ਦੇ ਮੁੱਦੇ ਦਾ ਜਾਇਜ਼ਾ ਲਿਆ। ਨੈਸ਼ਨਲ ਹਾਈਵੇਅ ਅਥਾਰਟੀ ਨੂੰ ਡਰੇਨ ਵਿੱਚ ਰੁਕਾਵਟ ਨੂੰ ਤੁਰੰਤ ਦੂਰ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਸਨ।

## ਅੱਜ ਦੀ ਭੁੱਖ ਹੜਤਾਲ ਮੁਲਤਵੀ

**ਜਲੰਧਰ (ਰਾਜੇਸ਼ ਥਾਪਾ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਸਾਂਝੇ ਤੌਰ 'ਤੇ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਜਿਲ੍ਹਾ ਹੈੱਡ ਕੁਆਰਟਰਾਂ ਉੱਪਰ ਇੱਕ ਰੋਜ਼ਾ ਭੁੱਖ ਹੜਤਾਲ ਦਾ ਪ੍ਰੋਗਰਾਮ ਦਿੱਤਾ ਗਿਆ ਸੀ, ਕਿਉਕਿ ਪੰਜਾਬ ਇਸ ਸਮੇਂ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਜਿਸ ਕਾਰਨ ਹਾਲਾਤ ਸੁਖਾਵੇਂ ਨਹੀਂ ਹਨ।ਇਸ ਤੋਂ ਇਲਾਵਾ ਪ੍ਰਸ਼ਾਸ਼ਨ ਵੱਲੋਂ ਬਹੁਤ ਸਾਰੇ ਮੁਲਾਜ਼ਮਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਹਨ। ਇਸ ਕਰਕੇ ਇਹਨਾਂ ਸਾਰੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਜਿਲ੍ਹਾ ਹੈੱਡ ਕੁਆਰਟਰਾਂ ਉੱਪਰ ਇੱਕ ਰੋਜ਼ਾ ਭੁੱਖ ਹੜਤਾਲ ਦਾ ਪ੍ਰੋਗਰਾਮ ਮੁਲਤਵੀ ਕਰਕੇ 1 ਅਕਤੂਬਰ ਨੂੰ ਕੀਤਾ ਜਾਂਦਾ ਹੈ।ਇਸ ਬਾਰੇ ਪ੍ਰੈੱਸ ਨੂੰ ਜਾਣਕਾਰੀ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਕਨਵੀਨਰ ਵੇਦ ਰਾਜ ਨੇ ਅਤੇ ਕੋ ਕਨਵੀਨਰ ਦਿਲਬਾਗ ਸਿੰਘ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਦੀ ਮੰਗ ਦੀ ਲੜਾਈ ਤਾਂ ਅਸੀ ਪਿਛਲੇ ਲੰਮੇ ਸਮੇਂ ਤੋਂ ਲੜ ਰਹੇ ਹਾਂ, ਪਰ ਹੁਣ ਸਾਡਾ ਇਖਲਾਕੀ ਫ਼ਰਜ਼ ਬਣਦਾ ਹੈ ਕਿ ਅਸੀਂ ਕੁਦਰਤੀ ਆਫ਼ਤ ਨਾਲ਼ ਪੈਦਾ ਹੋਏ ਮਾਰੇ ਹਾਲਾਤਾਂ ਨਾਲ਼ ਲੜੀਏ ਤੇ ਇਸ ਕੁਦਰਤੀ ਮਾਰ ਹੇਠ ਆਏ ਆਪਣੇ ਲੋਕਾਂ ਨਾਲ ਤਨ ਮਨ ਧੰਨ ਨਾਲ ਖੜੀਏ ਤੇ ਮੌਜੂਦਾ ਹਾਲਾਤਾਂ ਦਾ ਇੱਕਜੁਟ ਹੋ ਕੇ ਮੁਕਾਬਲਾ ਕਰੀਏ ।

## 'ਤੇਰਾ ਆਸਰਾ ਸੇਵਾ ਘਰ' ਦੇ 24 ਲੋਕਾਂ ਨੇ ਨੇਤਰਦਾਨ ਪ੍ਰਣ ਪੱਤਰ ਭਰੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਨੇਤਰਦਾਨ ਜਾਗਰੂਕਤਾ ਕੈਂਪ ਦਾ ਆਯੋਜਨ 'ਤੇਰਾ ਆਸਰਾ ਸੇਵਾ ਘਰ' ਵਿੱਚ ਕੀਤਾ ਗਿਆ।ਜਿਸ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਰਿਟਾ. ਪ੍ਰਿੰਸੀਪਲ ਸਰਕਾਰੀ ਕਾਲਜ ਹੁਸ਼ਿਆਰਪੁਰ ਐਨ ਡੀ ਭਾਟੀਆ ਹਾਜ਼ਰ ਸਨ।ਇਸ ਮੌਕੇ ਸੰਜੀਵ ਅਰੋੜਾ ਨੇ ਹਾਜ਼ਰੀਨ ਨੂੰ ਦੱਸਿਆ ਕਿ ਤੇਰਾ ਆਸਰਾ ਸੇਵਾ ਘਰ ਵਿੱਚ ਰਹਿ ਰਹੇ 24 ਲੋਕ—ਸੁਰਿੰਦਰ ਸਿੰਘ, ਰੱਜੋ, ਗੁਰਮੇਲ ਸਿੰਘ, ਮੋਹਨ ਲਾਲ, ਨਿਰਮਲ ਸਿੰਘ, ਫੂਲਾ ਦੇਵੀ, ਜਗਿੰਦਰ ਪਾਲ, ਤੀਰਥ ਸਿੰਘ, ਖੁਸ਼ੀ, ਅਵਤਾਰ ਸਿੰਘ, ਜਸਵੀਰ ਕੌਰ, ਰਾਜੂ, ਭੂਪਿੰਦਰ, ਕੁਲਦੀਪ ਸਿੰਘ, ਰਾਮਕਿਸ਼ਨ, ਬੌਬਨ, ਜੌਨੀ, ਨੇਹਾ, ਬਲਬੀਰ ਸਿੰਘ, ਧਰਮਪਾਲ, ਮੰਨਤ, ਮੋਨਿਕਾ ਅਤੇ ਸੁਮਨ ਨੇ ਤੇਰਾ ਆਸਰਾ ਸੇਵਾ ਘਰ ਦੀ ਮੁੱਖ ਸੰਚਾਲਿਕਾ ਰਜਿੰਦਰ ਕੌਰ ਦੀ ਅਗਵਾਈ ਵਿੱਚ ਨੇਤਰਦਾਨ ਦੇ ਪ੍ਰਣ ਪੱਤਰ ਭਰੇ।ਇਸ ਉਪਰੰਤ ਉਨ੍ਹਾਂ ਨੇ ਕਿਹਾ ਕਿ ਅੱਜ ਸਾਨੂੰ ਬਹੁਤ ਖੁਸ਼ੀ ਦਾ ਅਨੁਭਵ ਹੋ ਰਿਹਾ ਹੈ ਕਿ ਸਾਡੀਆਂ ਅੱਖਾਂ ਮਰਨ ਉਪਰੰਤ ਵੀ ਜੀਵਿਤ ਰਹਿਣਗੀਆਂ।ਸੰਚਾਲਿਕਾ ਰਜਿੰਦਰ ਕੌਰ ਜੋ ਦਿਨ ਰਾਤ ਸਾਡੀ ਸੇਵਾ ਕਰ ਰਹੀ ਹੈ ਪਰਮਾਤਮਾ ਉਹਨਾਂ ਨੂੰ ਚੜ੍ਹਦੀ ਕਲਾ ਵਿੱਚ ਰੱਖੇ। ਇਸ ਮੌਕੇ ਵਿਸ਼ੇਸ਼ ਮਹਿਮਾਨ ਸ਼੍ਰੀ ਐਨ.ਡੀ. ਭਾਟੀਆ ਨੇ ਰੋਟਰੀ ਆਈ ਬੈਂਕ ਅਤੇ ਤੇਰਾ ਆਸਰਾ ਸੇਵਾ ਘਰ ਦੀ ਸਰਾਹਨਾ ਕਰਦਿਆਂ ਕਿਹਾ ਕਿ ਅੱਜ ਜੋ 24 ਲੋਕਾਂ ਦੁਆਰਾ ਨੇਤਰਦਾਨ ਦੇ ਪ੍ਰਣ ਪੱਤਰ ਭਰੇ ਗਏ ਹਨ ਉਹ ਕਾਬਲੇ ਤਾਰੀਫ਼ ਹਨ।ਇਸ ਮੌਕੇ ਪ੍ਰਿੰਸੀਪਲ ਐਨ.ਡੀ. ਭਾਟੀਆ ਨੇ ਤੇਰਾ ਆਸਰਾ ਸੇਵਾ ਘਰ ਲਈ 5100 ਰੁ. ਦੀ ਅਨੁਦਾਨ ਰਕਮ ਵੀ ਭੇਟ ਕੀਤੀ।




## ਕੱਚੇ ਮਕਾਨਾਂ ਦੇ ਮਾਲਕਾਂ ਨੂੰ ਤਰਪਾਲਾਂ ਦਿੱਤੀਆਂ



**ਫਿਲੌਰ (ਨਿਰਮਲ)-** ਰਾਮਗੜ੍ਹ ਦੇ ਵਸਨੀਕ ਨੀਲੇ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਫਿਲੌਰ ਨੇੜੇ ਬਾਬਾ ਇਨਾਇਤ ਬਲੀ ਦੇ ਦਰਬਾਰ ਤੇ ਪਿੰਡ ਦੀ ਪੰਚਾਇਤ ਅਤੇ ਐਨ ਆਰ ਆਈ ਵੱਲੋਂ ਪਿੰਡ ਦੇ ਕੱਚੇ ਮਕਾਨਾ ਦੀਆਂ ਮੀਂਹ ਕਾਰਨ ਚੋਂਦੀਆਂ ਛੱਤਾਂ ਲਈ ਪਲਾਸਟਿਕ ਦੀਆਂ ਤਰਪਾਲਾਂ ਮੁਫਤ ਵੰਡੀਆਂ ਤਾਂ ਜੋ ਕੱਚੇ ਮਕਾਨਾਂ ਨੂੰ ਢਹਿ ਢੇਰੀ ਹੋਣ ਤੋਂ ਬਚਾਇਆ ਜਾ ਸਕੇ ਇਸ ਮੌਕੇ ਤੇ ਸਰਬਜੀਤ ਸਾਬਕਾ ਸਰਪੰਚ, ਪੰਚ ਸੂਰਜ, ਬਾਬਾ ਸੋਮਾ, ਰਿੰਕੂ ਪੰਚ, ਨਿਕੂ ਆਦੀ ਹਾਜ਼ਰ ਸਨ।

## ਹੜ੍ਹਾਂ ਕਾਰਨ ਅੱਜ ਦੀ ਭੁੱਖ ਹੜਤਾਲ ਮੁਲਤਵੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਸਾਂਝੇ ਤੌਰ 'ਤੇ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਜਿਲ੍ਹਾ ਹੈੱਡ ਕੁਆਰਟਰਾਂ ਉੱਪਰ ਇੱਕ ਰੋਜ਼ਾ ਭੁੱਖ ਹੜਤਾਲ ਦਾ ਪ੍ਰੋਗਰਾਮ ਦਿੱਤਾ ਗਿਆ ਸੀ, ਕਿਉਕਿ ਪੰਜਾਬ ਇਸ ਸਮੇਂ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਜਿਸ ਕਾਰਨ ਹਾਲਾਤ ਸੁਖਾਵੇਂ ਨਹੀਂ ਹਨ।ਇਸ ਤੋਂ ਇਲਾਵਾ ਪ੍ਰਸ਼ਾਸ਼ਨ ਵੱਲੋਂ ਬਹੁਤ ਸਾਰੇ ਮੁਲਾਜ਼ਮਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਹਨ, ਇਸ ਕਰਕੇ ਇਹਨਾਂ ਸਾਰੇ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਜਿਲ੍ਹਾ ਹੈੱਡ ਕੁਆਰਟਰਾਂ ਉੱਪਰ ਇੱਕ ਰੋਜ਼ਾ ਭੁੱਖ ਹੜਤਾਲ ਦਾ ਪ੍ਰੋਗਰਾਮ ਮੁਲਤਵੀ ਕਰਕੇ 1 ਅਕਤੂਬਰ ਨੂੰ ਕੀਤਾ ਜਾਂਦਾ ਹੈ।ਇਸ ਬਾਰੇ ਪ੍ਰੈੱਸ ਨੂੰ ਸਾਂਝੇ ਰੂਪ ਵਿੱਚ ਜਾਣਕਾਰੀ ਦਿੰਦਿਆਂ ਸੀ ਪੀ ਐਫ ਕਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ ਦੀ ਮੰਗ ਦੀ ਲੜਾਈ ਤਾਂ ਅਸੀ ਪਿਛਲੇ ਲੰਮੇ ਸਮੇਂ ਤੋਂ ਲੜ੍ਹ ਰਹੇ ਹਾਂ, ਪਰ ਹੁਣ ਸਾਡਾ ਇਖਲਾਕੀ ਫ਼ਰਜ਼ ਬਣਦਾ ਹੈ ਕਿ ਅਸੀਂ ਕੁਦਰਤੀ ਆਫ਼ਤ ਨਾਲ਼ ਪੈਦਾ ਹੋਏ ਮਾੜੇ ਹਾਲਾਤਾਂ ਨਾਲ਼ ਲੜੀਏ ਤੇ ਇਸ ਕੁਦਰਤੀ ਮਾਰ ਹੇਠ ਆਏ ਆਪਣੇ ਲੋਕਾਂ ਨਾਲ ਤਨ ਮਨ ਧੰਨ ਨਾਲ ਖੜੀਏ ਤੇ ਮੌਜੂਦਾ ਹਾਲਾਤਾਂ ਦਾ ਇੱਕਜੁਟ ਹੋ ਕੇ ਮੁਕਾਬਲਾ ਕਰੀਏ।



## ਰੋਟਰੀ ਕਲੱਬ ਮਿਡਟਾਊਨ 'ਚ ਨਵੇਂ ਪ੍ਰਧਾਨ ਦਾ ਇੰਸਟਾਲੇਸ਼ਨ ਸਮਾਗਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰੋਟਰੀ ਕਲੱਬ ਹੁਸ਼ਿਆਰਪੁਰ ਮਿਡਟਾਊਨ ਵੱਲੋਂ ਸਾਲ 2025-26 ਲਈ ਨਵੇਂ ਪ੍ਰਧਾਨ ਰੋਟੇਰੀਅਨ ਅਵਤਾਰ ਸਿੰਘ ਦਾ ਇੰਸਟਾਲੇਸ਼ਨ ਸਮਾਗਮ ਵੱਡੇ ਉਤਸ਼ਾਹ ਅਤੇ ਗਰਿਮਾ ਨਾਲ ਆਯੋਜਿਤ ਕੀਤਾ ਗਿਆ।ਇਸ ਮੌਕੇ ਕਲੱਬ ਚਾਰਟਰ ਪ੍ਰਧਾਨ ਰੋਟੇਰੀਅਨ ਡੀ.ਪੀ. ਕਾਠੂਰੀਆ ਨੇ ਇੰਸਟਾਲੇਸ਼ਨ ਅਫ਼ਸਰ ਵਜੋਂ ਜ਼ਿੰਮੇਵਾਰੀ ਨਿਭਾਈ ਅਤੇ ਰਸਮੀ ਤੌਰ 'ਤੇ ਰੋਟੇਰੀਅਨ ਅਵਤਾਰ ਸਿੰਘ ਨੂੰ ਕਾਲਰ ਪਹਿਨਾ ਕੇ ਪ੍ਰਧਾਨ ਦੇ ਅਹੁਦੇ 'ਤੇ ਬਿਠਾਇਆ। ਸਮਾਗਮ ਦੌਰਾਨ ਰੋਟੇਰੀਅਨ ਇੰਦਰਪਾਲ ਸਿੰਘ ਸਚਦੇਵਾ ਨੂੰ ਕਲੱਬ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਉਨ੍ਹਾਂ ਨੂੰ ਲੈਪਲ ਪਿਨ ਪਹਿਨਾ ਕੇ ਕਾਰਜਭਾਰ ਸੰਭਾਲਾਇਆ ਗਿਆ।ਨਵੇਂ ਪ੍ਰਧਾਨ ਅਵਤਾਰ ਸਿੰਘ ਨੇ ਆਪਣੀ ਟੀਮ ਦੀ ਜਾਣ ਪਛਾਣ ਕਰਵਾਉਂਦਿਆਂ ਕਿਹਾ ਕਿ ਕਲੱਬ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹ ਉਸ ਨੂੰ ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਪੂਰੀ ਨਿਸ਼ਠਾ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਪ੍ਰਧਾਨ ਰੋਟੇਰੀਅਨ ਅਵਤਾਰ ਸਿੰਘ ਨੇ ਆਉਣ ਵਾਲੇ ਸਾਲ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਕਲੱਬ ਸਕੱਤਰ ਇੰਦਰਪਾਲ ਸਿੰਘ ਸਚਦੇਵਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਆਉਣ ਵਾਲੇ ਸਾਲ ਵਿੱਚ ਵਾਤਾਵਰਣ ਸੰਰਕਸ਼ਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਸਮਾਗਮ ਵਿੱਚ ਡੀ.ਪੀ. ਕਾਠੂਰੀਆ, ਪਰਵੀਨ ਪਲਿਆਲ, ਜਗਮੀਤ ਸਿੰਘ ਸੇਠੀ, ਸਤੀਸ਼ ਗੁਪਤਾ, ਐਲ.ਐਨ. ਵਰਮਾ, ਐਚ.ਐਸ. ਓਬਰੌਏ, ਵਿੰਦਰ ਸਿੰਘ, ਏ.ਐਸ. ਅਨੇਜਾ, ਵਿਕਰਮ ਸ਼ਰਮਾ, ਮਨੋਜ ਓਹਰੀ, ਸੰਦੀਪ ਸ਼ਰਮਾ, ਜਤਿੰਦਰ ਕੁਮਾਰ, ਜਸਵੰਤ ਸਿੰਘ ਭੋਗਲ, ਕੁਲਜੀਤ ਸਿੰਘ, ਰਜਨੀਸ਼ ਕੁਮਾਰ ਗੁਲਿਆਨੀ ਅਤੇ ਪਰਵੀਨ ਪੱਬੀ ਸਮੇਤ ਵੱਡੀ ਗਿਣਤੀ ਵਿੱਚ ਰੋਟੇਰੀਅਨ ਮੈਂਬਰ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਹਾਜ਼ਰ ਮੈਂਬਰਾਂ ਨੇ ਨਵੇਂ ਪ੍ਰਧਾਨ ਅਤੇ ਉਨ੍ਹਾਂ ਦੀ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਰੋਸਾ ਜਤਾਇਆ ਕਿ ਉਨ੍ਹਾਂ ਦੀ ਅਗਵਾਈ ਹੇਠ ਕਲੱਬ ਸਮਾਜ ਸੇਵਾ ਦੀ ਦਿਸ਼ਾ ਵਿੱਚ ਨਵੀਂ ਮਿਸਾਲ ਕਾਇਮ ਕਰੇਗਾ।





## ਹੜ੍ਹ ਪੀੜਤਾਂ ਦੀ ਮਦਦ ਲਈ ਸਮੱਗਰੀ ਵਾਲਾ ਟਰੱਕ ਰਵਾਨਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਦੇ ਬਹੁ ਗਿਣਤੀ ਜ਼ਿਲ੍ਹੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਉੱਥੇ ਸਰਕਾਰ, ਪ੍ਰਸ਼ਾਸਨ ਅਤੇ ਵੱਖ-ਵੱਖ ਸਮਾਜ ਸੇਵੀਆਂ ਵੱਲੋਂ ਵੀ ਹੜ੍ਹ ਪੀੜਤਾਂ ਦੀ ਮਦਦ ਦੇ ਕਾਰਜ ਲਗਾਤਾਰ ਜਾਰੀ ਹਨ।ਇਸੇ ਲੜੀ ਤਹਿਤ ਹੜ੍ਹ ਪੀੜਤਾਂ ਦੀ ਮਦਦ ਲਈ ਬਲਾਚੌਰ ਸ਼ਹਿਰ ਤੋਂ ਵੀ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਦੀ ਹਾਜ਼ਰੀ ਦੌਰਾਨ ਹੜ੍ਹ ਪੀੜਤਾਂ ਦੀ ਮਦਦ ਲਈ ਸਮੱਗਰੀ ਵਾਲਾ ਟਰੱਕ ਰਵਾਨਾ ਕੀਤਾ ਗਿਆ।ਡਾਕਟਰ ਭੁਪਿੰਦਰਜੀਤ ਸੂਰੀ ਨੇ ਕਿਹਾ ਕਿ ਅਜਿਹੇ ਹਾਲਾਤਾਂ ਵਿੱਚ ਸਮੁੱਚੀਆਂ ਸਮਾਜ ਸੇਵੀ ਸੰਸਥਾਵਾਂ, ਐਨ ਆਰ ਆਈ ਵੀਰਾਂ ਅਤੇ ਹੋਰ ਜਿਹੜੇ ਵੀ ਕਾਰੋਬਾਰੀ ਸਹਾਇਤਾ ਕਰਨ ਦੇ ਸਮਰੱਥ ਹਨ ਉਨ੍ਹਾਂ ਨੂੰ ਹੜ੍ਹ ਪੀੜਤਾਂ ਦੀ ਬਾਂਹ ਫੜਨ ਵਿੱਚ ਪਹਿਲ ਕਦਮੀ ਕਰਨੀ ਚਾਹੀਦੀ ਹੈ। ਇਸ ਮੌਕੇ ਪੰਮਾ ਭਾਟੀਆ ਐਮ ਸੀ, ਹਰਨੇਕ ਸਿੰਘ ਸਤਬੀਰ ਸਿੰਘ ਫੌਜੀ ਮਹਿੰਦੀਪੁਰ, ਹਰਜਿੰਦਰ ਸਿੰਘ ਮੰਢਿਆਣੀ, ਸੁਰਜੀਤ ਸਿੰਘ ਮਾਨ ਪਨਿਆਲੀ ਕਲਾਂ, ਗੁਰਪ੍ਰੀਤ ਸਿੰਘ ਮੰਡੇਰਾਂ, ਜੱਸਾ ਫੌਜੀ ਗਹੂੰਣ, ਸੁੱਜੋਵਾਲ, ਜਮੀਤਗੜ੍ਹ ਭੱਲਾ ਤੇ ਇਲਾਕੇ ਦੇ ਸਮਾਜ ਸੇਵੀ ਨੌਜਵਾਨ ਹਾਜ਼ਰ ਸਨ।

## ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦਾ ਵਿੱਦਿਅਕ ਸੈਸ਼ਨ 2025-26 ਆਰੰਭ

**ਬੰਗਾ (ਅਵਤਾਰ ਕਲੇਰ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਚੱਲ ਰਹੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦਾ ਸਾਲ 2025 ਦਾ ਵਿਦਿਅਕ ਸੈਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਆਰੰਭ ਹੋਇਆ। ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਦੇ ਭੋਗ ਪਾਏ ਗਏ, ਉਪਰੰਤ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਸਰਬੱਤ ਦੇ ਭਲੇ ਅਤੇ ਚੜ੍ਹਦੀਕਲਾ ਲਈ ਅਰਦਾਸ ਬੇਨਤੀ ਕੀਤੀ ਗਈ। ਸਜੇ ਦੀਵਾਨ ਵਿਚ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀ ਕੀਰਤਨੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ।ਕਾਲਜ ਦੇ ਪ੍ਰਿੰਸੀਪਲ ਰਮਨਦੀਪ ਕੌਰ ਨੇ ਕਾਲਜ ਦੇ ਨਵੇਂ ਸ਼ੈਸ਼ਨ ਦੀ ਆਰੰਭਤਾ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਉਹਨਾਂ ਕਿਹਾ ਕਿ ਕਾਲਜ ਵਿਚ ਆਧੁਨਿਕ ਤਰੀਕਿਆਂ ਨਾਲ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਇਸ ਮੌਕੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਆਪਣੇ ਭੇਜੇ ਸੰਦੇਸ਼ ਵਿਚ ਨਵੇਂ ਵਿਦਿਆਰਥੀਆਂ ਨੂੰ ਜੀ ਆਇਆ ਕਹਿੰਦੇ ਹੋਏ ਉਹਨਾਂ ਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਪੜ੍ਹਾਈ ਕਰਕੇ ਕਰਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਕਾਲਜ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਆ। ਗੁਰਮਤਿ ਸਮਾਗਮ ਵਿਚ ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਭਾਈ ਜੋਗਾ ਸਿੰਘ, ਮੈਡਮ ਸੁਖਮਿੰਦਰ ਕੌਰ ਊਬੀ, ਮੈਡਮ ਰਾਬੀਆ ਹਾਟਾ, ਮੈਡਮ ਵੰਦਨਾ ਬਸਰਾ, ਸਮੂਹ ਸਟਾਫ਼ ਅਤੇ ਕਾਲਜ ਵਿਦਿਆਰਥੀ ਹਾਜ਼ਰ ਸਨ।

